Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 26
October 4, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸੈਕਰਾਮੈਂਟੋ ਦੇ ਇੰਟਰਨੈਸ਼ਨਲ ਕਬੱਡੀ ਕੱਪ ਨੇ ਅਮਰੀਕਾ ’ਚ ਇਤਿਹਾਸ ਸਿਰਜਿਆ

ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)





Tod Sockman (Chief of Police: City of Galt, California) ਨੂੰ ਕਬੱਡੀ ਟੂਰਨਾਮੈਂਟ ਮੌਕੇ ਸਨਮਾਨਿਤ ਕਰਦੇ ਹੋਏ, (ਸੱਜੇ) ਕਬੱਡੀ ਕੱਪ ਦੀ ਵਿਜੇਤਾ ਟੀਮ ਦਾ ਸਨਮਾਨ ਹਾਸਲ ਕਰਦਾ ਹੋਇਆ ਖਿਡਾਰੀ। **(ਵਿਸਥਾਰਿਤ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ)** ***(ਕਬੱਡੀ ਕੱਪ ਦੀ ਰਿਪੋਰਟ ਅਤੇ ਹੋਰ ਤਸਵੀਰਾਂ ਦੇਖੋ ਸਫਾ 11 ਤੇ)***

## ਹਰ ਰੋਜ 90 ਅਮਰੀਕੀ ਮਰ ਰਹੇ ਨੇ ਗੋਲੀਆਂ ਕਾਰਨ

### ਗੋਲੀਬਾਰੀ ਦੀ ਘਟਨਾ ਦੇ ਦੋਸ਼ੀ ਸਟੀਫਨ ਪੈਡੌਕ ਦੇ ਘਰੋਂ ਮਿਲੇ ਹੋਰ ਹਥਿਆਰ



**ਵਾਸ਼ਿੰਗਟਨ (ਬਿਊਰੋ)–** ਲਾਸ ਵੈਗਸ ਵਿੱਚ ਬੀਤੇ ਦਿਨ ਵਾਪਰੀ ਅੰਨ੍ਹੇਵਾਹ ਗੋਲੀਬਾਰੀ ਦੀ ਭਿਆਨਕ ਘਟਨਾ ਪਿਛੋਂ ਮੁਲਕ ਵਿੱਚ ਬੰਦੂਕਾਂ ਉਤੇ ਕੰਟਰੋਲ (ਗੰਨ-ਕੰਟਰੋਲ) ਸਬੰਧੀ ਵਿਵਾਦਗ੍ਰਸਤ ਕਾਨੂੰਨ ’ਤੇ ਮੁੜ ਬਹਿਸ ਛਿੜ ਪਈ ਹੈ। ਮੁਲਕ ਵਿੱਚ ਹਥਿਆਰ ਰੱਖਣ ਉਤੇ ਬੰਦਸ਼ਾਂ ਲਗਾਏ ਜਾਣ ਦੀ ਮੰਗ ਜ਼ੋਰ ਫੜ ਗਈ ਹੈ, ਪਰ ਉਥੇ ਅਜਿਹੀ ਲਾਬੀ ਵੀ ਹੈ, ਜੋ ਕਿਸੇ ਤਰ੍ਹਾਂ ਦੇ ਗੰਨ-ਕੰਟਰੋਲ ਦਾ ਵਿਰੋਧ ਕਰਦੀ ਹੈ। ਇਸ ਦੌਰਾਨ ਆਸਟਰੇਲੀਆ ਨੇ ਅਮਰੀਕਾ ਨੂੰ ਗੰਨ-ਕੰਟਰੋਲ ਕਾਨੂੰਨ ਬਣਾਉਣ ਵਿੱਚ ਮਦਦ ਦੀ ਪੇਸ਼ਕਸ਼ ਕੀਤੀ ਹੈ। ਗੋਲੀਬਾਰੀ ਦੀਆਂ ਘਟਨਾਵਾਂ ਦਾ ਲੇਖਾ-ਜੋਖਾ ਰੱਖਣ ਵਾਲੀ ਸੰਸਥਾ 'ਗੰਨ ਵਾਇਲੈਂਸ ਆਰਕਾਈਵ’ ਮੁਤਾਬਕ ਅਮਰੀਕਾ ਵਿੱਚ ਇਕੱਲੇ 2017 ਦੌਰਾਨ ਹੀ ਅੰਨ੍ਹੇਵਾਹ ਗੋਲੀਬਾਰੀ ਦੀਆਂ 273 ਘਟਨਾਵਾਂ ਵਿੱਚ ਕਰੀਬ 12 ਹਜ਼ਾਰ ਜਾਨਾਂ ਜਾ ਚੁੱਕੀਆਂ ਹਨ। ਔਸਤਨ 90 ਅਮਰੀਕੀ ਰੋਜ਼ਾਨਾ ਫਾਇਰਿੰਗ ਕਾਰਨ ਮਰਦੇ ਹਨ। ਬੀਤੀ ਰਾਤ ਲਾਸ ਵੈਗਸ ਵਿੱਚ ਸੰਗੀਤਕ ਸਮਾਗਮ ਵਿੱਚ ਇਕੱਤਰ ਲੋਕਾਂ ਉਤੇ ਇਕ ਜਨੂੰਨੀ ਵੱਲੋਂ ਹੋਟਲ ਦੀ 32ਵੀਂ ਮੰਜ਼ਲ ਤੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਕਾਰਨ ਕਰੀਬ 60 ਜਣੇ ਮਾਰੇ ਗਏ ਤੇ 500 ਤੋਂ ਵੱਧ ਜ਼ਖ਼ਮੀ ਹੋਏ ਹਨ, ਪਰ ਉਸ ਨੇ ਅਜਿਹਾ ਕਿਉਂ ਕੀਤਾ, ਇਹ ਪਤਾ ਲਾਉਣ ਲਈ ਅੱਜ ਵੀ ਤਫ਼ਤੀਸ਼ਕਾਰ ਸਿਰਖਪਾਈ ਕਰਦੇ ਰਹੇ।

ਰਾਸ਼ਟਰਪਤੀ ਡੋਨਲਡ ਟਰੰਪ ਨੇ ਭਾਵੇਂ ਇਸ ਘਟਨਾ ਨੂੰ ‘ਸ਼ੈਤਾਨੀ ਕਾਰਾ’ ਕਰਾਰ ਦਿੱਤਾ ਹੈ, ਪਰ ਉਹ ਬਾਵਜੂਦ ਗੰਨ-ਕੰਟਰੋਲ ਦੇ ਹੱਕ ਵਿੱਚ ਕੁਝ ਨਹੀਂ ਬੋਲੇ, ਕਿਉਂਕਿ ਉਹ ਵੀ ਮੁਲਕ ਵਿੱਚ ਗੰਨ-ਕੰਟਰੋਲ ਦਾ ਵਿਰੋਧ ਕਰਨ ਵਾਲਿਆਂ ਵਿੱਚ ਮੋਹਰੀ ਹਨ। ਦੂਜੇ ਪਾਸੇ ਸੀਨੀਅਰ ਡੈਮੋਕ੍ਰੈਟਿਕ ਆਗੂ ਤੇ ਪ੍ਰਤੀਨਿਧ ਸਭਾ ਦੀ ਮੈਂਬਰ ਨੈਂਸੀ ਪੈਲੋਸੀ ਨੇ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਅਜਿਹੀ ਹਿੰਸਾ ਦੇ ਖ਼ਾਤਮੇ ਉਤੇ

**(ਬਾਕੀ ਸਫਾ 4 ‘ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

Best Payment Solutions
We Provide Free
ATM & Credit Card Machine
Call For More Info
Sam: (916) 289-0413,
Ranjeet Gill (916) 759-7141
We will beat any Rate
Tarsem Singh Sam
capitalcityatm@yahoo.com
Ranjeet Singh Gill
norcalatmusa@gmail.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Jasvinder Sandhu
ਸੈਕਰਾਮੈਂਟੋ, ਰੋਜ਼ਵਿਲ, ਰਾਕਲਿੱਨ, ਨਟੋਮਸ ਆਦਿ ਇਲਾਕਿਆਂ ਵਿਚ ਰਿਹਾਇਸੀ ਅਤੇ ਵਪਾਰਕ ਸੰਪਤੀਆਂ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ। ਅਸੀਂ ਲੋਨ ਰੀ-ਫਾਇਨਾਂਸ ਲਈ ਵੀ ਮਦਦ ਕਰ ਸਕਦੇ ਹਾਂ।
Realtor CalBRE #01959230
Home Smart Icare Realty
3300 Douglas Blvd., Suite 280
Roseville CA 95661
Cell : 916-770-9334
Jasvinder.sandhu@yahoo.com
Jasvinder Sandhu

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
2081 Arena Blvd # 100 Sacramento, CA 95834

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN 7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਲਾਸ ਵੇਗਾਸ 'ਚ ਮਿਊਜ਼ਿਕ ਫੈਸਟੀਵਲ 'ਚ ਫਾਇਰਿੰਗ, 58 ਦੇ ਕਰੀਬ ਲੋਕਾਂ ਦੀ ਮੌਤ 500 ਤੋਂ ਵੱਧ ਜ਼ਖ਼ਮੀ








**ਲਾਸ ਵੇਗਸ (ਨਿਵਾਡਾ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਲਾਸ ਵੇਗਸ ਕਤਲੇਆਮ ਵਿੱਚ ਹੁਣ ਤੱਕ 58 ਲੋਕਾਂ ਦੇ ਮਾਰੇ ਜਾਣ ਤੇ 500 ਤੋਂ ਵੱਧ ਲੋਕਾਂ ਦੇ ਜਖਮੀ ਹੋਣ ਦੀ ਖ਼ਬਰ ਨੇ ਸਭ ਨੂੰ ਸੁੰਨ ਚਾੜ ਦਿੱਤਾ ਹੈ। ਜਿਸ ਵਿਅਕਤੀ ਨੇ ਇਸ ਦਿੱਲ ਦਹਿਲਾਉਣ ਵਾਲੀ ਘਟਨਾਂ ਨੂੰ ਅੰਜ਼ਾਮ ਦਿੱਤਾ ਉਸਦੀ ਪਹਿਚਾਣ ਗੋਰੇ ਮੂਲ ਦੇ।

ਸਟਿਫਨ ਪਾਡੌਕ (Stephen Paddock) ਵਜੌਂ ਹੋਈ ਹੈ, ਇਸ ਦੀ ਉਮਰ 64 ਸਾਲ ਜਿਹੜਾ ਕਿ ਮਸਕੀਟ ਨਿਵਾਡਾ ਦਾ ਨਿਵਾਸੀ ਹੈ ਇਹ ਸ਼ਹਿਰ ਲਾਸ ਵੇਗਸ ਤੌਂ ਕਰੀਬ 80 ਮੀਲਾਂ ਦੂਰ ਹੈ। ਕਾਤਲ ਪਿਛਲੇ 4 ਦਿਨ ਤੋਂ ਵੇਗਸ ਦੇ ਮੰਡਾਲੇ ਬੇ ਰਿਸੋਰਟ ਦੇ 32ਵੇਂ ਫਲੋਰ ਤੇ ਠਹਿਰਿਆ ਹੋਇਆ ਸੀ ਤੇ ਹੇਠਾਂ ਸਟਰਿੱਪ ਏਰੀਏ ਵਿੱਚ ਸੰਗੀਤ ਫੈਸਟੀਵਲ ਹੋ ਰਿਹਾ ਸੀ ਜਿੱਥੇ ਲੰਘੀ ਰਾਤ 32ਵੀ ਫਲੋਰ ਤੌਂ ਮਸ਼ੀਨਗੰਨ ਨਾਲ ਅੰਨੇਵਾਹ ਫਾਇਰਿੰਗ ਕਰਕੇ ਅੱਧ ਸੈਂਕੜੇ ਤੋਂ ਵੱਧ ਲੋਕ ਮਾਰ ਮੁਕਾਏ ਤੇ ਅੱਧੇ ਹਜ਼ਾਰ ਤੋਂ ਵੱਧ ਜਖਮੀ ਕਰ ਦਿੱਤੇ। ਕਾਤਲ ਦੇ ਕਮਰੇ ਵਿੱਚੌਂ ਦਸ ਆਟੋਮੈਟਿੱਕ ਹਥਿਆਰ ਬਰਾਮਦ ਹੋਏ ਹਨ। ਕਾਤਲ ਦੀ ਲਾਸ਼ ਹੋਟਲ ਦੇ ਕਮਰੇ ਚੌਂ ਬਰਾਮਦ ਹੋਈ ਹੈ। ਇੱਥੇ ਸਲੂਟ ਹੈ ਲਾਸ ਵੇਗਸ ਪੁਲਿਸ ਤੇ ਰਾਹਤ ਕਰਮੀਆਂ ਨੂੰ ਜਿਨ੍ਹਾਂ ਨੇ ਵਰਦੀਆਂ ਗੋਲੀਆਂ ਵਿੱਚੋਂ ਫੈਂਸ ਤੋੜ ਤੋੜਕੇ ਸਟਰੈਚਰ ਬਣਾ ਬਣਾਕੇ ਜਖਮੀਆਂ ਨੂੰ ਹਸਪਤਾਲ ਪਹੁੰਚਾਇਆਂ। ਨਾਲ ਹੀ ਇੱਕ ਅਮਰੀਕਨ ਗੰਨ ਪਾਲਿਸੀ ਤੇ ਸਵਾਲੀਆ ਚਿੰਨ ਵੀ ਲਗਦਾ ਹੈ ਕਿ ਬਿਨਾਂ ਕਿਸੇ ਪੜਚੋਲ ਦੇ ਐਡੇ ਖ਼ਤਰਨਾਕ ਹਥਿਆਰ ਤੇ ਐਡੀ ਵੱਡੀ ਗਿਣਤੀ ਵਿੱਚ ਕਰਿਮੀਨਲ ਲੋਕਾਂ ਦੇ ਹੱਥਾਂ ਵਿੱਚ ਦੇਣਾ ਕਿੱਥੌਂ ਦੀ ਸਿਆਣਪ ਹੈ। ਬਹੁਤ ਵਾਰੀ ਸਿਰਫਿਰੇ ਲੋਕਾਂ ਵੱਲੌਂ ਅਮਰੀਕਾ ਵਿੱਚ ਇਸ ਤਰਾਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ ਅਤੇ ਹੁਣ ਸਰਕਾਰ ਨੂੰ ਗੰਨ ਪਾਲਿਸੀ ਤੇ ਦੁਬਾਰਾ ਸੋਚਣ ਦੀ ਲੋੜ ਹੈ। ਗੰਨ ਕੰਟਰੋਲ ਜ਼ਰੂਰੀ ਹੈ ਨਹੀ ਇਹ ਘਟਨਾਵਾਂ ਘਟਣ ਦੀ ਥਾਂ ਵਧਣਗੀਆਂ। ਬੇਸ਼ੱਕ ਇਸਲਾਮਿਕ ਸਟੇਟ ਨੇ ਇਸ ਘਟਨਾਂ ਦੀ ਜ਼ੁੰਮੇਵਾਰੀ ਲਈ ਹੈ ਲੇਕਿਨ ਅਥਾਰਟੀਆਂ ਨੇ ਇਸ ਨੂੰ ਸਿਰੇ ਤੌਂ ਨਿਕਾਰਦਿਆਂ ਕਿੰਲਗ ਪਿੱਛੇ ਕਿਸੇ ਹੋਰ ਮੋਟਿਵ ਦੀ ਗੱਲ ਕਹੀ..! ਸ਼ੁਕਰ ਇਸ ਗੱਲ ਦਾ ਕਿ ਮਾਰਨ ਵਾਲਾ ਗੋਰਾ ਸੀ ਜੇ ਕੋਈ ਮੁਸਲਿਮ ਜਾ ਕਿਸੇ ਹੋਰ ਵਰਗ ਦਾ ਹੁੰਦਾ ਇੰਮੀਗ੍ਰੇਂਟਾਂ ਦੀ ਐਵੇਂ ਸ਼ਾਮਤ ਆ ਜਾਣੀ ਸੀ। ਇਸ ਘਟਨਾ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ ਥੋੜੀ ਹੈ। ਇਸ ਦੁੱਖ ਦੀ ਘੜੀ ਵਿੱਚ ਪੀੜਿਤ ਲੋਕਾਂ ਲਈ ਸਾਡੀਆਂ ਦੁਆਵਾਂ ਅਰਦਾਸਾ ਹਨ।

# ਜਗਮੀਤ ਸਿੰਘ ਬਣੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ



**ਟੋਰਾਂਟੋ–** ਜਗਮੀਤ ਸਿੰਘ ਦੇ ਕੈਨੇਡਾ ਵਿੱਚ ਨਿਊ ਡੈਮੋਕ੍ਰੈਟਿਕ ਪਾਰਟੀ (ਐਨਡੀਪੀ) ਦੇ ਮੁਖੀ ਚੁਣੇ ਜਾਣ ਨਾਲ ਦੇਸ਼-ਵਿਦੇਸ਼ 'ਚ ਖੁਸ਼ੀ ਦਾ ਮਾਹੌਲ ਹੈ। ਮੁਲਕ ਦੀ ਪ੍ਰਮੁੱਖ ਵਿਰੋਧੀ ਪਾਰਟੀ- ਐਨਡੀਪੀ ਦੇ ਮੁਖੀ ਦੀ ਚੋਣ ਵਿੱਚ ਕੁੱਲ ਚਾਰ ਉਮੀਦਵਾਰ ਸਨ ਅਤੇ ਜਗਮੀਤ ਸਿੰਘ ਨੂੰ 35,266 ਅਤੇ ਬਾਕੀ ਤਿੰਨਾਂ (ਚਾਰਲੀ ਐਂਗਸ 12,705, ਨਿੱਕੀ ਐਸ਼ਟਨ 11374 ਤੇ ਗਾਏ ਕੈਰਨ 6164) ਨੂੰ ਕੁੱਲ ਮਿਲਾ ਕੇ 30,243 ਵੋਟਾਂ ਪਈਆਂ ਹਨ। ਉਹ ਕੈਨੇਡਾ ਦੀ ਸਿਆਸੀ ਪਾਰਟੀ ਵਿੱਚ ਪਹਿਲੇ ਅੰਮ੍ਰਿਤਧਾਰੀ ਆਗੂ ਹਨ। ਪੇਸ਼ੇ ਵਜੋਂ ਵਕੀਲ ਜਗਮੀਤ ਸਿੰਘ (38) ਸਾਲ 2011 ਵਿੱਚ ਓਂਟਾਰੀਓ ਦੀ ਸੂਬਾਈ ਸਿਆਸਤ ਵਿੱਚ ਆਏ ਤੇ ਪਹਿਲੀ ਵਾਰ 2015 ਵਿੱਚ ਸੂਬਾਈ ਐਨਡੀਪੀ ਦੇ ਡਿਪਟੀ ਲੀਡਰ ਬਣੇ। ਬਰੈਂਪਟਨ ਤੋਂ ਐਮਐਲਏ ਜਗਮੀਤ ਸਿੰਘ ਨੇ ਪਾਰਟੀ ਆਗੂ ਟੌਮ ਮੂਲਕੇਅਰ ਵੱਲੋਂ ਅਹੁਦਾ ਛੱਡਣ ਕਾਰਨ ਇਸੇ ਸਾਲ ਕੌਮੀ ਸਿਆਸਤ 'ਚ ਕੁੱਦਣ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਦੇ ਪਿਤਾ ਡਾਕਟਰ ਹਨ ਅਤੇ ਭਰਾ ਗੁਰਰਤਨ ਲਾਅ ਫਰਮ ਚਲਾਉਂਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਗਮੀਤ ਸਿੰਘ ਨੂੰ ਵਧਾਈ ਦਿੰਦਿਆਂ ਟਵੀਟ ਕੀਤਾ ਕਿ ਉਹ ਜਲਦੀ ਹੀ ਮੁਲਕ ਦੇ ਲੋਕਾਂ ਲਈ ਰਲਮਿਲ ਕੇ ਕੰਮ ਕਰਨ ਲਈ ਆਸਵੰਦ ਹਨ।

ਪਾਰਟੀ ਦੇ ਸਾਬਕਾ ਨੀਤੀਵਾਨ ਰਾਬਿਨ ਮੈਕਲਾਕਲਨ ਮੁਤਾਬਕ ਜਗਮੀਤ ਸਿੰਘ ਦੀ ਮੁਹਿੰਮ ਸਿਆਸੀ ਮੁਹਾਂਦਰਾ ਬਦਲ ਸਕਦੀ ਹੈ ਅਤੇ ਉਹ ਮੁਲਕ ਦੇ ਪ੍ਰਧਾਨ ਮੰਤਰੀ ਵੀ ਬਣ ਸਕਦੇ ਹਨ। ਅੰਗਰੇਜ਼ੀ ਤੇ ਫਰੈਂਚ ਭਾਸ਼ਾਵਾਂ ਵਿੱਚ ਮਾਹਰ ਜਗਮੀਤ ਸਿੰਘ ਵਾਤਾਵਰਨ, ਬਰਾਬਰੀ ਅਤੇ ਮੁਲਕ ਦੀ ਦੂਜੇ ਦੇਸ਼ਾਂ ਨਾਲ ਵਪਾਰ ਦੀਆਂ ਚੰਗੀਆਂ ਨੀਤੀਆਂ 'ਤੇ ਧਿਆਨ ਦੇਣਾ ਚਾਹੁੰਦੇ ਹਨ। ਉਨ੍ਹਾਂ ਲਈ ਹੁਣ 2019 ਦੀਆਂ ਚੋਣਾਂ ਅਹਿਮ ਹਨ ਅਤੇ ਪਾਰਟੀ ਵਿੱਚ ਰੂਹ ਫੂਕ ਕੇ ਇਸ ਨੂੰ ਕੌਮੀ ਪੱਧਰ 'ਤੇ ਉਭਾਰਨਾ ਉਨ੍ਹਾਂ ਲਈ ਮੁੱਖ ਚੁਣੌਤੀ ਹੈ।

# ਮੇਲਾ ਗਦਰੀ ਬਾਬਿਆਂ ਦਾ 8 ਅਕਤੂਬਰ ਨੂੰ

**ਸੈਕਰਾਮੈਂਟੋ–** ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ 1917 ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਮੇਲਾ ਗਦਰੀ ਬਾਬਿਆਂ ਦਾ ਇਸ ਵਾਰ 8 ਅਕਤੂਬਰ 2017 ਨੂੰ ਦੁਪਹਿਰੇ 12 ਤੋਂ 8 ਵਜੇ ਤੱਕ ਐਸ. ਈ. ਐਸ. ਹਾਲ 10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ ਸੈਕਰਾਮੈਂਟੋ, ਕੈਲੇਫੋਰਨੀਆ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ, ਪੰਮੀ ਮਾਨ, ਪੂਨਮ ਮਲਹੋਤਰਾ, ਜੀਵਨ ਰੱਤੂ ਤੇ ਹੋਰ ਕਲਾਕਾਰ ਪਹੁੰਚ ਰਹੇ ਹਨ। ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਵੀ ਬਹਾਦਰੀ ਦੀਆਂ ਵਾਰਾਂ ਪੇਸ਼ ਕਰੇਗਾ। ਸੰਸਥਾ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ ਨੇ ਦੱਸਿਆ ਕਿ ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਹਨਾਂ ਨਾਲ ਸਬੰਧਤ ਵਸਤਾਂ ਦੀ ਵੀ ਇਸ ਮੌਕੇ ਪ੍ਰਦਰਸ਼ਨੀ ਲਗਾਈ ਜਾਵੇਗੀ।


ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ

ਖਾਣਾ, ਪਾਰਕਿੰਗ ਅਤੇ ਦਾਖਲਾ ਮੁਫਤ ਹੋਵੇਗਾ। ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ। ਉਹਨਾਂ ਦੱਸਿਆ ਕਿ ਇਹ ਸਾਲ ਗਦਰ ਪਾਰਟੀ ਅਤੇ ਉਹਨਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਹਨਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹਿਣ ਕੀਤੇ, ਕੈਦਾਂ ਕੱਟੀਆਂ, ਕਾਲੇ ਪਾਣੀ ਦੇ ਦੱਖ ਭੋਗੇ ਅਤੇ ਫਾਂਸੀਆਂ ਤੇ ਲਟਕੇ। ਉਹਨਾਂ ਨੂੰ ਯਾਦ ਕਰਕੇ ਅੱਜ ਵੀ ਸਾਡੀ ਰੂਹ ਅਤੇ ਸਵੈਮਾਣ ਤੜਪ ਜਾਂਦਾ ਹੈ। ਉਹਨਾਂ ਬੇਨਤੀ ਕੀਤੀ ਕਿ ਆਪਣੇ ਮੁਲਕ ਨੂੰ ਚਾਹੁਣ ਵਾਲਾ ਹਰੇਕ ਸ਼ਖਸ ਇਸ ਮੌਕੇ ਹਾਜਰੀ ਲਗਵਾ ਕੇ ਮਹਾਨ ਸ਼ਹੀਦਾਂ ਅਤੇ ਕੁਰਬਾਨੀ ਕਰਨ ਵਾਲੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਦੇਵੇ। ਮੇਲੇ ਦੀਆਂ ਤਿਆਰੀਆਂ ਮੁਕੰਮਲ ਹਨ।

# ਭਾਰਤ ਵਿੱਚ ਘੱਟ ਗਿਣਤੀਆਂ ਨੂੰ ਖ਼ਤਰਾ: ਨਯਨਤਾਰਾ ਸਹਿਗਲ

**ਨਵੀਂ ਦਿੱਲੀ–** ਸੁਤੰਤਰਤਾ ਸੰਗਰਾਮ ਦੌਰਾਨ ਜੰਮੀ-ਪਲੀ ਅਤੇ ਨਾਰੀਵਾਦੀ ਸਰੋਕਾਰਾਂ ਵਾਲੇ ਉੱਘੇ ਲੇਖਕਾਂ ਵਿੱਚੋਂ ਇਕ ਨਹਿਰੂ-ਗਾਂਧੀ ਪਰਿਵਾਰ ਦੀ ਮੈਂਬਰ ਨਯਨਤਾਰਾ ਸਹਿਗਲ ਦਾ ਕਹਿਣਾ ਹੈ ਕਿ ਸਮਕਾਲੀ ਭਾਰਤੀ ਇਤਿਹਾਸ ਨੂੰ ਮਨੋ ਕਲਪਿਤ ਬਣਾਇਆ ਜਾ ਰਿਹਾ ਹੈ, ਘੱਟ ਗਿਣਤੀਆਂ ਖ਼ਤਰੇ ਵਿੱਚ ਹਨ ਅਤੇ 'ਭਾਰਤ ਦਾ ਅਸਲ ਮਤਲਬ' ਬਚਾਉਣ ਲਈ ਲੰਮੀ ਲੜਾਈ ਅੱਗੇ ਖੜ੍ਹੀ ਹੈ। ਦੇਹਰਾਦੂਨ ਤੋਂ ਈਮੇਲ ਇੰਟਰਵਿਊ ਵਿੱਚ ਸਹਿਗਲ ਨੇ ਕਿਹਾ, ''ਭਾਜਪਾ ਸ਼ਾਸਨ ਵਾਲੇ ਰਾਜਾਂ ਵਿੱਚ ਨਾ ਸਿਰਫ਼ ਇਤਿਹਾਸ ਦੁਬਾਰਾ ਲਿਖਿਆ ਜਾ ਰਿਹਾ ਹੈ, ਸਗੋਂ ਇਹ ਮਨੋ ਕਲਪਿਤ ਬਣਦਾ ਜਾ ਰਿਹਾ ਹੈ। ਮੁਗ਼ਲ ਸਾਮਰਾਜ ਨੂੰ ਇਤਿਹਾਸ ਵਿੱਚੋਂ ਕੱਢਿਆ ਜਾ ਰਿਹਾ ਹੈ। ਇਸ ਵਿੱਚੋਂ ਜਵਾਹਰਲਾਲ ਨਹਿਰੂ ਦੀ ਫੱਟੀ ਪੋਚ ਦਿੱਤੀ ਹੈ। ਮਿਥਿਹਾਸ ਨੂੰ ਇਤਿਹਾਸ ਵਜੋਂ ਉਤਸ਼ਾਹਤ ਕਰਨ ਵਾਂਗ ਇਤਿਹਾਸ ਦੀ ਥਾਂ ਕਾਲਪਨਿਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ।'' ਉਨ੍ਹਾਂ ਕਿਹਾ ਕਿ ਘੱਟ ਗਿਣਤੀਆਂ ਖ਼ਾਸ ਤੌਰ ਉਤੇ ਮੁਸਲਮਾਨਾਂ ਅਤੇ ਸੱਤਾਧਾਰੀ ਪਾਰਟੀ ਦੀ ਵਿਚਾਰਧਾਰਾ ਨਾਲ ਮੇਲ ਨਾ ਖਾਣ ਵਾਲਿਆਂ ਉਤੇ ਹਮਲੇ ਨਾ ਸਿਰਫ਼ ਅਨੇਕਤਾ ਵਿੱਚ ਏਕਤਾ ਦੀ ਭਾਰਤ ਦੀ ਮਹਾਨ ਪ੍ਰਾਪਤੀ ਨੂੰ ਤਬਾਹ ਕਰ



ਰਹੇ ਹਨ, ਸਗੋਂ ਆਜ਼ਾਦੀ ਤੋਂ ਬਾਅਦ ਭਾਰਤੀ ਨਾਗਰਿਕਾਂ ਨੂੰ ਮਿਲੇ ਜਮਹੂਰੀ ਹੱਕਾਂ ਤੇ ਬਰਾਬਰੀ ਨੂੰ ਵੀ ਤਾਰ-ਤਾਰ ਕਰ ਰਹੇ ਹਨ। ਇਸ ਉੱਘੀ ਲੇਖਿਕਾ ਨੇ ਕਿਹਾ, ''ਸਾਡੇ, ਜਿਨ੍ਹਾਂ ਲਈ ਭਾਰਤ ਧਰਮ ਨਿਰਪੱਖ, ਜਮਹੂਰੀਅਤ, ਸਮੁੱਚਾ ਗਣਰਾਜ ਹੈ, ਕਦੇ ਵੀ ਇਸ ਤੋਂ ਘੱਟ ਉਤੇ ਸਮਝੌਤਾ ਨਹੀਂ ਕਰ ਸਕਦੇ।

ਵਿਰੋਧ ਦੀ ਆਵਾਜ਼ ਤੇ ਸੰਵਾਦ ਨੂੰ ਦਬਾਉਣ ਵਿਰੁੱਧ ਲੇਖਕਾਂ, ਇਤਿਹਾਸਕਾਰਾਂ, ਸਾਇੰਸ-ਦਾਨਾਂ, ਵਿਦਿਆਰਥੀਆਂ, ਪ੍ਰੋਫੈਸਰਾਂ ਤੇ ਦਲਿਤਾਂ ਵਰਗੇ ਕਈ ਗਰੁੱਪ ਖੜ੍ਹੇ ਹੋ ਰਹੇ ਹਨ। ਕਿਸੇ ਨੂੰ ਇਸ ਵਿੱਚ ਦੁਚਿੱਤੀ ਨਹੀਂ ਹੋਣੀ ਚਾਹੀਦੀ ਕਿ ਭਾਰਤ ਕਿਸੇ ਵੀ ਤਰ੍ਹਾਂ ਦੀ ਤਾਨਾਸ਼ਾਹੀ ਅੱਗੇ ਝੁਕਣ ਤੋਂ ਇਨਕਾਰੀ ਹੋਵੇਗਾ ਪਰ ਭਾਰਤ ਦਾ ਅਸਲ ਮਤਲਬ ਬਚਾਉਣ ਲਈ ਅੱਗੇ ਲੰਮੀ ਲੜਾਈ ਹੈ।''

ਨਯਨਤਾਰਾ ਸਹਿਗਲ ਅਤੇ ਹੋਰ ਕਈ ਮੋਹਰੀ ਸਾਹਿਤਕਾਰਾਂ ਨੇ ਦੇਸ਼ ਵਿੱਚ ਵਧਦੀ ਅਸਹਿਣਸ਼ੀਲਤਾ ਖ਼ਿਲਾਫ਼ 2015 ਵਿੱਚ ਸਾਹਿਤ ਅਕਾਦਮੀ ਐਵਾਰਡ ਵਾਪਸ ਕਰ ਦਿੱਤੇ ਸਨ। ਕਈ ਸਾਹਿਤਕਾਰਾਂ ਵੱਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਕੀਤੇ ਮੌਨ ਪ੍ਰਦਰਸ਼ਨਾਂ ਕਾਰਨ ਰਬਿੰਦਰਾ ਭਵਨ (ਸਾਹਿਤ ਅਕਾਦਮੀ ਦਾ ਦਫ਼ਤਰ) ਹਿੱਲ ਗਿਆ ਸੀ। ਸਿਆਸੀ ਸਫ਼ਾਂ ਦੇ ਵਿਰੋਧੀਆਂ ਨੇ ਵੀ ਇਸੇ ਸੁਰ ਵਿੱਚ ਆਵਾਜ਼ ਬੁਲੰਦ ਕੀਤੀ ਸੀ।

# ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਮੌਕੇ ਫੁੱਲਾਂ ਨਾਲ ਮਹਿਕੇਗਾ ਦਰਬਾਰ ਸਾਹਿਬ

**ਅੰਮ੍ਰਿਤਸਰ–** ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ 6 ਅਤੇ 7 ਅਕਤੂਬਰ ਨੂੰ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਮੌਕੇ ਮੁੰਬਈ ਦੀ ਸਿੱਖ ਸੰਗਤ ਵੱਲੋਂ ਲਗਭਗ 600 ਕੁਇੰਟਲ ਫੁੱਲਾਂ ਨਾਲ ਸ੍ਰੀ ਹਰਿਮੰਦਰ ਸਾਹਿਬ ਸਮੂਹ ਦੀ ਸਜਾਵਟ ਕੀਤੀ ਜਾਵੇਗੀ। ਇਸ ਮੌਕੇ ਅਟਾਰੀ ਸਰਹੱਦ ਅਤੇ ਹੋਰ ਥਾਵਾਂ 'ਤੇ ਦੀਪਮਾਲਾ ਵੀ ਹੋਵੇਗੀ। ਗੁਰਪੂਰਬ ਮੌਕੇ ਚਾਰ ਤੋਂ ਪੰਜ ਲੱਖ ਸ਼ਰਧਾਲੂਆਂ ਦੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਣ ਦੀ ਉਮੀਦ ਹੈ।

ਇਹ ਖੁਲਾਸਾ ਇੱਥੇ ਪੱਤਰਕਾਰ ਸੰਮੇਲਨ ਦੌਰਾਨ ਸ਼੍ਰੋਮਣੀ ਕਮੇਟੀ ਦੇ



ਸਕੱਤਰ ਡਾ. ਰੂਪ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਮੁੰਬਈ ਦੀ ਸੰਗਤ ਆਪਣੇ ਸਾਥੀਆਂ ਸਮੇਤ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਕਰਨ ਲਈ ਪੁੱਜ ਗਈ ਹੈ ਅਤੇ ਭਲਕ ਤੋਂ ਸਜਾਵਟ ਦਾ ਕੰਮ ਸ਼ੁਰੂ ਹੋ ਜਾਵੇਗਾ। ਇਹ ਫੁੱਲ ਵੱਖ-ਵੱਖ ਦੇਸ਼ਾਂ ਤੋਂ ਮੰਗਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਗੁਰਪੁਰਬ ਮੌਕੇ ਚਾਰ ਤੋਂ ਪੰਜ ਲੱਖ ਸ਼ਰਧਾਲੂ ਦੇਸ਼-ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜਣਗੇ ਅਤੇ ਇਨ੍ਹਾਂ ਵਾਸਤੇ ਰਿਹਾਇਸ਼ ਤੇ ਹੋਰ ਪ੍ਰਬੰਧ ਕੀਤੇ ਜਾ ਰਹੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਕੁਝ ਹੋਟਲ ਮਾਲਕਾਂ ਨੇ ਸ਼ਰਧਾਵਸ ਇਨ੍ਹਾਂ ਦੋ ਦਿਨਾਂ ਦੌਰਾਨ ਸ਼ਰਧਾਲੂਆਂ ਨੂੰ ਆਪਣੇ ਹੋਟਲਾਂ ਵਿੱਚ ਮੁਫਤ ਰਿਹਾਇਸ਼ ਦੇਣ ਦਾ ਵਾਅਦਾ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦੇ ਠਹਿਰਾਅ ਲਈ ਕੁਝ ਹੋਟਲ ਵੀ ਬੁੱਕ ਕੀਤੇ ਗਏ ਹਨ। ਕੁਝ ਵਿਦਿਅਕ ਅਦਾਰਿਆਂ ਦੀਆਂ ਇਮਾਰਤਾਂ ਵਿੱਚ ਵੀ ਰਿਹਾਇਸ਼ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਇਸ ਮੌਕੇ ਪਹਿਲੀ ਵਾਰ ਅਟਾਰੀ ਸਰਹੱਦ, ਸ੍ਰੀ ਗੁਰੂ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡਾ, ਰੇਲਵੇ ਸਟੇਸ਼ਨ, ਸ਼ਹੀਦ ਮਦਨ ਲਾਲ ਢੀਂਗਰਾ ਅੰਤਰਰਾਜੀ ਬੱਸ ਅੱਡਾ ਸਮੇਤ ਹੋਰ ਸਰਕਾਰੀ ਇਮਾਰਤਾਂ 'ਤੇ ਦੀਪਮਾਲਾ ਹੋਵੇਗੀ। ਪ੍ਰਬੰਧਕਾਂ ਨੇ ਦੱਸਿਆ ਕਿ ਸਮੂਹ ਸ਼ਹਿਰ ਵਾਸੀਆਂ ਨੂੰ ਇਸ ਦਿਨ ਆਪਣੇ ਘਰਾਂ ਤੇ ਹੋਰ ਇਮਾਰਤਾਂ 'ਤੇ ਦੀਪਮਾਲਾ ਕਰਨ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਗੁਜਰਾਤ ਦੇ ਅਹਿਮਦ ਨਗਰ ਦੇ ਕੁਝ ਆਤਿਸ਼ਬਾਜ਼ਾਂ ਵੱਲੋਂ ਸੱਤ ਅਕਤੂਬਰ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਦੂਸ਼ਣ ਰਹਿਤ ਆਤਿਸ਼ਬਾਜ਼ੀ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਗੁਰਪੁਰਬ ਮੌਕੇ ਆਸਟ੍ਰੇਲੀਆ ਅਤੇ ਅਮਰੀਕਾ ਤੋਂ ਰਾਗਾਂ ਵਿੱਚ ਗੁਰਬਾਣੀ ਦਾ ਕੀਰਤਨ ਕਰਨ ਵਾਲੇ ਕੁਝ ਜਥੇ ਵੀ ਇੱਥੇ ਪੁੱਜਣਗੇ। ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਰਾਗ ਦਰਬਾਰ ਵਿੱਚ ਕੌਮਾਂਤਰੀ ਪੱਧਰ ਦੇ ਰਾਗੀ ਗੁਰਬਾਣੀ ਦਾ ਕੀਰਤਨ ਵੱਖ-ਵੱਖ ਰਾਗਾਂ ਵਿੱਚ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ

## ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਦਿੱਤੀ ਜਾਵੇਗੀ ਅਹਿਮੀਅਤ



**ਫਰਿਜ਼ਨੋਂ (ਢੇਸੀ)–** ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਅਹਿਮ ਯੋਗਦਾਨ ਪਾ ਕੇ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦਾ ਸ਼ਹੀਦੀ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇੰਡੋ ਅਮੈਰਿਕਨ ਹੈਰੀਟੇਜ ਫੋਰਜ ਫਰਿਜ਼ਨੋਂ ਵਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸੰਸਥਾ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾ ਪ੍ਰੋਗਰਾਮ 12 ਨਵੰਬਰ ਨੂੰ ਕਰਮਨ ਕਮਿਊਨਟੀ ਹਾਲ ਵਿਖੇ 2 ਵਜੇ ਤੋਂ 5 ਵਜੇ ਤੱਕ ਮਨਾਇਆ ਜਾਵੇਗਾ ਅਤੇ ਦੂਜਾ ਸਮਾਗਮ 18 ਨਵੰਬਰ ਨੂੰ ਸਨਫਰਾਂਸਿਸਕੋ ਯੁਗਾਂਤਰ ਆਸ਼ਰਮ ਵਿਖੇ ਕੈਲੇਫੋਰਨੀਆਂ ਦੀਆਂ ਸਮੂਹ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾਵਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ ਜਿਥੇ ਵਿਸ਼ੇਸ਼ ਤੌਰ ਤੇ ਇੰਡੀਅਨ ਕੌਂਸਲੇਟ ਜਨਰਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ।ਇਸ ਮੌਕੇ ਉਚ ਕੋਟੀ ਦੇ ਬੁਲਾਰੇ ਪਹੁੰਚ ਕੇ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਸ.ਅਣਖੀ ਨੇ ਅੱਗੇ ਜਾਣਕਾਰੀ ਦਿੱਤੀ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਜ ਵਲੋਂ ਹਰ ਸਮਾਗਮ ਦੀ ਤਰਾਂ ਬੱਚਿਆਂ ਨੂੰ ਇਹਨਾਂ ਸਮਗਾਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਬੱਚਿਆਂ ਵਲੋਂ ਕੋਈ ਵੀ ਤਿਆਰ ਕੀਤੀ ਗਈ ਦੇਸ਼ ਭਗਤੀ ਦੀ ਆਈਟਮ ਨੂੰ ਪੇਸ਼ ਕਰਨ ਲਈ ਪਹਿਲ ਦਿੱਤੀ ਜਾਵੇਗੀ। ਵਰਨਣਯੋਗ ਹੈ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਜਿਨ੍ਹਾਂ ਵਲੋਂ ਹਰ ਸਾਲ ਫਰਿਜ਼ਨੋਂ ਵਿਚ ਗਦਰੀ ਬਾਬਿਆਂ ਦਾ ਮੇਲਾ ਕਰਵਾਇਆ ਜਾਂਦਾ ਹੈ। ਚਲਦੇ ਸਾਲ ਦੌਰਾਨ ਵੀ ਦੇਸ਼ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ ਜਾਂਦੇ ਹਨ ਜਿਸ ਦੌਰਾਨ ਬੱਚਿਆਂ ਦੇ ਭਾਸ਼ਣ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਦੋਹਾਂ ਸਮਾਗਮਾਂ ਦੀ ਹੋਰ ਜਾਣਕਾਰੀ ਅਤੇ ਬੱਚਿਆਂ ਦੀਆਂ ਆਈਟਮਾਂ ਪੇਸ਼ ਕਰਨ ਲਈ ਸਮਾਂ ਲੈਣ ਲਈ ਲਈ ਸੰਸਥਾ ਨਾਲ 559-618-0156 , 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੈਨਹੋਜ਼ੇ ਪੰਜਾਬੀ ਮੇਲੇ ਵਿਚ ਖਿਡਾਰੀਆਂ ਤੇ ਕਲਾਕਾਰਾਂ ਦਾ ਸ਼ਾਨਦਾਰ ਪ੍ਰਦਰਸ਼ਨ





**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਦੇ ਸ਼ਹਿਰ ਮਿਲੀਪੀਟਸ ਦੇ ਖੁੱਲੇ ਮੈਦਾਨ ਵਿਚ ਸੈਨਹੋਜ਼ੇ ਪੰਜਾਬੀ ਮੇਲਾ ਕਰਵਾਇਆ ਗਿਆ। ਜਿਥੇ ਬਾਸਕਿਟਬਾਲ, ਸਾਕਰ ਅਤੇ ਵਾਲੀਬਾਲ ਦੇ ਮੈਚਾਂ ਅਤੇ ਸਭਿਆਚਾਰਕ ਪ੍ਰੋਗਰਾਮ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਸੈਨਹੋਜ਼ੇ ਹੈਰੀਟੇਜ ਕਲੱਬ ਦੇ ਚੇਅਰਮੈਨ ਹਰਦੂਮਣ ਸਿੰਘ ਬਿੱਲਾ ਸੰਘੇੜਾ, ਪ੍ਰਧਾਨ ਜਤਿੰਦਰ ਸਿੰਘ ਭੰਗੂ ਅਤੇ ਸਕੱਤਰ ਜਸਪਾਲ ਸਿੰਘ ਤੇ ਸਮੂਹ ਮੈਂਬਰਾਂ ਦੇ ਉਦਮ ਨਵੀ ਪਨੀਰੀ ਨੂੰ ਪੰਜਾਬੀ ਵਿਰਸਾ ਅਤੇ ਸਭਿਆਚਾਰ ਨਾਲ ਜੋੜਨ ਲਈ ਸ਼ਾਨਦਾਰ ਪ੍ਰੋਗ੍ਰਾਮ ਸਾਬਤ ਹੋਇਆ। ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਲੜਕੀ ਸ਼ਕਤੀ ਮਾਣਕ ਨੇ ਸਟੇਜ ਦਾ ਸੰਚਾਲਨ ਬੜੇ ਸੁਚੱਜੇ ਢੰਗ ਨਾਲ ਕੀਤਾ। ਸਭਿਆਚਾਰਕ ਪ੍ਰਗਰਾਮ ਦਾ ਆਰੰਭ ਗਿੱਧੇ ਤੇ ਭੰਗੜੇ ਨਾਲ ਹੋਇਆ। ਜਿਸ ਨੂੰ ਵੇਖ ਕੇ ਦਰਸ਼ਕਾਂ ਵਿਚ ਜੋਸ਼ ਆ ਗਿਆ। ਸਭਿਅਕ ਗਾਇਕ ਗਿੱਲ ਹਰਦੀਪ ਨੇ ਦਰਸ਼ਕਾਂ ਦੀ ਖੂਬ ਵਾਹ ਵਾਹ ਖੱਟੀ ਤੇ ਜਿਸਨੇ ਸਭਿਆਚਾਰ ਦੀ ਹੱਦ ਅੰਦਰ ਰਹਿ ਕੇ ਭਾਰੀ ਗਿਣਤੀ ਚ ਆਏ ਦਰਸ਼ਕਾਂ ਦਾ ਭਰਪੂਰ ਮੰਨੋਰਮਜਨ ਕੀਤਾ ਉਸਨੇ ਅਪਣੇ ਨਵੇਂ ਪੁਰਾਣੇ ਗਿਤਾਂ ਦੀ ਝੜੀ ਲਾਈ । ਸਰੀ ਕੈਨੇਡਾ ਤੋਂ ਹਰਮਨਦੀਪ ਖੋਸਾ ਨੇ ਖੂਬ ਰੰਗ ਬੰਨਿਆ ਤੇ ਬਜ਼ੁਰਗ ਮਾਤਾਵਾਂ ਨੂੰ ਝੂੰਮਣ ਲਾ ਦਿੱਤਾ। ਸੈਨਹੋਜ਼ੇ ਦੇ ਸਥਾਨਕ ਗਾਇਕ ਐਚ ਐਸ ਭਜਨ ਨੇ ਆਪਣੇ ਗੀਤਾਂ ਨਾਲ ਭਰਵੀਂ ਹਾਜਰੀ ਲੁਆਈ। ਪ੍ਰਬੰਧਕਾਂ ਵਲੋਂ ਇਸ ਮੇਲੇ ਨੂੰ ਪੰਜਾਬ ਦੇ ਪਿੰਡਾਂ ਦੇ ਮੇਲਿਆਂ ਦਾ ਰੰਗ ਦੇਣ ਦੀ ਪੂਰੀ ਕੋਸ਼ਿਸ ਕੀਤੀ। ਇਸ ਮੌਕੇ ਵੰਨ ਸੁਵੰਨੇ ਸਟਾਲਾਂ ਤੋਂ ਬੀਬੀਆਂ ਨੇ ਖੂਬ ਖਰੀਦੋ ਫਰੋਖਤ ਕੀਤੀ। ਇਸ ਮੌਕੇ ਖੇਡਾਂ ਚੋਂ ਜੇਤੂ ਟੀਮਾਂ ਤੇ ਮਹਿਮਾਨਾਂ ਨੂੰ ਟਰਾ-ਫੀਆਂ ਦੇਕੇ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੋਕੇ ਚੇਅਰਮੈਨ ਬਿੱਲਾ ਸੰਘੇੜਾ ਨੇ ਸਾਰੇ ਆਏ ਦਰਸ਼ਕਾਂ, ਖਿਡਾਰੀਆਂ ਤੇ ਮਹਿਮਾਨਾਂ ਦਾ ਮੇਲੇ ਵਿੱਚ ਹਾਜਰੀ ਦੇਣ ਤੇ ਧੰਨਵਾਦ ਕੀਤਾ।

# ਸਾਰੇ ਭਾਰਤ 'ਚੋਂ ਬਰਨਾਲਾ ਸਭ ਤੋਂ ਵੱਧ ਸਾਫ-ਸੁਥਰਾ

**ਬਰਨਾਲਾ–** ਮਿਸ਼ਨ ਸਵੱਛ ਅਤੇ ਸਵਸਥ ਭਾਰਤ ਮੁਕਾਬਲੇ ਵਿੱਚ ਸਮੁੱਚੇ ਦੇਸ਼ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਜ਼ਿਲ੍ਹਾ ਬਰਨਾਲਾ ਦੇ ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਦਾ ਕੇਂਦਰ ਸਰਕਾਰ ਵੱਲੋਂ ਕੌਮੀ ਪੁਰਸਕਾਰ ਨਾਲ ਸਨਮਾਨ ਕੀਤਾ ਗਿਆ। ਇਹ ਪੁਰਸਕਾਰ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਐਸ.ਐਸ. ਆਹਲੂਵਾਲੀਆ ਨੇ ਦਿੱਤਾ।

ਪੁਰਸਕਾਰ ਪ੍ਰਾਪਤ ਕਰਨ ਉਪਰੰਤ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਨੂੰ ਕੌਮੀ ਪੱਧਰ 'ਤੇ ਪਹਿਲਾ ਸਥਾਨ ਮਿਲਣਾ ਜ਼ਿਲ੍ਹਾ ਵਾਸੀਆਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਬਰਨਾਲਾ ਵਿੱਚ ਬੰਦ ਪਈਆਂ ਜਲ ਸਪਲਾਈ ਸਕੀਮਾਂ ਚਾਲੂ ਕੀਤੀਆਂ ਜਾਣਗੀਆਂ ਅਤੇ 10 ਤੋਂ 24 ਘੰਟੇ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇੱਕ ਮਹੀਨਾ ਪਹਿਲਾਂ ਜ਼ਿਲ੍ਹਾ ਬਰਨਾਲਾ 51ਵੇਂ ਸਥਾਨ 'ਤੇ ਸੀ, ਜੋ ਹੁਣ ਪਹਿਲੇ ਸਥਾਨ 'ਤੇ ਪਹੁੰਚ ਗਿਆ ਹੈ। ਬਰਨਾਲਾ ਜ਼ਿਲ੍ਹੇ ਦੇ ਪੇਂਡੂ ਖੇਤਰਾਂ ਵਿੱਚ ਇਸ ਮਿਸ਼ਨ ਅਧੀਨ ਕੁੱਲ 11460 ਪਖ਼ਾਨੇ ਬਣਾਏ ਗਏ ਹਨ। ਸ੍ਰੀ ਥੋਰੀ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਸਾਰੇ ਪੇਂਡੂ ਖੇਤਰ ਖੁੱਲ੍ਹੇ ਵਿੱਚ ਪਖਾਨਾ ਜਾਣ ਤੋਂ 100 ਫ਼ੀਸਦੀ ਮੁਕਤ ਹੋ ਗਏ ਹਨ ਅਤੇ ਇਸ ਸਮੱਸਿਆ ਤੋਂ ਪੂਰੇ ਬਰਨਾਲਾ ਜ਼ਿਲ੍ਹੇ ਨੂੰ 31 ਦਸੰਬਰ 2017 ਤੱਕ ਮੁਕਤ ਕਰ ਦਿੱਤਾ ਜਾਵੇਗਾ।

# ਲੰਗਾਹ ਵੱਲੋਂ ਪੇਸ਼ਗੀ ਜ਼ਮਾਨਤ ਲਈ ਹਾਈ ਕੋਰਟ ਕੋਲ ਪਹੁੰਚ



**ਚੰਡੀਗੜ੍ਹ–** ਪੰਜਾਬ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕਰ ਕੇ ਮੰਗ ਕੀਤੀ ਕਿ ਉਸ ਨੂੰ ਆਪਣੇ ਖ਼ਿਲਾਫ਼ ਦਰਜ ਬਲਾਤਕਾਰ ਦੇ ਕੇਸ ਵਿੱਚ 72 ਘੰਟੇ ਲਈ ਪੇਸ਼ਗੀ ਜ਼ਮਾਨਤ ਦਿੱਤੀ ਜਾਵੇ ਤਾਂ ਕਿ ਉਹ ਗੁਰਦਾਸਪੁਰ ਅਦਾਲਤ ਅੱਗੇ ਆਤਮ-ਸਮਰਪਣ ਕਰ ਸਕੇ ਅਤੇ ਪੁਲਿਸ ਦੇ 'ਤਸ਼ੱਦਦ' ਤੋਂ ਬਚ ਜਾਵੇ। ਸਾਬਕਾ ਅਕਾਲੀ ਆਗੂ ਦਾ ਦੋਸ਼ ਹੈ ਕਿ ਬਲਾਤਕਾਰ ਦਾ ਇਹ ਕੇਸ ਉਸ ਦੇ ਸਿਆਸੀ ਵਿਰੋਧੀਆਂ ਨੇ ਗੁਰਦਾਸਪਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਦੀ ਨਾਕਾਮ ਕੋਸ਼ਿਸ਼ ਵਿੱਚ ਬਦਲਾਖੋਰੀ ਤਹਿਤ ਦਰਜ ਕਰਵਾਇਆ ਹੈ। ਉਸ ਮੁਤਾਬਕ ਇਹ ਸਾਜ਼ਿਸ਼ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਰਚੀ ਹੈ। ਇਹ ਅਪੀਲ ਉਸ ਖ਼ਿਲਾਫ਼ ਗੁਰਦਾਸਪਰ ਸਿਟੀ ਪੁਲਿਸ ਥਾਣੇ ਵਿੱਚ ਬਲਾਤਕਾਰ ਦਾ ਕੇਸ ਦਰਜ ਹੋਣ ਤੋਂ ਚਾਰ ਦਿਨਾਂ ਬਾਅਦ ਦਾਇਰ ਕੀਤੀ ਗਈ ਹੈ। ਲੰਗਾਹ ਦਾ ਦਾਅਵਾ ਹੈ ਕਿ ਉਸ ਨੂੰ ਕੇਸ ਵਿੱਚ 'ਝੂਠਾ ਤੇ ਗ਼ਲਤ ਢੰਗ ਨਾਲ' ਫਸਾਇਆ ਗਿਆ ਹੈ। ਉਸ ਨੇ ਕਿਹਾ ਕਿ ਉਹ ਪੰਜ ਵਾਰ ਵਿਧਾਨ ਸਭਾ ਚੋਣਾਂ ਲੜ ਚੁੱਕਾ ਤੇ ਦੋ ਵਾਰ ਕੈਬਨਿਟ ਮੰਤਰੀ ਰਿਹਾ ਹੈ, ਜਿਸ ਕਾਰਨ ਉਸ ਨੂੰ ਫਸਾਇਆ ਗਿਆ ਹੈ। ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਉਹ ਸ੍ਰੀ ਰੰਧਾਵਾ ਤੋਂ ਕੁਝ ਸੈਂਕੜੇ ਵੋਟਾਂ ਨਾਲ ਹਾਰ ਗਿਆ ਸੀ। ਉਸ ਨੇ ਕਿਹਾ ਕਿ ਵਿਧਾਇਕ ਸ੍ਰੀ ਰੰਧਾਵਾ ਪੰਜਾਬ ਸਰਕਾਰ ਵਿੱਚ ਮੰਤਰੀ ਬਣਨ ਦੇ ਚਾਹਵਾਨ ਹਨ ਤੇ ਗੁਰਦਾਸਪੁਰ ਚੋਣ ਦੌਰਾਨ ਆਪਣੇ ਹਲਕੇ ਤੋਂ ਹਾਰ 'ਉਸ ਦੀ ਸਿਆਸੀ ਖ਼ਾਹਿਸ਼ ਲਈ ਭਾਰੀ ਝਟਕਾ' ਹੋਵੇਗੀ। ਉਸ ਮੁਤਾਬਕ ਪਹਿਲਾਂ ਵੀ ਦੋ ਵਾਰ ਉਸ ਖ਼ਿਲਾਫ਼ ਸ੍ਰੀ ਰੰਧਾਵਾ ਦੀ ਸ਼ਹਿ 'ਤੇ ਦੋ ਝੂਠੀਆਂ ਐਫ਼ ਆਈ ਆਰਜ਼ ਦਰਜ ਹੋ ਚੁੱਕੀਆਂ ਹਨ।

# 85 ਸਾਲਾ ਕੈਪਟਨ ਸਿੱਧੂ ਨੇ ਵਧਾਇਆ ਦੇਸ਼ ਦਾ ਮਾਣ



**ਮੁਹਾਲੀ–** ਸੂਚਨਾ ਤੇ ਲੋਕ ਸੰਪਰਕ ਵਿਭਾਗ ਵਿਚੋਂ ਸੇਵਾਮੁਕਤ ਹੋਏ 85 ਸਾਲਾ ਕੈਪਟਨ ਜੀ.ਐਸ. ਸਿੱਧੂ ਨੇ ਸ਼ਾਟ-ਪੁੱਟ ਅਤੇ ਹੈਮਰ ਥਰੋ ਵਿੱਚ ਦੋ ਨਵੇਂ ਏਸ਼ੀਆ ਰਿਕਾਰਡ ਬਣਾ ਕੇ ਦੇਸ਼ ਦਾ ਨਾਂ ਰੋਸ਼ਨ ਕੀਤਾ ਹੈ। ਉਨ੍ਹਾਂ ਨੇ ਚੀਨ ਦੇ ਰਗਾਉ ਵਿਖੇ 20 ਸਤੰਬਰ ਤੋਂ 28 ਸਤੰਬਰ ਤੱਕ ਏਸ਼ੀਅਨ ਮਾਸਟਰਜ਼ ਐਥਲੈਟਿਕ ਚੈਪੀਅਨਸ਼ਿਪ ਦੌਰਾਨ ਇਹ ਕੀਰਤੀਮਾਨ ਸਥਾਪਿਤ ਕੀਤੇ ਹਨ। ਇਸ ਚੈਂਪੀਅਨਸ਼ਿਪ ਵਿੱਚ ਕੈਪਟਨ ਸਿੱਧੂ ਨੇ 3 ਸੋਨ ਤਗ਼ਮੇ ਜਿੱਤਕੇ ਆਪਣਾ ਲੋਹਾ ਮਨਾਇਆ ਹੈ। ਉਨ੍ਹਾਂ ਸ਼ਾਟ-ਪੁੱਟ ਮੁਕਾਬਲਿਆਂ ਵਿੱਚ 8.88 ਮੀਟਰ ਦੂਰੀ ਉੱਤੇ ਗੋਲਾ ਸੁੱਟਕੇ ਨਵਾਂ ਰਿਕਾਰਡ ਕਾਇਮ ਕੀਤਾ ਅਤੇ ਹੈਮਰ ਥਰੋ ਵਿੱਚ 25.36 ਮੀਟਰ ਗੋਲਾ ਸੁੱਟਕੇ ਨਵਾਂ ਏਸ਼ੀਅਨ ਰਿਕਾਰਡ ਬਣਾਇਆ।

# ਹਰ ਰੋਜ 90 ਅਮਰੀਕੀ ਮਰ ਰਹੇ ਨੇ ਗੋਲੀਆਂ ਕਾਰਨ

(ਸਫਾ 1 ਦੀ ਬਾਕੀ)

ਵਿਚਾਰ ਕਰਨ ਲਈ ਕਾਂਗਰਸ ਦੀ ਇਕ ਸਥਾਈ ਕਮੇਟੀ ਬਣਾਏ ਜਾਣ 'ਤੇ ਜ਼ੋਰ ਦਿੱਤਾ ਹੈ। ਭਾਰਤੀ ਅਮਰੀਕੀ ਕਾਂਗਰਸ ਮੈਂਬਰ ਪ੍ਰਮਿਲਾ ਜਯਾਪਾਲ ਨੇ ਵੀ ਬੀਤੇ ਦਿਨ ਪ੍ਰਤੀਨਿਧ ਸਭਾ ਨੂੰ ਸੰਬੋਧਨ ਕਰਦਿਆਂ ਆਪਣੀ ਜਜ਼ਬਾਤੀ ਤਕਰੀਰ ਵਿੱਚ ਹਥਿਆਰਾਂ ਉਤੇ ਪਾਬੰਦੀ ਲਾਏ ਜਾਣ 'ਤੇ ਜ਼ੋਰ ਦਿੱਤਾ। ਇਸ ਦੌਰਾਨ ਦੌਰਾਨ ਪੁਲਿਸ ਨੂੰ ਲਾਸ ਵੈਗਸ ਗੋਲੀਬਾਰੀ ਦੀ ਘਟਨਾ ਦੇ ਮੁਲਜ਼ਮ ਸਟੀਫਨ ਪੈਡੌਕ ਦੇ ਮੈਸਟੀਕ ਸਥਿਤ ਘਰ ਤੋਂ ਹਥਿਆਰਾਂ ਦਾ 'ਭਾਰੀ ਜ਼ਖ਼ੀਰਾ' ਬਰਾਮਦ ਹੋਇਆ ਹੈ। ਇਸ ਤੋਂ ਪਹਿਲਾਂ ਉਸ ਦੇ ਹੋਟਲ ਦੇ ਕਮਰੇ ਤੋਂ ਵੀ ਘੱਟੋ-ਘੱਟ 17 ਹਥਿਆਰ ਮਿਲੇ ਹਨ, ਜਦੋਂਕਿ ਸ਼ੁਰੂਆਤੀ ਰਿਪੋਰਟਾਂ ਵਿੱਚ ਇਹ ਗਿਣਤੀ ਅੱਠ ਦੱਸੀ ਗਈ ਸੀ।

### ਆਈ ਐਸ ਦਾ ਦਾਅਵਾ ਖੋਖਲਾ

ਲਾਸ ਵੈਗਸ ਗੋਲੀਬਾਰੀ ਦੀ ਬਿਨਾਂ ਕਿਸੇ ਸਬੂਤ ਤੋਂ ਜ਼ਿੰਮੇਵਾਰ ਲੈ ਕੇ ਅਤਿਵਾਦੀ ਟੋਲੇ ਆਈਐਸ ਨੇ ਆਪਣੀ ਸਥਿਤੀ ਹਾਸੋਹੀਣੀ ਬਣਾ ਲਈ ਹੈ। ਹਮਲੇ ਤੋਂ ਕੁਝ ਘੰਟੇ ਬਾਅਦ ਇਸ ਦੇ ਪ੍ਰਚਾਰ ਵਿੰਗ ਨੇ ਬੀਤੇ ਦਿਨ ਜਾਰੀ ਦੋ ਬਿਆਨ ਵਿੱਚ ਦਾਅਵਾ ਕੀਤਾ ਸੀ ਕਿ ਇਹ ਹਮਲਾ ਉਸ ਦੇ ਇਕ 'ਸਿਪਾਹੀ' ਨੇ ਕੀਤਾ ਸੀ। ਜਾਣਕਾਰਾਂ ਮੁਤਾਬਕ ਆਈਐਸ ਦਾ ਇਹ ਦਾਅਵਾ ਸੱਚਾ ਨਹੀਂ ਜਾਪਦਾ ਤੇ ਇਸ ਦਾ ਝੂਠੇ ਦਾਅਵੇ ਕਾਰਨ ਪੁਰਾਣਾ ਇਤਿਹਾਸ ਰਿਹਾ ਹੈ।

ਗਰੁੱਪ ਨੇ ਬਾਅਦ ਵਿੱਚ ਇਕ ਹੋਰ ਬਿਆਨ ਜਾਰੀ ਕਰ ਕੇ ਹਮਲਵਾਰ ਦਾ ਨਾਂ 'ਅਬੂ ਅਬਦ ਅਲ-ਬਾਰ ਅਲ-ਅਮਰੀਕੀ' ਕਰਾਰ ਦਿੱਤਾ।




# ਬੇਕਰਸਫੀਲਡ ਦੇ ਟਰੱਕਰ ਭਰਾਵਾਂ ਵੱਲੋਂ ਰੋਸ ਮੁਜ਼ਾਹਰਾ 4 ਅਕਤੂਬਰ ਨੂੰ

ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ ਈ ਐਲ ਡੀ ਮੈਂਡਿਟ ਨੂੰ ਲੈਕੇ ਲੰਘੇ ਸੋਮਵਾਰ ਸਥਾਨਿਕ ਪੰਜਾਬੀ ਟਰੱਕ ਚਾਲਕ ਵੀਰਾਂ ਦੀ ਇੱਕ ਅਹਿੰਮ ਮੀਟਿੰਗ ਸਟੋਨ ਕਰੀਕ ਪਾਰਕ ਵਿੱਚ ਹੋਈ। ਜਿੱਥੇ ਸਮੂਹ ਟਰੱਕ ਕੰਪਨੀਆਂ ਦੇ ਮਾਲਕ, ਓਨਰ ਅਪਰੇਟਰ ਤੇ ਡਰਾਈਵਰ ਵੀਰ ਇਸ ਸਿੱਟੇ ਤੇ ਪਹੁੰਚੇ ਕਿ ਅਪ੍ਰੇਸ਼ਨ ਬਲਿਊ ਐਂਡ ਬਲੈਕ ਦੌਰਾਨ ਬੇਕਰਸਫੀਲਡ ਡਾਊਨ ਟਾਊਨ ਵਿੱਚ ਸਵੇਰੇ 10 ਤੋਂ ਦੁਪਹਿਰ 1 ਵਜੇ ਦਰਮਿਆਨ 1415 Truxtun ave Bakers-field,CA ਵਿਖੇ ਰੋਸ ਮੁਜ਼ਾਹਰਾ ਹੋ ਰਿਹਾ ਹੈ। ਸਭਨਾਂ ਨੂੰ ਇਸ ਰੋਸ ਮੁਜ਼ਾਹਰੇ ਵਿੱਚ ਵਧ-ਚੜਕੇ ਪਹੁੰਚਣ ਦੀ ਅਪੀਲ ਕੀਤੀ ਗਈ ਇਸ ਮੌਕੇ ਸਥਾਨਕ ਕਾਂਗਰਸ ਮੈਨ ਵੀ ਟਰੱਕਰਾਂ ਦੀ ਸਪੋਰਟ ਲਈ ਉਚੇਚੇ ਤੌਰ ਤੇ ਪਹੁੰਚਿਆ ਹੋਇਆ ਸੀ।



# ਟਰੇਸੀ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਕੀਤੀਆਂ ਨਿਯੁਕਤੀਆਂ ਮੁੱਢੋਂ ਰੱਦ

**ਨਿਊਯਾਰਕ–** ਮਿਤੀ 24 ਸਤੰਬਰ ਨੂੰ ਕੈਲੇਫੋਰਨੀਆ ਟਰੇਸੀ ਵਿਖੇ ਮੀਟਿੰਗ ਦੌਰਾਨ ਕੀਤੀਆਂ ਗਈਆਂ ਨਿਯੁਕਤੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ ਵੱਲੋਂ ਰੱਦ ਕੀਤਾ ਜਾਂਦਾ ਜੈ ।

ਜਨਰਲ ਅਕਾਲੀ ਦਲ ਦੀਆਂ ਅਮਰੀਕਾ ਭਰ ਵਿੱਚ ਨਿਯੁਕਤੀਆਂ ਕਰਨ ਦਾ ਅਧਿਕਾਰ ਸਿਰਫ ਸਿਰਫ ਤੇ ਪਾਰਟੀ ਪ੍ਰਧਾਨ ਸ. ਸੁਰਜੀਤ ਸਿੰਘ ਕਲਾਰ ਕੋਲ ਹੈ ਉਨਾਂ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਕੋਲ ਅਧਿਕਾਰ ਨਹੀਂ ਕਿ ਉਹ ਸ. ਸੁਰਜੀਤ ਸਿੰਘ ਕਲਾਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ ਨੂੰ ਬਿਨਾਂ ਭਰੋਸੇ ਵਿੱਚ ਲਿਆ ਕੋਈ ਨਿਯੁਕਤੀ ਕਰ ਸਕੇ । ਇਸੇ ਤਰਾਂ ਅਮਰੀਕਾ ਵਿੱਚ ਯੂਥ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀਆਂ ਨਿਯੁਕਤੀਆਂ ਕਰਨ ਦਾ ਅਧਿਕਾਰ ਸਿਰਫ ਸ.ਅਮਨਦੀਪ ਸਿੰਘ ਕੋਲ ਹੈ ਸਿਵਾਏ ਸ.ਅਮਨਦੀਪ ਸਿੰਘ ਤੋਂ ਕੋਈ ਵਿਅਕਤੀ ਯੂਥ ਦੀਆਂ ਨਿਯੁਕਤੀਆਂ ਨਹੀਂ ਕਰ ਸਕਦਾ ।

ਇਸ ਲਈ ਪਾਰਟੀ ਦੇ ਨਿਊਯਾਰਕ ਦਫਤਰ ਵੱਲੋਂ ਜਨਰਲ ਅਤੇ ਯੂਥ ਦੀਅਅ ਕੀਤੀਆਂ ਇਨਾਂ ਗੈਰ ਸਵਿਧਾਨਿਕ ਨਿਯੁਕਤੀਆਂ ਨੂੰ ਰੱਦ ਕੀਤਾ ਜਾਂਦਾ ਹੈ । ਅਸੀਂ ਸਾਰੇ ਕੈਲੇਫੋਰਨੀਆ ਵਾਸੀਆਂ ਨੂੰ ਇਹ ਬੇਨਤੀ ਕਰਦੇ ਹਾਂ ਕਿ ਬਹੁਤ ਜਲਦ ਕੈਲੇਫੋਰਨੀਆ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਮੀਟਿੰਗ ਕੀਤੀ ਜਾਵੇਗੀ ਉਸ ਮੀਟਿੰਗ ਵਿੱਚ ਸਾਰੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਿਰ ਹੋਣ । ਮੀਟਿੰਗ ਦਾ ਦਿਨ, ਸਮਾਂ ਅਤੇ ਸਥਾਨ ਜਲਦ ਆਪ ਜੀ ਨੂੰ ਦੱਸ ਦਿੱਤਾ ਜਾਵੇਗਾ । ਅਸੀਂ ਪੁਰਜੋਰ ਅਪੀਲ ਕਰਦੇ ਹਾਂ ਕੋ ਜੋ ਨਿਯੁਕਤੀਆਂ ਰੱਦ ਕੀਤੀਆਂ ਗਈਆਂ ਹਨ। ਪਾਰਟੀ ਦੀ ਚੜਦੀਕਲਾ ਲਈ ਨਿਊਯਾਰਕ ਦਫਤਰ ਨਾਲ ਸੰਪਰਕ ਰੱਖਿਆ ਜਾਵੇ।

# ਅੰਤਰਰਾਸ਼ਟਰੀ ਸ਼ਾਂਤੀ ਦਿਵਸ ਨੂੰ ਸਮਰਪਿਤ ਵਰਜੀਨੀਆ ਵਿਖੇ ਹੋਇਆ ਸਰਬ ਧਰਮ ਸਮਾਗਮ

**ਪ੍ਰਿੰਸ ਵਿਲੀਅਮ ਕਾਉਂਟੀ (ਹੁਸਨ ਲੜੋਆ ਬੰਗਾ)–** ਸੰਯੁਕਤ ਰਾਸ਼ਟਰ ਵੱਲੋਂ ਐਲਾਨੇ ਗਏ ਅੰਤਰ ਰਾਸ਼ਟਰੀ ਸ਼ਾਂਤੀ ਦਿਵਸ ਨੂੰ ਸਮਰਪਿਤ ਸਥਾਨਕ ਕੌਂਗਰੀਗੇਸ਼ਨ ਨਰ ਸ਼ੈਲੋਮ (ਯਹੂਦੀ ਅਰਦਾਸ ਘਰ) ਵਿਖੇ ਇਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸਾਂਝੀਵਾਲਤਾ ਦਾ ਸੁਨੇਹਾ ਦਿੰਦਿਆਂ ਸਭਨਾਂ ਲਈ ਸਤਿਕਾਰ, ਪਿਆਰ ਅਤੇ ਸਭ ਦੀ ਸੁਰੱਖਿਆ ਪ੍ਰਤੀ ਵਚਨਬੱਧਤਾ ਨੂੰ ਦੁਹਰਾਇਆ ਗਿਆ। ਇਸ ਸਮਾਗਮ ਵਿਚ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਸਿੱਖ ਸੈਂਟਰ ਆਫ ਵਰਜੀਨੀਆ ਦੁਆਰਾ ਡਾ. ਅਮਰਜੀਤ ਸਿੰਘ ਦੀ ਅਗਵਾਈ ਵਿਚ ਸਿੱਖ ਵਫਦ ਨੇ ਵੀ ਇਸ ਸਮਾਗਮ ਵਿਚ ਹਾਜਰੀ ਲੁਆਈ। ਇਸ ਮੌਕੇ ਜਿੱਥੇ ਵੱਖ-ਵੱਖ ਨੁਮਾਇੰਦਿਆਂ ਨੇ ਸੰਬੋਧਨ ਕੀਤਾ, ਉਥੇ ਸਿੱਖ ਫਲਸਫੇ ਦੀ ਗੱਲ ਕਰਦਿਆਂ ਡਾ. ਅਮਰਜੀਤ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਸਭਨਾਂ ਨਾਲ ਸਾਂਝਾ ਕੀਤਾ ਅਤੇ ਸਪੱਸ਼ਟਤਾ ਨਾਲ ਕਿਹਾ ਕਿ ਸਿੱਖੀ ਫਲਸਫਾ ਬਰਾਬਰਤਾ, ਸਾਂਝੀਵਾਲਤਾ, ਸਹਿਣਸ਼ੀਲਤਾ, ਪਿਆਰ ਅਤੇ ਸਤਿਕਾਰ ਦਾ ਸੁਨੇਹਾ ਦਿੰਦਾ ਹੈ। ਦੁਨੀਆਂ ਭਰ ਦੇ ਲੋਕਾਂ ਲਈ ਗੁਰੂ ਗ੍ਰੰਥ ਸਾਹਿਬ ਵਿਚ ਵਿਲੱਖਣ ਅਤੇ ਅਗਾਂਹਵਧੂ ਸੁਨੇਹਾ ਹੈ। ਪਹੁੰਚੇ ਨੁਮਾਇੰਦਿਆਂ ਵੱਲੋਂ ਸਿੱਖ ਫਲਸਫੇ ਨੂੰ ਇਸੇ ਦ੍ਰਿਸ਼ਟੀਕੋਣ ਵਿਚ ਦੇਖਦਿਆਂ ਸ਼ਲਾਘਾ ਕੀਤੀ ਗਈ। ਖਾਸ ਤੌਰ ਤੇ ਜਦੋਂ ਅੱਜ ਦੁਨੀਆਂ ਭਰ ਵਿਚ ਸੱਜੇ ਪੱਖੀ ਵਿਚਾਰਧਾਰਾ ਜ਼ੋਰ ਫੜ ਰਹੀ ਹੈ, ਉਦੋਂ ਸਾਨੂੰ ਅਜਿਹੇ ਸਮਾਗਮਾਂ ਦੀ ਵਧੇਰੇ ਲੋੜ ਹੈ ਤਾਂ ਜੋ ਮਨੁੱਖਤਾਵਾਦੀ ਸੁਨੇਹਾ ਵੱਧ ਤੋਂ ਵੱਧ ਲੁਕਾਈ ਤੱਕ ਪਹੁੰਚਾਇਆ ਜਾ ਸਕੇ।



# ਫਰਿਜ਼ਨੋ ਨਿਵਾਸੀ ਉੱਘੇ ਕਾਰੋਬਾਰੀ ਅਮੋਲਕ ਸਿੰਘ ਸਿੱਧੂ (ਭੋਲਾ) ਨੂੰ ਸਦਮਾ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਨਿਵਾਸੀ ਉੱਘੇ ਕਾਰੋਬਾਰੀ ਐਨ ਕੇ ਆਰ ਐਸ ਟਰੱਕਿੰਗ ਵਾਲੇ ਅਮੋਲਕ ਸਿੰਘ ਸਿੱਧੂ (ਭੋਲਾ) ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਨ੍ਹਾਂ ਦੇ ਸਹੁਰਾ ਸਾਬ੍ਹ ਸ. ਵਰਿੰਦਰ ਸਿੰਘ ਗਰੇਵਾਲ (63) ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ! ਉਹਨਾਂ ਦਾ ਪਿਛਲਾ ਪਿੰਡ ਜੋਧਾਂ ਜ਼ਿਲ੍ਹਾ ਲੁਧਿਆਣਾ ਵਿੱਚ ਹੈ। ਉਹ ਪਿਛਲੇ 22 ਸਾਲ ਤੋਂ ਅਮਰੀਕਾ ਵਿੱਚ ਅਤੇ 16 ਸਾਲ ਤੋਂ ਫਰਿਜ਼ਨੋ ਵਿਖੇ ਆਪਣੇ ਬੱਚਿਆਂ ਕੋਲ ਰਹਿ ਰਹੇ ਸਨ। ਉਹਨਾਂ ਦਾ ਅੰਤਿਮ ਸੰਸਕਾਰ ਮਿੱਤੀ 7 ਅਕਤੂਬਰ 2017 ਦਿਨ ਸ਼ਨੀਵਾਰ ਨੂੰ ਸਵੇਰੇ 11 ਤੋਂ ਦੁਪਿਹਰ 1 ਵਜੇ ਦਰਮਿਆਨ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਫਰਿਜ਼ਨੋ (4800 E CLAYTON AVE FRESNO CA 93625) ਵਿਖੇ ਹੋਵੇਗਾ, ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦਵਾਰਾ ਸਿੰਘ ਸਭਾ ਫਰਿਜ਼ਨੋ (4827 N PARKWAY DR FRESNO CA 93722) ਵਿਖੇ ਬਾਅਦ ਦੁਪਹਿਰ ਹੋਵੇਗੀ। ਦੁੱਖ ਸਾਂਝਾ ਕਰਨ ਲਈ ਤੁਸੀਂ ਅਮੋਲਕ ਸਿੰਘ ਸਿੱਧੂ (ਭੋਲਾ) ਨਾਲ (559) 709-0089 'ਤੇ ਸੰਪਰਕ ਕਰ ਸਕਦੇ ਹੋ।



# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਯੂਬਾ ਸਿਟੀ ਦੀ ਮਾਸਿਕ ਇਕੱਤਰਤਾ

**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਯੂਬਾ ਸਿਟੀ/ਸੈਕਰਾਮੈਂਟੋ ਦੀ ਮਾਸਿਕ ਇਕੱਤਰਤਾ ਬੀਤੀ 24 ਸਤੰਬਰ ਨੂੰ ਰਣਜੀਤ ਸਿੰਘ ਕਾਹਲੋਂ ਦੇ ਮਾਊਂਨਟੇਨ ਮਾਈਕ ਪੀਜ਼ੇ ਤੇ ਆਬਰਨ ਬੁਲੇਵਾਰਡ ਸੈਕਰਾਮੈਂਟੋ ਵਿਖੇ ਹੋਈ। ਸਭ ਤੋਂ ਪਹਿਲਾਂ ਸਭਾ ਦੇ ਕਾਰਜਾਂ ਨੂੰ ਬਿਹਤਰ ਬਣਾਉਣ ਲਈ ਵਿਚਾਰਾਂ ਕੀਤੀਆਂ ਗਈਆਂ ਅਤੇ ਵੱਧ ਤੋਂ ਵੱਧ ਮੈਂਬਰ ਬਣਾਉਣ ਲਈ ਜ਼ੋਰ ਦਿੱਤਾ ਗਿਆ। ਕਵੀ ਦਰਬਾਰ ਸ਼ੁਰੂ ਹੋਣ ਤੋਂ ਪਹਿਲਾਂ ਲਹਿੰਦੇ ਪੰਜਾਬ ਤੋਂ 'ਅਫਜ਼ਲ ਅਹਿਸਨ ਰੰਧਾਵਾ' ਪੰਜਾਬੀ ਦੇ ਕਵੀ ਦਾ ਦੁਨੀਆਂ ਤੋਂ ਚਲੇ ਜਾਣ ਦੇ ਦੁੱਖ ਵਿਚ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਪਿੱਛੋਂ ਕਵੀ ਦਰਬਾਰ ਵਿਚ 'ਜੀਵਨ ਰੱਤੂ' ਪਰਮਿੰਦਰ ਰਾਏ ਖਾਨਖਾਨਾ, ਮਨਜੀਤ ਕੌਰ ਸੇਖੋਂ, ਗੋਗੀ ਸੰਧੂ, ਜਸਵੰਤ ਸ਼ੀਮਾਰ, ਜੋਤੀ ਸਿੰਘ, ਅਜੈਬ ਚੀਮਾ ਨੇ ਤਰੰਨਮ ਵਿਚ ਗੀਤ ਗਾ ਕੇ ਹਾਜ਼ਰੀ ਲਵਾਈ। ਦਿਲ ਨਿੱਜਰ, ਹਰਬੰਸ ਸਿੰਘ ਜਗਿਆਸੂ, ਹਰਭਜਨ ਸਿੰਘ ਢੇਰੀ, ਜੋਗਿੰਦਰ ਕੌਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਇੰਦਰਜੀਤ ਗਰੇਵਾਲ, ਮਹਿੰਦਰ ਸਿੰਘ ਘੱਗ ਨੇ ਕਵਿਤਾ ਰਾਹੀਂ ਹਾਜ਼ਰੀ ਲਵਾਈ। ਛੋਟੀ ਬੱਚੀ ਖੁਸ਼ੀ ਰੱਤੂ ਨੇ ਵੀ ਕਵਿਤਾ ਸੁਣਾਈ। ਗੋਗੀ ਸੰਧੂ ਨੇ ਸਟੇਜ ਦੀ ਸੇਵਾ ਨਿਭਾਈ। ਅੰਤ ਵਿਚ ਪ੍ਰਧਾਨ ਜਸਵੰਤ ਸ਼ੀਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਯਾਦ ਰਹੇ ਕਿ ਸਿੱਖ ਟੈਂਪਲ 2468 ਟੈਰਾ ਬਿਉਨਾ ਯੂਬਾ ਸਿਟੀ ਵਿਖੇ 21 ਅਕਤੂਬਰ 2017 ਨੂੰ ਸ਼ਾਮੀ 6 ਵਜੇ ਤੋਂ ਦਸ ਵਜੇ ਤੱਕ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਸਮੂਹ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਉਸ ਦਿਨ ਕਵੀ ਦਰਬਾਰ ਵਿਚ ਧਾਰਮਿਕ ਗੀਤ ਜਾਂ ਧਾਰਮਿਕ ਕਵਿਤਾ ਰਾਹੀਂ ਆਪਣੀ ਹਾਜ਼ਰੀ ਲੁਆਉਣੀ ਜੀ।



# ਅਮਰੀਕਾ ਦੇ ਟਰੱਕ ਚਾਲਕ ਅਗਲੇ ਹਫ਼ਤੇ ਕਰਨਗੇ ਵੱਡਾ ਮੁਜ਼ਾਹਰਾ !

**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ਕੁਲਵੰਤ ਧਾਲੀਆਂ)–** ਅੱਜ-ਕੱਲ੍ਹ ਇਲੈਕਟ੍ਰੌਨਿਕ ਲਾਗ ਬੁੱਕ ਦਾ ਮੁੱਦਾ ਪੂਰੇ ਅਮਰੀਕਾ ਵਿੱਚ ਭਖਿਆ ਹੋਇਆ ਹੈ। ਅਗਲੇ ਹਫ਼ਤੇ ਵੈਟਰਿਨ ਟਰੱਕਿੰਗ ਐਸੋਸੀਏਸ਼ਨ ਦੇ ਸੱਦੇ ਤੇ ਟਰੱਕਰ ਵਾਸ਼ਿੰਗਟਨ ਡੀਸੀ ਅਤੇ ਕੈਲੇਫੋਰਨੀਆ ਦੇ ਕਈ ਸ਼ਹਿਰਾਂ ਵਿੱਚ ਵੱਡੇ ਮੁਜ਼ਾਹਰੇ ਕਰਨ ਜਾ ਰਹੇ ਹਨ। ਇਹ ਮੁਜ਼ਾਹਰੇ 3 ਅਕਤੂਬਰ ਤੋਂ ਲੈਕੇ 8 ਅਕਤੂਬਰ ਤੱਕ ਜਾਰੀ ਰਹਿਣਗੇ। ਇਹਨਾਂ ਮੁਜ਼ਾਹਰਿਆਂ ਦੌਰਾਨ ਟਰੱਕਰ 3 ਅਕਤੂਬਰ ਨੂੰ ਵਾਸ਼ਿੰਗਟਨ ਡੀਸੀ ਵਿੱਚ ਵੱਡਾ ਮੁਜ਼ਾਹਰਾ ਕਰ ਰਹੇ ਹਨ। ਇਸੇ ਤਰ੍ਹਾਂ ਕੈਲੇਫੋਰਨੀਆ ਵਿੱਚ 3 ਅਕਤੂਬਰ ਨੂੰ ਟਰੱਕਰ ਸੈਕਰਾਮੈਂਟੋ ਵਿਖੇ ਕੈਪੀਟਲ ਬਿਲਡਿੰਗ ਦੇ ਸਾਹਮਣੇ ਸਵੇਰੇ 9 ਵਜੇਤੋਂ ਦੁਪਹਿਰ 2 ਵਜੇ ਤਕ ਰੋਸ ਵਿਖਾਵਾ ਕਰਨਗੇ। 4 ਅਕਤੂਬਰ ਨੂੰ ਲੇਥਰੋਪ ਸ਼ਹਿਰ ਵਿੱਚ ਮੁਜ਼ਾਹਰਾ ਹੋਵੇਗਾ ਤੇ 5 ਅਕਤੂਬਰ ਨੂੰ ਫਰਿਜਨੋ ਸ਼ਹਿਰ ਦੇ ਸਿਟੀ ਹਾਲ ਦੇ ਅੱਗੇ ਭਾਰੀ ਰੋਸ ਮੁਜ਼ਾਹਰਾ ਹੋਵੇਗਾ। ਇਸ ਤੋਂ ਇਲਾਵਾ ਯੂਬਾ ਸਿਟੀ, ਲਾਸ ਏਜਲਸ ਅਤੇ ਬੇਕਰਸਫੀਲਡ ਵਿਖੇ ਵੀ ਰੋਸ ਮੁਜ਼ਾਹਰੇ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਹੁਣ ਤੱਕ ਅਮਰੀਕਨ ਟਰੱਕਰ ਪੇਪਰ ਲਾਗ ਬੁੱਕ ਵਰਤਦੇ ਆ ਰਹੇ ਹਨ ਪਰ ਹੁਣ 18 ਦਸੰਬਰ 2017 ਤੋਂ ਇਲੈਕਟਰਾਨਿੰਕ ਲਾਗ ਡਵਾਇਸ (ਈਐਲਡੀ) ਟਰੱਕਾਂ ਵਿੱਚ ਲਾਜ਼ਮੀ ਹੋ ਗਈ ਹੈ। ਡਰਾਈਵਰਾਂ ਦੇ ਦੱਸਣ ਮੁਤਾਬਕ ਉਹਨਾਂ ਨੂੰ ਇਹਇਲੈਕਟ੍ਰੌਨਿਕ ਲਾਗ ਡਿਵਾਇਸ ਲਾਉਣ 'ਚ ਕੋਈ ਦਿੱਕਤ ਨਹੀਂ ਪਰ ਪਹਿਲਾਂ ਮਹੌਲ ਅਨੁਕੂਲ ਬਣਾਓ ਇਲੈਕਟ੍ਰੌਨਿਕ ਲਾਗ ਬੁੱਕ ਲਾਉਣ ਲਈ। ਉਨ੍ਹਾਂ ਕਿਹਾ ਕਿ 14 ਘੰਟੇ ਲਾਗ ਬੁੱਕ ਕਾਨੂੰਨ ਮੁਤਾਬਕ ਇਲੈਕਟ੍ਰੌਨਿਕ ਲਾਗ ਬੁੱਕ 'ਤੇ ਚੱਲਣਾ ਬਹੁਤ ਮੁਸ਼ਕਲ ਹੈ ਕਿਉਂਕਿ ਸ਼ਿੱਪਰ ਤੇ ਰਸੀਵਰ ਸੱਤ ਸੱਤ ਘੰਟੇ ਟਰੱਕ ਨਹੀਂ ਲੱਦਦੇ।

ਨਾ ਕੋਈ ਵੇਟਿੰਗ ਟਾਈਮ ਪੇਅ ਕਰਦਾ ਹੈ। ਜੇਕਰ ਅਸੀਂ ਮਿਲਣ ਦੇ ਮਿੱਥੇ ਸਮੇਂ ਤੋਂ ਲੇਟ ਹੁੰਦੇ ਹਾਂ ਫਿਰ ਅੱਗੋਂ 48-48 ਘੰਟੇ ਮਿਲਣ ਦਾ ਸਮਾਂ ਨਹੀਂ ਮਿਲਦੀ ਫੇਰ ਇਲੈਕਟ੍ਰੌਨਿਕ ਲਾਗ ਬੁੱਕ ਨੂੰ ਮੰਨ ਕੇ ਅਸੀਂ ਘਰ ਕਿਵੇਂ ਤੋਰਾਂਗੇ..! ਉਨ੍ਹਾਂ ਕਿਹਾ ਕਿ ਮੈਕਸੀਕੋ ਦੇਸ਼ ਦੇ ਬਾਰਡਰ ਵਾਲੇ ਸ਼ਹਿਰਾਂ ਵਿੱਚ ਕਈ ਵਾਰੀ ਲੋਡ ਚੱਲਣ ਨੂੰ ਦਿਹਾੜੀ-ਦਿਹਾੜੀ ਪਾਰ ਹੋ ਜਾਂਦੀ ਹੈ ਬਰੋਕਰ ਸੌ ਦੋ ਸੌ ਡਾਲਰ ਦੇ ਕੇ ਪੱਲ੍ਹਾ ਝਾੜ ਜਾਂਦਾ ਹੈ। ਡਰਾਈਵਰ ਟਰੱਕਾਂ ਦੇ ਭਾੜੇ ਵਧਾਉਣ ਦੇ ਨਾਲ-ਨਾਲ ਲੇਅਓਵਰ ਵੀ ਵਧਾਉਣ ਦੀ ਮੰਗ ਕਰ ਰਹੇ ਹਨ।

ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਬਹੁਤ ਸਾਰੀਆਂ ਥਾਂਵਾਂ 'ਤੇ ਉਨ੍ਹਾਂ ਨਾਲ ਮਾੜਾ ਵਿਵਹਾਰ ਕੀਤਾ ਜਾਂਦਾ ਹੈ। ਇਨ੍ਹਾਂ ਸਾਰੇ ਮਸਲਿਆਂ ਦੇ ਹੱਲ ਲਈ ਆਪਣੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਡਰਾਈਵਰ ਕੰਮ ਕਾਰ ਛੱਡ ਕੇ ਇਹ ਰੋਸ ਮੁਜ਼ਾਹਰੇ ਕਰ ਰਹੇ ਹਨ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਟਰੱਕਰ ਆਪਣੇ ਮਿਸ਼ਨ ਵਿੱਚ ਕਿੰਨੇ ਕਿ ਕਾਮਯਾਬ ਹੁੰਦੇ ਨੇ।



# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਟੂਰਿਜ਼ਮ ਪੁਲੀਸ ਭਰਤੀ ਕਰਨ ਦੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਸੈਰ ਸਪਾਟਾ ਤੇ ਸਭਿਆਚਾਰ ਮੰਤਰੀ ਸ. ਨਵਜੋਤ ਸਿੰਘ ਸਿੱਧੂ ਨੂੰ ਇੱਕ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਸ਼ਹਿਰ ਵਿੱਚ ਯਾਤਰੂਆਂ ਦੀ ਸਹੂਲਤ ਲਈ ਪ੍ਰਮੁੱਖ ਸਥਾਨਾਂ 'ਤੇ ਰੱਖੇ ਟੂਰਿਜ਼ਮ ਪੁਲੀਸ ਦੇ ਖੋਖਿਆਂ ਦੇ ਇਸ ਸਮੇਂ ਲੱਗੇ ਤਾਲਿਆਂ ਨੂੰ ਲਾਹ ਕੇ ਉੱਥੇ ਯਾਤਰੂਆਂ ਦੀ ਸਹੂਲਤ ਲਈ ਪੁਲੀਸ ਕਰਮਚਾਰੀ ਨਿਯੁਕਤ ਕੀਤੇ ਜਾਣ ਜਿਹੜੇ ਯਾਤਰੂਆਂ ਨੂੰ ਸੈਰ ਸਪਾਟਾ ਵਾਲੀਆਂ ਥਾਵਾਂ ਬਾਰੇ, ਰੇਲ ਗੱਡੀਆਂ ਦੇ ਆਉਣ ਤੇ ਜਾਣ ਦਾ ਸਮਾਂ, ਹਵਾਈ ਉਡਾਣਾਂ ਦੇ ਆਉਣ ਜਾਣ ਦਾ ਸਮਾਂ ਤੇ ਹੋਰ ਜਾਣਕਾਰੀ ਦੇ ਸਕਣ। ਕਈ ਸਾਲ ਪਹਿਲਾਂ ਸ਼ਹਿਰ ਦੀਆਂ ਪ੍ਰਮੁਖ 8 ਥਾਵਾਂ 'ਤੇ ਜਿਨ੍ਹਾਂ ਵਿਚ ਰੇਲਵੇ ਸਟੇਸ਼ਨ, ਸ੍ਰੀ ਦਰਬਾਰ ਸਾਹਿਬ, ਸ੍ਰੀ ਦੁਰਗਿਆਨਾ ਮੰਦਰ , ਬੱਸ ਸਟੈਂਡ, ਹਵਾਈ ਅੱਡਾ, ਰਣਜੀਤ ਐਵੇਨਿਊ,ਭੰਡਾਰੀ ਪੁੱਲ ਆਦਿ ਸ਼ਾਮਲ ਹਨ 'ਤੇ ਖੋਖੇ ਰੱਖੇ ਹੋਏ ਹਨ। ਇਨ੍ਹਾਂ ਉਪਰ ਟੂਰਿਸਟ ਹੈੱਲਪਲਾਈਨ ਦਾ ਨੰਬਰ 1073 ਦਿੱਤਾ ਗਿਆ ਹੈ,ਪਰ ਜਦ ਇਸ ਨੰਬਰ 'ਤੇ ਕਾਲ ਕਰੋ ਤਾਂ ਉਹ ਚੰਡੀਗੜ੍ਹ ਟ੍ਰੈਫ਼ਿਕ ਪੁਲੀਸ ਨੂੰ ਜਾ ਮਿਲਦੀ ਹੈ।ਇਸ ਲਈ ਇਸ ਨੰਬਰ ਵੀ ਦਰੁਸਤ ਕਰਨ ਦੀ ਲੋੜ ਹੈ। ਜੇ ਇਨ੍ਹਾਂ ਨੂੰ ਠੀਕ ਤਰ੍ਹਾਂ ਵਰਤੋਂਯੋਗ ਬਣਾਇਆ ਜਾਵੇ ਤਾਂ ਇਹ ਸੁਵਿਧਾ ਕੇਂਦਰ ਯਾਤਰੂਆਂ ਨੂੰ ਆਉਂਦੀਆਂ ਮੁਸ਼ਕਿਲਾਂ ਬਾਰੇ ਅਹਿਮ ਰੋਲ ਅਦਾ ਕਰ ਸਕਦੇ ਹਨ। ਇਸ ਸਮੇਂ ਇਨ੍ਹਾਂ ਵਿੱਚ ਨਾ ਕੋਈ ਕਰਮਚਾਰੀ ਹੈ ਤੇ ਨਾ ਹੀ ਕੋਈ ਸਮੱਗਰੀ ਹੈ। ਜਿੰਦਰੇ ਲੱਗੇ ਹੋਏ। ਇਹ ਪਿਛਲੇ ਕਈ ਸਾਲਾਂ ਤੋਂ ਸੜਕਾਂ ਦਾ ਸ਼ਿੰਗਾਰ ਬਣੇ ਹੋਏ ਹਨ। ਮੰਚ ਆਗੂ ਨੇ ਸਿੱਧੂ ਸਾਹਿਬ ਨੂੰ ਬੇਨਤੀ ਕੀਤੀ ਹੈ ਕਿ ਉਹ ਨਿੱਜੀ ਰੂਪ ਵਿੱਚ ਇਨ੍ਹਾਂ ਖੋਖਿਆਂ ਬਾਰੇ ਖੁਦ ਜਾ ਕੇ ਜਾਣਕਾਰੀ ਪ੍ਰਾਪਤ ਕਰਨ। ਗੁਰੂ ਕੀ ਨਗਰੀ ਵਿੱਚ ਸਾਰੀ ਦੁਨੀਆਂ ਤੋਂ ਯਾਤਰੂ ਆਉਂਦੇ ਹਨ, ਪਰ ਉਨ੍ਹਾਂ ਲਈ ਉਹ ਸਹੂਲਤਾਂ ਨਹੀਂ ਹਨ, ਜੋ ਚਾਹੀਦੀਆਂ ਹਨ। ਲੁੱਟਾਂ ਖੋਹਾਂ ਆਮ ਹਨ। ਮੋਟਰ ਸਾਈਕਲ ਸਵਾਰ ਯਾਤਰੂਆਂ ਦੇ ਪਰਸ ਖੋਹ ਕੇ ਭੱਜ ਜਾਂਦੇ ਹਨ।।

# ਭੀੜਾਂ ਅਤੇ ਹਾਦਸੇ

ਭਾਰਤ ਸਵਾ ਸੌ ਕਰੋੜ ਤੋਂ ਜ਼ਿਆਦਾ ਆਬਾਦੀ ਵਾਲਾ ਦੁਨੀਆਂ ਦਾ ਦੂਜਾ ਵੱਡੀ ਆਬਾਦੀ ਵਾਲਾ ਮੁਲਕ ਹੈ। ਇਸ ਮੁਲਕ ਵਿਚ ਲੋਕੀ ਧਾਰਮਿਕ ਪ੍ਰੋਗਰਾਮਾਂ ਵਿਚ ਵੱਡੇ ਪੱਧਰ ਤੇ ਸ਼ਿਰਕਤ ਕਰਦੇ ਹਨ ਜਾਂ ਇਉਂ ਕਹਿ ਲਿਆ ਜਾਵੇ ਕਿ ਭਾਰਤ ਵਿਚ ਸੈਰ-ਸਪਾਟਾ ਸਿਰਫ ਧਰਮ ਦੇ ਨਾਂ ਤੇ ਹੀ ਵੱਧ-ਫੁੱਲ ਰਿਹਾ ਹੈ ਪਰ ਇੰਨੀ ਵੱਡੀ ਆਬਾਦੀ ਦੇ ਅੱਗੇ ਮੁਲਕ ਦੇ ਸਰੋਤ ਬਹੁਤ ਛੋਟੇ ਰਹਿ ਗਏ ਹਨ। ਹਰ ਥਾਂ ਭੀੜਾਂ ਹੀ ਭੀੜਾਂ ਇਕੱਠੀਆਂ ਦਿਖਾਈ ਦਿੰਦੀਆਂ ਹਨ। ਮੁਲਕ ਦੇ ਵੱਡੇ ਸ਼ਹਿਰਾਂ ਵਿਚ ਬੁਨਿਆਦੀ ਢਾਂਚੇ ਉਤੇ ਇਹ ਭੀੜਾਂ ਹਾਵੀ ਹੋ ਗਈਆਂ ਹਨ। ਇਹੀ ਕਾਰਨ ਹੈ ਕਿ ਭੀੜਾਂ ਕਾਰਨ ਕਿਤੇ ਪੁਲ ਟੁੱਟਦਾ ਹੈ ਅਤੇ ਕਿਤੇ ਟਰੇਨ ਖਰਾਬ ਹੁੰਦੀ ਹੈ। ਸੜਕ ਹਾਦਸਿਆਂ ਵਿਚ ਬੇਤਹਾਸ਼ਾ ਵਾਧਾ ਹੁੰਦਾ ਜਾ ਰਿਹਾ ਹੈ। ਮੁੰਬਈ ਵਿਚ ਐਲਫਿਨਸਟੋਨ ਰੋਡ ਰੇਲਵੇ ਸਟੇਸ਼ਨ ਅਤੇ ਪਰੇਲ ਸਟੇਸ਼ਨਾਂ ਨੂੰ ਪੈਦਲ ਯਾਤਰੀਆਂ ਲਈ ਜੋੜਨ ਵਾਲੇ ਓਵਰਬ੍ਰਿਜ ਉਤੇ ਭਗਦੜ ਮਚਣ ਨਾਲ 22 ਲੋਕਾਂ ਦੀ ਮੌਤ ਹੋ ਗਈ, 30 ਬੰਦੇ ਜ਼ਖਮੀ ਹੋ ਗਏ। ਭਗਦੜ ਵਿਚ ਕਈ ਲੋਕ ਦਮ ਘੁਟਣ ਨਾਲ ਮਰੇ। ਇਹ ਪੁਲ ਉਤੇ ਵਾਪਰੇ ਦੁਖਾਂਤ ਨਾਲ ਪਲਾਂ ਵਿਚ ਜਿਉਂਦੇ ਜਾਗਦੇ ਇਨਸਾਨ ਲਾਸ਼ਾਂ ਦੇ ਢੇਰ ਵਿਚ ਤਬਦੀਲ ਹੋ ਗਏ। ਪਿਛਲੇ ਸਾਲ ਉਤਰ ਪ੍ਰਦੇਸ਼ ਦੇ ਸ਼ਹਿਰ ਵਾਰਾਨਸੀ ਵਿਚ ਸ਼ਾਕਾਹਾਰੀ, ਸਦਾਚਾਰ ਅਤੇ ਸ਼ਰਾਬਬੰਦੀ ਦੇ ਪ੍ਰਚਾਰ ਹਿਤ ਜੈ ਗੁਰਦੇਵ ਧਰਮ ਪ੍ਰਚਾਰਕ ਸੰਸਥਾ ਵੱਲੋਂ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੌਰਾਨ ਮਚੀ ਭਗਦੜ ਵਿਚ 15 ਔਰਤਾਂ ਸਮੇਤ 25 ਲੋਕਾਂ ਦੀ ਮੌਤ ਹੋਈ ਸੀ ਅਤੇ 100 ਤੋਂ ਵੱਧ ਜ਼ਖਮੀ ਹੋਏ ਸਨ। 2015 ਵਿਚ ਆਂਧਰਾ ਪ੍ਰਦੇਸ਼ ਦੇ ਰਾਜਮੁੰਦਰੀ ਵਿਚ ਪੁਸ਼ਕਰ ਮੇਲੇ ਵਿਚ ਇਸ ਤਰ੍ਹਾਂ ਦੀ ਭਗਦੜ ਵਿਚ 27 ਸ਼ਰਧਾਲੂਆਂ ਦੀ ਮੌਤ ਹੋਈ ਸੀ ਅਤੇ 70 ਸ਼ਰਧਾਲੂ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਸਨ। ਮਰਨ ਵਾਲਿਆਂ ਵਿਚ 23 ਔਰਤਾਂ ਸਨ।

ਇਸ ਮੇਲੇ ਦਾ ਪ੍ਰਬੰਧ ਕਰਨ ਲਈ 18000 ਪੁਲਿਸ ਕਰਮੀ ਡਿਊਟੀ ਤੇ ਹਾਜਰ ਸਨ ਅਤੇ ਫਿਰ ਵੀ ਹਾਦਸਾ ਵਾਪਰ ਗਿਆ। ਪਿਛਲੇ ਸਾਲ ਬਿਹਾਰ ਦੀ ਰਾਜਧਾਨੀ ਪਟਨਾ ਵਿਚ ਦੁਸ਼ਹਿਰੇ ਵਾਲੇ ਦਿਨ ਗਾਂਧੀ ਮੈਦਾਨ ਵਿਚ ਰਾਵਣ ਦਹਿਨ ਵੇਖਣ ਆਏ ਲੋਕਾਂ ਵਿਚ ਉਸ ਸਮੇਂ ਭਗਦੜ ਮੱਚ ਗਈ ਜਦੋਂ ਲੋਕਾਂ ਵਿਚ ਬਿਜਲੀ ਦੀ ਤਾਰ ਟੁੱਟਣ ਦੀ ਅਫਵਾਹ ਫੈਲ ਗਈ। ਇਸ ਹਾਦਸੇ ਵਿਚ 33 ਮੌਤਾਂ ਹੋਈਆਂ ਸਨ ਅਤੇ 100 ਜ਼ਖਮੀ ਹੋਏ ਸਨ। ਪੰਜ ਲੱਖ ਲੋਕਾਂ ਦੇ ਇਕੱਠ ਲਈ ਸਿਰਫ ਇਕੋ ਗੇਟ ਖੋਲ੍ਹਿਆ ਗਿਆ ਸੀ। ਹਾਦਸੇ ਵਿਚ ਬੱਚੇ ਅਤੇ ਔਰਤਾਂ ਲੋਕਾਂ ਦੇ ਪੈਰਾਂ ਥੱਲੇ ਕੁਚਲੀਆਂ ਗਈਆਂ ਅਤੇ ਗਾਂਧੀ ਮੈਦਾਨ ਲਾਸ਼ਾਂ ਦੇ ਢੇਰ ਵਿਚ ਬਦਲ ਗਿਆ ਸੀ। 19 ਫਰਵਰੀ 2013 ਨੂੰ ਇਲਾਹਾਬਾਦ ਦੇ ਕੁੰਭ ਦੇ ਮੇਲੇ ਵਿਚ 36 ਵਿਅਕਤੀ ਮਰੇ ਸਲ। 30 ਸਤੰਬਰ 2008 ਵਿਚ ਜੋਧਪੁਰ ਦੇ ਚਮੁੰਡਾਦੇਵੀ ਮੰਦਰ ਵਿਚ ਹੋਏ ਵੱਡੇ ਹਾਦਸੇ ਨੇ 210 ਲੋਕਾਂ ਦੀ ਜਾਨ ਲਈ ਸੀ। 2006 ਵਿਚ ਸਿੰਧ ਨਦੀ ਵਿਚ 50 ਯਾਤਰੀ ਡੁੱਬ ਕੇ ਮਾਰੇ ਗਏ ਸਨ। 26 ਜਨਵਰੀ 2005 ਦਾ ਵੱਡਾ ਦੁਖਾਂਤ ਵਾਲਾ ਦਿਨ ਸੀ। ਇਸ ਦਿਨ ਮਹਾਰਾਸ਼ਟਰ ਦੇ ਸਿਤਾਰਾ ਜ਼ਿਲ੍ਹੇ ਦੇ ਮੰਧੇਰੀ ਮੰਦਰ ਵਿਚ ਮਚੀ ਭਗਦੜ ਦੌਰਾਨ 350 ਲੋਕ ਜਾਨ ਤੋਂ ਹੱਥ ਧੋ ਬੈਠੇ ਸਨ। 3 ਅਗਸਤ 2008 ਨੂੰ ਨੈਣਾ ਦੇਵੀ ਵਿਖੇ ਮੱਚੀ ਭਗਦੜ ਵਿਚ 162 ਲੋਕਾਂ ਦੀ ਮੌਤ ਹੋਈ ਸੀ। ਇਹਨਾਂ ਵਿਚੋਂ 104 ਵਿਅਕਤੀ ਪੰਜਾਬ ਨਾਲ ਸਬੰਧਤ ਸਨ। 14 ਜਨਵਰੀ 2011 ਨੂੰ ਕੇਰਲ ਦੇ ਸਬਰਮਾਲੀ ਮੰਦਰ ਦੀ ਭਗਦੜ ਦੌਰਾਨ 106 ਸ਼ਰਧਾਲੂ ਮਾਰੇ ਗਏ ਸਨ। ਨਵੰਬਰ 2012 ਵਿਚ ਬਿਹਾਰ ਵਿਖੇ ਛੱਟ ਪੂਜਾ ਦੌਰਾਨ ਬਾਂਸ ਦਾ ਬਣਿਆ ਪੁਲ ਟੁੱਟਿਆ ਸੀ ਅਤੇ 20 ਸ਼ਰਧਾਲੂ ਗੰਗਾ ਵਿਚ ਰੁੜ੍ਹ ਗਏ ਸਨ।

ਕੀ ਇਹ ਸਭ ਰੁਕ ਸਕਦਾ ਹੈ? ਜੀ ਹਾਂ, ਰੁਕ ਸਕਦਾ ਹੈ ਜੇਕਰ ਸਰਕਾਰਾਂ ਇਸ ਬਾਰੇ ਕੋਈ ਵਿਸ਼ੇਸ਼ ਪ੍ਰਬੰਧ ਸਿਸਟਮ ਅਖਤਿਆਰ ਕਰਨ। ਜਿੱਥੇ ਵੀ ਜ਼ਿਆਦਾ ਭੀੜ ਇਕੱਠੀ ਹੋਣ ਦਾ ਸ਼ੰਕਾ ਹੁੰਦਾ ਹੈ, ਉਸ ਥਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ। ਪੁਰਾਣੇ ਪੁਲਾਂ ਨੂੰ ਤੋੜ ਕੇ ਨਵੇਂ ਬਣਾਉਣ ਦੀ ਲੋੜ ਹੈ। ਪੁਰਾਣੀਆਂ ਸੜਕਾਂ ਨੂੰ ਦਰੁੱਸਤ ਕਰਨ ਦੀ ਲੋੜ ਹੈ। ਹਾਲਾਂਕਿ ਇਹ ਕੰਮ ਚੱਲ ਰਿਹਾ ਹੈ ਪਰ ਇਸ ਦੀ ਗਤੀ ਬਹੁਤ ਧੀਮੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। –ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ–43

## ਗੁਰਬਾਣੀ ਦੇ ਚਾਨਣ ਵਿੱਚ "ਸ਼ਬਦ ਗੁਰੂ" ਦਾ ਸੰਕਲਪ



ਅਵਤਾਰ ਸਿੰਘ ਮਿਸ਼ਨਰੀ
510-432-5827

ਸ਼ਬਦ ਦੇ ਅਰਥ ਧੁਨਿ, ਅਵਾਜ਼, ਸੁਰ, ਪਦ, ਲਫਜ਼, ਗੁਫਤਗੂ, ਗੁਰਉਪਦੇਸ਼, ਕਰਤਾਰ, ਧਰਮ, ਮਜ਼ਹਬ, ਪੈਗਾਮ, ਸੁਨੇਹਾ ਅਤੇ ਗਿਆਨ ਆਦਿਕ ਹਨ। ਗੁਰੂ ਵੀ ਬਹੁ ਅਰਥੀ ਲਫਜ਼ ਤੇ ਅਰਥ ਹਨ ਗੁਰ ਦੱਸਣ ਵਾਲਾ, ਗਿਆਨ ਦਾਤਾ, ਪ੍ਰਕਰਣ ਅਨੁਸਾਰ ਜੋ ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰਕੇ, ਗਿਆਨ ਦਾ ਪ੍ਰਕਾਸ਼ ਕਰ ਦੇਵੇ। ਸਕੂਲਾਂ ਕਾਲਜਾਂ ਵਿੱਚ ਜੋ ਦੁਨਿਆਵੀ ਗਿਆਨ ਦੇਵੇ ਉਸ ਨੂੰ ਅਧਿਆਪਕ, ਆਚਾਰੀਆ, ਪ੍ਰੋਫੈਸਰ ਜਾਂ ਪ੍ਰਿੰਸੀਪਲ ਆਖਦੇ ਹਨ। ਦੂਜੇ ਪਾਸੇ ਰੂਹਾਨੀ ਗੁਰੂ, ਪ੍ਰਮਾਰਥ ਦਾ ਗਿਆਨ ਦਿੰਦਾ ਹੈ। ਜਦ ਦਾ ਮਨੁੱਖ ਬੋਲਣ ਚੱਲਣ ਲੱਗਿਆ ਤੇ ਉਸ ਦਾ ਮਨ ਵਿਗਸਤ ਹੋਇਆ, ਸਿੱਖਣ ਸਿਖਾਉਣ ਵੱਲ ਵਧਿਆ ਤਦ ਤੋਂ ਹੀ ਸਿਖਿਆ ਦਾਤਿਆਂ ਦੀ ਲੋੜ ਪਈ। ਦੁਨਿਆਵੀ ਵਿਦਿਆ ਵਿੱਚ ਮੁਹਾਰਤ ਰੱਖਣ ਵਾਲੇ ਅਧਿਆਪਕ ਤੇ ਪ੍ਰਮਾਰਥਕ ਵਿਦਿਆ ਦੇ ਗਿਆਨੀ ਗੁਰੂ ਥਾਪੇ ਗਏ। ਬਾਬਾ ਨਾਨਕ ਜੀ ਤੋਂ ਪਹਿਲੇ ਦੇਹਧਾਰੀ ਗੁਰੂ ਦਾ ਸੰਕਲਪ ਪ੍ਰਚਲਤ ਸੀ। ਦੇਹਾਂ ਨੂੰ ਖਾਣ, ਪੀਣ, ਪਹਿਨਣ, ਓਡਣ, ਰਹਿਣ, ਸਹਿਣ ਤੇ ਅਰਾਮ ਲਈ ਨੀਂਦ ਦੀ ਲੋੜ ਹੁੰਦੀ ਹੈ। ਬਾਬੇ ਨਾਨਕ ਨੇ ਗਿਆਨ ਦਿੱਤਾ ਕਿ ਦੇਹਾਂ ਬਿਨਸਣਹਾਰ ਨੇ ਜੋ ਸਖਸ਼ੀ ਪੂਜਾ ਦਾ ਪ੍ਰਤੀਕ ਬਣਾ ਲਈਆਂ ਜਾਂਦੀਆਂ ਹਨ। ਅਵਤਾਰ ਪੀਰਾਂ ਤੋਂ ਬਾਅਦ ਗੱਦੀਦਾਰ, ਗੁਰੂ ਜਾਂ ਵਾਰਸ ਬਣ ਜਾਂਦੇ ਹਨ। ਫਿਰ ਗੱਦੀ ਜਾਂ ਪਦਵੀ ਹਾਸਲ ਕਰਨ ਲਈ ਜਦੋ-ਜ਼ਹਿਦ ਸ਼ੁਰੂ ਹੋ ਜਾਂਦੀ ਜੋ ਲੜਾਈ ਝਗੜਿਆਂ ਦਾ ਕਾਰਨ ਬਣਦੀ ਹੈ।

ਇਸ ਲਈ ਬਾਬੇ ਨਾਨਕ ਨੇ ਸ਼ਬਦ-ਗੁਰੂ ਦਾ ਸਿਧਾਂਤ ਲੋਕਾਈ ਨੂੰ ਦਰਸਾਇਆ ਤੇ ਦ੍ਰਿੜਾਇਆ। ਜਦ ਪ੍ਰਚਾਰਕ ਦੌਰਿਆਂ ਸਮੇਂ ਸਿੱਧਾਂ, ਜੋਗੀਆਂ ਜਾਂ ਵਕਤੀ ਧਰਮ ਆਗੂਆਂ ਨੇ ਬਾਬਾ ਨਾਨਕ ਜੀ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥? ਤਾਂ ਬਾਬੇ ਫੁਰਮਾਇਆ ਸ਼ਬਦ ਮੇਰਾ ਗੁਰੂ ਤੇ ਸੁਰਤਿ ਮੇਰੀ ਉਸ ਦਾ ਚੇਲਾ ਹੈ-ਸਬਦ ਗੁਰੂ ਸੁਰਤਿ ਧੁਨਿ ਚੇਲਾ॥ (੯੪੩) ਬਾਬਾ ਨਾਨਕ ਜੀ ਦੇ ਉਤ੍ਰਾਧਿਕਾਰੀਆਂ ਨੇ ਵੀ ਦਰਸਾਇਆ ਕਿ ਸਤਿਗੁਰੂ ਕਦੇ ਆਉਂਦਾ-ਜਾਂਦਾ ਭਾਵ ਜੰਮਦਾ ਮਰਦਾ ਨਹੀਂ, ਉਹ ਨਾਸ਼ ਰਹਿਤ ਅਤੇ ਸਰਬ-ਵਿਆਪਕ ਹੈ-ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥ ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥੧੩॥(੭੫੯) ਸ਼ਬਦ ਹੀ ਗੁਰੂ, ਪੀਰ, ਗਹਿਰ ਗੰਭੀਰ ਹੈ, ਉਸ ਤੋਂ ਬਿਨਾਂ ਜਗਤ ਦੁਨਿਆਵੀ ਪਦਾਰਥਾਂ ਤੇ ਬਿਨਸਨਹਾਰ ਛਲਾਵਿਆਂ ਵਿੱਚ ਕਮਲਾ ਹੋਇਆ ਫਿਰਦਾ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗ ਬਉਰਾਨੰ॥ (੬੩੫) ਭਾਈ ਗੁਰਦਾਸ ਜੀ ਵੀ ਜਿਕਰ ਕਰਦੇ ਹਨ-ਸਬਦ ਗੁਰੂ, ਗੁਰੁ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।(੨੦k੭)

ਸੋ ਸ਼ਬਦ ਗੁਰੂ ਦਾ ਅਸਲ ਗਿਆਨ ਨਾ ਹੋਣ ਕਰਕੇ ਬਹੁਤੇ ਦੇਹਧਾਰੀ ਗੁਰੂ ਵੀ ਅੰਧ-ਸਾਗਰ ਵਿੱਚ ਉਲਝ ਗਏ ਤੇ ਚੇਲੇ ਭਾਵ ਸਿਖੀਆਰਥੀ ਵੀ ਰੋੜ ਦਿੱਤੇ-ਕਬੀਰ ਮਾਏ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥ ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥ (੧੩੭੦) ਬਹੁਤੇ ਦੇਹਧਾਰੀ ਗੁਰੂ, ਸ਼ਬਦ ਗੁਰੂ ਨੂੰ ਵਿਸਾਰ ਕੇ ਖੁਦ ਰੱਬ ਜਾਂ ਪ੍ਰਮਾਤਮਾਂ ਕਹਾਉਣ ਲੱਗ ਪਏ। ਜਰਾ ਸੋਚੋ! ਭਾਵੇਂ ਸ਼ਬਦ ਗੁਰੂ ਦੇਹਾਂ ਰਾਹੀਂ ਪ੍ਰਗਟ ਹੁੰਦਾ ਤੇ ਸਦੀਵ ਹੈ ਪਰ ਦੇਹਾਂ ਰੂਪੀ ਚੋਲੇ ਬਦਲਦੇ ਤੇ ਖਤਮ ਹੁੰਦੇ ਰਹਿੰਦੇ ਹਨ। ਜਿਵੇਂ ਸਾਫ ਭਾਂਡਿਆਂ ਵਿੱਚ ਦੁੱਧ ਫਟਦਾ ਨਹੀਂ ਇਵੇਂ ਸੀ ਸਾਫ ਹਿਰਦਿਆਂ ਵਿੱਚ ਸੱਚਾ ਸ਼ਬਦ ਸਮਾਉਂਦਾ ਹੈ ਪਰ ਉੱਚੇ ਸੁੱਚੇ ਆਚਰਣ ਵਾਲੇ ਵਿਰਲੇ ਹੁੰਦੇ ਹਨ। ਬਾਬਾ ਨਾਨਕ ਖੁਦ ਫੁਰਮਾਂਦੇ ਹਨ ਕਿ ਨਾਨਕ ਉਸ ਉੱਚੇ ਸੁੱਚੇ ਸ਼ਬਦ ਦੀ ਸ਼ਰਣ ਆਇਆ ਹੈ ਜੋ ਜੀਵ ਆਤਮਾਂ ਨੂੰ ਪ੍ਰਮਾਤਮਾਂ ਨਾਲ ਮਿਲਾ ਦਿੰਦਾ ਹੈ-ਸੂਚੈ ਭਾਂਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥੫॥੬॥(੫੯੭) ਸ਼ਬਦ ਗੁਰੂ ਆਦਿ ਕਾਲੀ ਤੇ ਸਦੀਵਕਾਲ ਕਾਲ ਅਮਰ ਹੈ। ਕਦੇ ਜੰਮਦਾ, ਮਰਦਾ, ਖਾਂਦਾ ਪੀਂਦਾ, ਰੋਂਦਾ-ਸੌਂਦਾ ਨਹੀਂ ਅਤੇ ਸਰਦੀ ਗਰਮੀ ਮਹਿਸੂਸ ਨਹੀਂ ਕਰਦਾ। ਸ਼ਬਦ ਗੁਰੂ ਵਿਕਾਰਾਂ ਰਹਿਤ ਤੇ ਅਭੁੱਲ ਹੁੰਦਾ ਹੈ-ਭੂਲਣ ਅੰਦਰਿ ਸਭੁ ਕੋ ਅਭੁਲ ਗੁਰੂ ਕਰਤਾਰ॥ (੬੧) ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥ (੧੩੪੪ )

ਇਹ ਉਪ੍ਰੋਕਤ ਸ਼ਬਦ ਗੁਰੂ ਬਾਬਾ ਨਾਨਕ ਜੀ ਦਾ ਉਚਾਰਣ ਹੈ ਜੋ ਸ਼ਬਦ ਨੂੰ ਸਦੀਵ ਗੁਰੂ ਮੰਨਦੇ ਸਨ ਤੇ ਉਨ੍ਹਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਸੀ। ਦੂਜੇ ਪਾਸੇ ਉਹ ਦੇਹਾਂ ਵੀ ਅਤੀ ਸਤਿਕਾਰਯੋਗ ਹਨ ਜੋ ਵਿਕਾਰਾਂ ਤੇ ਕਾਬੂ ਪਾ ਉੱਚੇ-ਸੁੱਚੇ ਆਚਰਣ ਵਾਲੀਆਂ ਹਨ। ਫਰਕ ਇਨ੍ਹਾਂ ਹੈ ਕਿ ਦੇਹਾਂ ਦੁਨਿਆਵੀ ਕਰਿਆਵਾਂ ਕਰਦੀਆਂ ਹਨ ਪਰ ਸ਼ਬਦ ਗੁਰੂ ਇਨ੍ਹਾਂ ਤੋਂ ਮੁਕਤ ਹੁੰਦਾ ਹੈ। ਦੇਹਧਾਰੀ ਰੱਬੀ ਭਗਤ ਅਤੇ ਸਿੱਖ ਗੁਰੂ ਸਹਿਬਾਨ ਸ਼ਬਦ ਗੁਰੂ ਦੀ ਸ਼ਰਣ ਵਿੱਚ ਓਤ-ਪੋਤ ਹੋ ਚੁੱਕੇ ਤੇ ਉਨ੍ਹਾਂ ਦੀ ਸੁਰਤ ਬਹੁਤ ਉੱਚੀ-ਸੁੱਚੀ ਹੋ ਚੁੱਕੀ ਸੀ। ਗੁਰੂ ਸ਼ਰਣ ਆਉਣ ਤੋਂ ਪਹਿਲਾਂ ਉਹ ਵੀ ਆਮ ਦੁਨਿਆਵੀ ਇਨਸਾਨ ਸਨ ਪਰ ਸ਼ਬਦ ਗੁਰੂ ਦਰ ਆ ਮਹਾਨ ਹੋ ਗਏ। ਉਨ੍ਹਾਂ ਦੇ ਸਦੀਵੀ ਤੇ ਸ਼ਬਦੀ ਉਪਦੇਸ਼ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਖੇ ਸੁਭਾਇਮਾਨ ਹਨ। ਸਾਨੂੰ ਰੱਬੀ ਭਗਤਾਂ ਤੇ ਸਿੱਖ ਗੁਰੂ ਸਹਿਬਾਨਾਂ ਨਾਲ ਸਾਧਾਂ, ਸੰਤਾਂ, ਡੇਰਾਵਾਦੀਆਂ ਸੰਪ੍ਰਦਾਈਆਂ ਤੇ ਉਨ੍ਹਾਂ ਦੇ ਉਤ੍ਰਾਧਿਕਾਰੀ ਤੇ ਵਿਸ਼ਵਾਸ਼ੀ ਲਿਖਾਰੀਆਂ ਵੱਲੋਂ ਮਨਘੜਤ ਦੰਦ ਕਥਾਵਾਂ ਅਤੇ ਜੋੜੀਆਂ ਗਈਆਂ ਕਥਾ ਕਹਾਣੀਆਂ ਉੱਤੇ ਵਿਸ਼ਵਾਸ਼ ਨਹੀਂ ਕਰਨਾ ਚਾਹੀਦਾ ਜੋ ਸਾਡੇ ਵਿੱਚ ਕਈ ਤਰ੍ਹਾਂ ਦੀਆਂ ਉਲਝਣਾ ਪੈਦਾ ਕਰਕੇ, ਭਰਾ ਮਾਰੂ ਜੰਗ ਦਾ ਸਾਧਨ ਬਣ ਰਹੀਆਂ ਹਨ। ਦੇਹ ਅਤੇ ਸ਼ਬਦ ਗੁਰੂ ਦਾ ਸਬੰਧ ਇਉਂ ਹੈ ਜਿਵੇਂ ਰੂਹ-ਸਰੀਰ, ਸ਼ਿਆਹੀ-ਕਾਗਦ, ਮਲਾਹ-ਬੇੜੀ, ਡ੍ਰਾਈਵਰ-ਗੱਡੀ, ਕ੍ਰਿਪਾਨ-ਮਿਆਨ ਅਤੇ ਸਕੂਲ-ਅਧਿਆਪਕ ਆਦਿ। ਸੋ ਸਰੀਰ, ਬੇੜੀ, ਗੱਡੀ, ਮਿਆਨ ਅਤੇ ਸਕੂਲ ਮਨਫੀ ਨਹੀ ਕੀਤੇ ਜਾ ਸਕਦੇ ਪਰ ਉਨ੍ਹਾਂ ਨੂੰ ਰੂਹ, ਸ਼ਿਆਹੀ, ਮਲਾਹ, ਡ੍ਰਾਈਵਰ, ਕ੍ਰਿਪਾਨ ਅਤੇ ਅਧਿਆਪਕ ਨਹੀਂ ਮੰਨਿਆਂ ਜਾ ਸਕਦਾ ਤੇ ਉਹ ਆਪਣੀ ਥਾਂ ਸਤਿਕਾਰਤ ਹਨ। ਇਵੇਂ ਜਿਨ੍ਹਾਂ ਦੇਹਾਂ ਵਿੱਚ ਸ਼ਬਦ ਗੁਰੂ ਦਾ ਪ੍ਰਕਾਸ਼ ਹੋ ਗਿਆ ਜਾਂ ਜਿਨ੍ਹਾਂ ਦੇਹਾਂ ਰਾਹੀਂ ਸ਼ਬਦ ਗੁਰੂ ਪ੍ਰਗਟ ਹੋਇਆ ਅਤੇ ਪ੍ਰਚਾਰਿਆ ਗਿਆ, ਉਹ ਵੀ ਆਪਣੀ ਥਾਂ ਸਤਿਕਾਰਤ ਹਨ। ਬਾਬਾ ਗੁਰੂ ਨਾਨਕ ਦਾ ਭਾਵ ਵੀ ਇਹ ਹੈ ਕਿ ਬਾਬੇ ਦੀ ਦੇਹ ਵਿੱਚ ਸ਼ਬਦ ਗੁਰੂ ਪ੍ਰਕਾਸ਼। ਦੇਹ ਬਿਨਸ ਜਾਂਦੀ ਤੇ ਸ਼ਬਦ ਗੁਰੂ ਸਦਾ ਪ੍ਰਕਾਸ਼ ਰਹਿੰਦਾ ਹੈ। ਇਸੇ ਲਈ ਇਤਿਹਾਸ ਵਿੱਚ ਮਿਲਦਾ ਹੈ ਕਿ "ਤਿਤ ਮਹਿਲ ਜੋ ਸ਼ਬਦ ਹੋਆ ਸੋ ਪੋਥੀ ਗੁਰ ਅੰਗਦ ਜੋਗਿ

**(ਬਾਕੀ ਸਫਾ 10 ਤੇ)**

# ਦਿਨੋ-ਦਿਨ ਅਲੋਪ ਹੋ ਰਿਹਾ ਕਰਵਾ ਚੌਥ ਦਾ ਤਿਉਹਾਰ



ਤਸਵਿੰਦਰ ਸਿੰਘ ਬੜੈਚ
98763-22677

ਪਹਿਲੇ ਸਮਿਆਂ ਵਿੱਚ ਬਹੁਤ ਕਿਸਮ ਦੇ ਵਰਤ ਰੱਖੇ ਜਾਂਦੇ ਸਨ। ਕਰਵਾ ਚੌਥ ਦਾ ਵਰਤ ਰੱਖਣ ਦਾ ਬਹੁਤ ਰਿਵਾਜ ਹੁੰਦਾ ਸੀ। ਕਰਵਾ ਚੌਥ ਦਾ ਵਰਤ ਝੱਕਰੀਆਂ ਦੇ ਵਰਤ ਤੋ ਚਾਰ ਦਿਨ ਪਹਿਲਾਂ ਚੌਥ ਵਾਲੇ ਦਿਨ ਰੱਖਿਆ ਜਾਂਦਾ ਸੀ। ਇਹ ਵਰਤ ਸੁਹਾਗਣਾਂ ਆਪਣੇ ਪਤੀ ਦੇਵ ਦੀ ਚੰਗੀ ਸਿਹਤ ਲਈ ਤੇ ਚਿਰ ਜਿਊਣ ਦੀ ਕਾਮਨਾ ਕਰਨ ਲਈ ਰੱਖਦੀਆਂ ਸਨ। ਸੁਹਾਗਣਾਂ ਇਸ ਵਰਤ ਦਾ ਅਗਾਜ ਸਵੇਰੇ ਮੂੰਹ ਹਨੇਰੇ ਉੱਠ ਕੇ ਨਹਾ ਧੋ ਕੇ, ਸੋਹਣੇ ਸੂਟ ਪਾ ਕੇ, ਦਿਨ ਚੜਨ ਤੋ ਪਹਿਲਾ-ਪਹਿਲਾ ਤਾਰਿਆਂ ਦੀ ਛਾਵੇਂ-ਛਾਵੇਂ ਸਰਘੀ ਖਾ ਕੇ ਕਰਦੀਆਂ ਸਨ। ਜਿਸ ਵਿੱਚ ਮਿੱਠੀਆਂ ਰੋਟੀਆਂ, ਚੂਰੀ ਤੇ ਕੁੱਝ ਫਲ ਹੁੰਦੇ ਸਨ। ਸਰਘੀ ਖਾਣ ਉਪਰੰਤ ਫਿਰ ਦਿਨ ਵਿਚ ਕੁੱਝ ਨਹੀਂ ਖਾਣਾ ਹੁੰਦਾ ਸੀ। ਇਥੋਂ ਤਕ ਕਿ ਪਾਣੀ ਦਾ ਘੁੱਟ ਵੀ ਨਹੀਂ ਸੀ ਪੀਤਾ ਜਾਂਦਾ। ਸ਼ਾਮ ਨੂੰ ਬ੍ਰਾਹਮਣ ਤੋਂ ਵਰਤ ਸਬੰਧੀ ਕਥਾ ਸੁਣਨ ਜਾਂਦੀਆਂ ਸਨ। ਕਥਾ ਸੁਣਨ ਤੋਂ ਬਾਅਦ ਸਾਰੀਆਂ ਔਰਤਾਂ ਹਾਰ-ਸ਼ਿੰਗਾਰ ਲਗਾ ਕੇ ਦੁਲਹਣਾਂ ਵਾਂਗ ਸੱਜ-ਧੱਜ ਕੇ ਕੋਠਿਆਂ ਉੱਤੇ ਚੜਦੀਆ ਅਤੇ ਵਦੀ ਚੌਥ ਦੇ ਚੰਨ ਦਾ ਚੜ੍ਹਨਾ ਉਡੀਕਦੀਆਂ ਸਨ। ਇਸ ਦਿਨ ਕਰੂਏ (ਇਕ ਮਿੱਟੀ ਦੇ ਭਾਂਡੇ ਦਾ ਨਾਂ ਹੈ ) ਦੀ ਪੂਜਾ ਕੀਤੀ ਜਾਂਦੀ ਸੀ। ਇਸ ਵਿਚ ਪਾਣੀ ਭਰਿਆ ਜਾਂਦਾ ਸੀ। ਜਦ ਚੰਦ ਨਿਕਲ ਆਉਂਦਾ ਸੀ, ਉਸ ਸਮੇਂ ਚੰਦ ਨੂੰ ਕਰੂਏ ਵਿਚ ਪਾਏ ਪਾਣੀ ਤੇ ਹੋਰ ਪਦਾਰਥਾਂ ਦਾ ਅਰਗ ਦਿੱਤਾ ਜਾਂਦਾ ਸੀ। ਤੀਵੀਆਂ ਛਾਨਣੀ ਥਾਂਈ ਚੰਦਰਮਾ ਵੇਖਦੀਆਂ ਸਨ ਤੇ ਆਪਣੇ ਪਤੀ ਦੀ ਲੰਮੀ ਉਮਰ ਦੀ ਅਰਦਾਸ ਕਰਦੀਆਂ ਸਨ, ਇਸ ਮੌਕੇ ਗੀਤ ਗਾਏ ਜਾਂਦੇ ਸਨ –

ਸੁਣ ਭੈਣ ਵੀਰਾਂ
ਚੰਨ ਚੜ੍ਹੇ ਤੇ ਪਾਣੀ ਪੀਣਾ
ਸੁੱਤੇ ਨੂੰ ਜਗਾਈਂ ਨਾ
ਵਿਹੜੇ ਪੈਰ ਪਾਈਂ ਨਾ
ਰੁੱਠੜਾ ਮਨਾਈ ਨਾ
ਘੁੰਮ ਚਰਖੜਾ ਫੇਰੀਂ ਨਾ
ਕੱਤਿਆਂ ਅਟੇਰੀ ਨਾ
ਸੁੱਤੇ ਨੂੰ ਜਗਾਈ ਨਾ

ਕਰਵਾ ਚੌਥ ਦੇ ਵਰਤ ਦੀ ਕਥਾ ਪਿਛੋਂ, ਕੋਈ ਮਿੱਠੀ ਚੀਜ਼ ਖਾ ਕੇ ਸੁਹਾਗਣਾਂ ਆਪਣਾ ਵਰਤ ਖੋਲ੍ਹਦੀਆਂ ਸਨ। ਕਰਵਾ ਚੌਥ ਸਾਰਿਆਂ ਪੰਜਾਬਣਾਂ ਦਾ ਤਿਉਹਾਰ ਹੈ। ਵਿਆਹੀਆਂ ਹੋਈਆਂ ਕੁੜੀਆਂ ਦੇ ਵੀਰ ਕਰਵਾ ਚੌਥ ਦੇ ਵਰਤਾਂ ਲਈ ਵੀਰ ਗੱਡੀ ਜੋੜ ਕੇ ਲੈਣ ਜਾਂਦੇ ਸਨ –

ਗੱਡੀ ਜੋੜ ਕੇ ਆਈ ਵੇ ਵੀਰਾ
ਕਰੂਏ ਦੇ ਵਰਤਾਂ ਨੂੰ

ਜੇਕਰ ਕਿਸੇ ਕੰਮ ਧੰਦੇ ਵਿਚ ਫਸਿਆ ਹੋਇਆ ਵੀਰ ਕਰਵਾ ਚੌਥ ਦੇ ਵਰਤਾਂ ਨੂੰ ਭੈਣ ਨੂੰ ਲਿਆਉਣ ਤੋਂ ਖੁੰਝ ਜਾਂਦਾ ਸੀ,ਬਾਅਦ ਵਿਚ ਭੈਣ ਕੋਲ ਜਾਂਦਾ ਸੀ ਤਾਂ ਉਸ ਨੂੰ ਭੈਣ ਦੇ ਤੱਤੇ ਬੋਲ ਸੁਣਨੇ ਪੈਂਦੇ ਸਨ –

ਕਾਹਨੂੰ ਆਇਆ ਵੇ ਬੇਸ਼ਰਮਾ ਵੀਰਾ
ਕਰੂਏ ਦੇ ਵਰਤ ਗਏ

ਪਿੰਡਾਂ ਵਿਚ ਹੁਣ ਕੋਈ ਟਾਂਵਾਂ-ਟਾਂਵਾਂ ਘਰ ਹੀ ਕਰਵਾ ਚੌਥ ਦੇ ਵਰਤ ਰੱਖਦਾ ਹੈ। ਸ਼ਹਿਰਾਂ ਵਿਚ ਅਜੇ ਵੀ ਹਿੰਦੂਆਂ ਦੇ ਘਰਾਂ ਵਿਚ ਵਰਤ ਰੱਖਣ ਦਾ ਰਿਵਾਜ ਚੱਲ ਰਿਹਾ ਹੈ ਪਰ ਉੱਥੇ ਵੀ ਹੁਣ ਇਹ ਦਿਨੋਂ -ਦਿਨ ਘਟਦਾ ਜਾ ਰਿਹਾ ਹੈ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਗੁਰੂ ਘਰ ਦਾ 25ਵਾਂ ਸਥਾਪਨਾ ਦਿਵਸ

**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਨੇ ਪਹਿਲੀ ਅਕਤੂਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ) ਦਾ 25ਵਾਂ ਸਥਾਪਨਾ ਦਿਵਸ ਬਹੁਤ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ। ਇਸ ਮੌਕੇ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਸ ਸਬੰਧਤ 29 ਸਤੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਹੋਏ ਤੇ ਪਹਿਲੀ ਅਕਤੂਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। 30 ਸਤੰਬਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਭਾਈ ਜਸਵਿੰਦਰ ਸਿੰਘ ਜੀ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ ਅਤੇ ਚੰਦੋਆ ਸਾਹਿਬ ਦੀ ਸੇਵਾ ਸ਼ਿਵ ਹੀਰਾ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ।

ਸ੍ਰੀ ਅਖੰਡ ਪਾਠ ਸਾਹਿਬ ਅਤੇ ਲੰਗਰ ਦੀ ਸੇਵਾ ਸਾਬਕਾ ਚੇਅਰਮੈਨ ਅਤੇ ਉਘੇ ਬਿਜਨਸਮੈਨ ਜਸਵਿੰਦਰ ਬੰਗਾ ਜੀ ਤੇ ਉਹਨਾਂ ਦੇ ਭਰਾ ਸੁਭਾਸ਼ ਬੰਗਾ (ਜੌਨ ਬੰਗਾ) ਬੰਗਾ ਬ੍ਰਦਰਜ਼ ਪਰਿਵਾਰਾਂ ਵੱਲੋਂ ਅਤੇ ਅਵਤਾਰ ਸਿੰਘ ਜੱਸਲ ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ।

30 ਸਤੰਬਰ ਦਿਨ ਸ਼ਨਿਚਰਵਾਰ ਵਾਲੇ ਦਿਨ ਨਿਸ਼ਾਨ ਸਾਹਿਬ ਦੀ ਸੇਵਾ ਦੌਰਾਨ ਸੰਗਤਾਂ ਨੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ ਅਤੇ ਭਾਈ ਜਸਪਾਲ ਸਿੰਘ ਹੀਰਾ, ਭਾਈ ਨਿਰਮਲ ਸਿੰਘ ਤੇ ਭਾਈ ਅਮਰਜੀਤ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ, ਜਿਸ ਵਿਚ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨ ਤੇ ਸੰਗਤਾਂ ਨੇ ਸਤਿਨਾਮ ਵਾਹਿਗੁਰੂ ਜੀ ਦਾ ਨਿਸ਼ਾਨ ਸਾਹਿਬ ਦੀ ਸੇਵਾ ਦੌਰਾਨ ਜਾਪ ਕੀਤਾ।

ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 9 ਵਜੇ ਤੱਕ ਸ਼ਾਮਾਂ ਦੇ ਕੀਰਤਨ ਦੀਵਾਨ ਸਜਾਏ ਗਏ ਤੇ ਇਸ ਦੌਰਾਨ ਭਾਈ ਸੁਖਜੀਵਨ ਸਿੰਘ ਜੀ ਤੇ ਉਹਨਾਂ ਦਾ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਤੋਂ ਇਲਾਵਾ ਭਾਈ ਪ੍ਰਭਜੀਤ ਸਿੰਘ ਤੇ ਬੀਬੀ ਗੁਰਕਿਰਨ ਕੌਰ ਅਤੇ ਗੁਰੂ ਘਰ ਦਾ ਰਾਗੀ ਜਥਾ ਭਾਈ ਜਸਪਾਲ ਸਿੰਘ ਹੀਰਾ, ਭਾਈ ਨਿਰਮਲ ਸਿੰਘ ਤੇ ਭਾਈ ਅਮਰਜੀਤ ਸਿੰਘ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸੇ ਤਰ੍ਹਾਂ ਪਹਿਲੀ ਅਕਤੂਬਰ ਦਿਨ ਐਤਵਾਰ ਨੂੰ ਸਵੇਰ ਦੇ ਕੀਰਤਨ ਦੀਵਾਨ ਸਜਾਏ ਗਏ, ਇਸ ਦੌਰਾਨ ਗੁਰੂ ਘਰ ਦਾ ਰਾਗੀ ਜਥਾ ਭਾਈ ਨਿਰਮਲ ਸਿੰਘ, ਭਾਈ ਜਸਪਾਲ ਸਿੰਘ ਹੀਰਾ ਤੇ ਅਮਰਜੀਤ ਸਿੰਘ ਤੋਂ ਇਲਾਵਾ ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ ਅਤੇ ਭਾਈ ਪ੍ਰਭਜੀਤ ਸਿੰਘ ਤੇ ਬੀਬੀ ਗੁਰਕਿਰਨ ਕੌਰ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਸੇਵਾ ਨਿਭਾਅ ਰਹੇ ਸ੍ਰੀ ਰਾਜ ਸੂਦ ਨੇ ਸਮੂਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਤਿਕਾਰਯੋਗ ਸੰਗਤ ਦਾ ਭਾਰੀ ਗਿਣਤੀ 'ਚ ਇਕੱਤਰ ਹੋਣ 'ਤੇ ਧੰਨਵਾਦ ਕਰਦਿਆਂ ਸਭ ਨੂੰ ਗੁਰੂ ਘਰ ਦੇ 25ਵੇਂ ਸਥਾਪਨਾ ਦਿਵਸ ਤੇ ਹਾਰਦਿਕ ਵਧਾਈ ਦਿੱਤੀ।

ਇਸ ਸ਼ੁਭ ਅਵਸਰ ਤੇ ਮੈਡਮ ਸੂ ਫਰੋਸਟ ਸਿਟੀ ਸੁਪਰਵਾਈਜ਼ਰ (ਸੈਕਰਾਮੈਂਟੋ 4 ਡਿਸਟ੍ਰਿਕਟ) ਤੇ ਸ੍ਰੀ ਟੋਨੀ ਸਿੰਘ ਤੋਂ ਇਲਾਵਾ ਕੈਲੇਫੋਰਨੀਆ ਦੇ ਗਵਰਨਰ ਦੀ ਚੋਣ ਲੜਨ ਜਾ ਰਹੇ ਡਾ. ਹਰਮੇਸ਼ ਕੁਮਾਰ, 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਅਫਤਾਵਾਰੀ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ, ਸਾਬਕਾ ਚੇਅਰਮੈਨ ਸ੍ਰੀ ਜਸਵਿੰਦਰ ਬੰਗਾ, ਟੋਨੀ ਸਿੰਘ ਆਦਿ ਬੁਲਾਰਿਆਂ ਨੇ ਗੁਰੂ ਘਰ ਦੇ 25ਵੇਂ ਸਥਾਪਨਾ ਦਿਵਸ ਤੇ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ, ਗੁਰੂ ਘਰ ਦੇ ਫਾਊਂਡਰ ਮੈਂਬਰ ਸਾਹਿਬਾਨ ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਹਾਰਦਿਕ ਵਧਾਈ ਦਿੱਤੀ ਅਤੇ ਗੁਰੂ ਘਰ ਦੀ ਨਵੀਂ ਬਣਨ ਜਾ ਰਹੀ ਬਿਲਡਿੰਗ ਵਾਸਤੇ ਕੀਤੇ ਜਾ ਰਹੇ ਉਦਮਾਂ ਦੀ ਸਰਾਹਨਾ ਕਰਦਿਆਂ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਇਹ ਸ਼ੁਭ ਕਾਰਜ ਜਲਦੀ ਤੋਂ ਜਲਦੀ ਪੂਰੇ ਹੋਣ।

ਇਸ ਉਪਰੰਤ ਮੈਡਮ ਸੂ ਫਰੋਸਟ, ਟੋਨੀ ਸਿੰਘ, ਜੈਗ ਬੈਂਸ ਤੋਂ ਇਲਾਵਾ ਬੰਗਾ ਬ੍ਰਦਰਜ਼ ਅਤੇ ਉਹਨਾਂ ਦੇ ਪਰਿਵਾਰਾਂ, ਜਸਵਿੰਦਰ ਬੰਗਾ ਤੇ ਉਹਨਾਂ ਦੀ ਧਰਮ ਪਤਨੀ, ਸੁਭਾਸ਼ ਬੰਗਾ ਤੇ ਉਹਨਾਂ ਦੀ ਧਰਮ ਪਤਨੀ ਤੋਂ ਇਲਾਵਾ ਸ. ਅਵਤਾਰ ਸਿੰਘ ਜੱਸਲ ਤੇ ਉਹਨਾਂ ਦੀ ਧਰਮ ਪਤਨੀ, ਭਾਈ ਸਾਹਿਬ ਭਾਈ ਜਸਵਿੰਦਰ ਸਿੰਘ ਜੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਸੰਗਤਾਂ ਨੂੰ ਕੜਾਅ ਪ੍ਰਸ਼ਾਦ ਤੇ ਲੰਗਰ ਅਤੁੱਟ ਵਰਤਾਏ ਗਏ।

ਚੇਅਰਮੈਨ ਸ੍ਰੀ ਬਲਵਿੰਦਰ ਰੱਲ੍ਹ ਅਤੇ ਪ੍ਰਧਾਨ ਸ੍ਰੀ ਰਮੇਸ਼ ਬੰਗੜ ਜੀ ਨੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ, ਰਾਗੀ ਜਥਿਆਂ, ਬੁਲਾਰਿਆਂ ਤੇ ਹਰ ਮਾਈ-ਭਾਈ ਵੱਲੋਂ ਤੇ ਉਹਨਾਂ ਦੇ ਪਰਿਵਾਰਾਂ ਵੱਲੋਂ ਕੀਤੀ ਗਈ ਸੇਵਾ ਲਈ ਧੰਨਵਾਦ ਕੀਤਾ ਗਿਆ ਤੇ ਦੂਰੋਂ-ਨੇੜਿਉਂ ਆਈਆਂ ਸੰਗਤਾਂ ਦਾ ਵੀ ਧੰਨਵਾਦ ਕੀਤਾ।

(ਤਸਵੀਰਾਂ ਦੇਖੋ ਸਫਾ 11-12 ਤੇ)

# ਹਨੀਪ੍ਰੀਤ ਜ਼ੀਰਕਪੁਰ-ਪਟਿਆਲਾ ਸੜਕ ਤੋਂ ਕੀਤੀ ਗ੍ਰਿਫਤਾਰ

**ਚੰਡੀਗੜ੍ਹ (ਬਿਊਰੋ)–** ਡੇਰਾ ਸੱਚਾ ਸੌਦਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਗੋਦ ਲਈ ਧੀ ਹਨੀਪ੍ਰੀਤ ਇੰਸਾਂ ਨੂੰ 25 ਅਗਸਤ ਨੂੰ ਹਿੰਸਾ ਭੜਕਾਉਣ ਦੇ ਮਾਮਲੇ ਵਿੱਚ ਹਰਿਆਣਾ ਪੁਲੀਸ ਨੇ ਅੱਜ ਗ੍ਰਿਫ਼ਤਾਰ ਕਰ ਲਿਆ। ਹਨੀਪ੍ਰੀਤ ਦੇ ਕਿਸੇ ਅਣਦੱਸੀ ਥਾਂ ਉਤੇ ਦੋ ਪ੍ਰਾਈਵੇਟ ਟੈਲੀਵਿਜ਼ਨ ਚੈਨਲਾਂ ਦੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਕੁੱਝ ਘੰਟਿਆਂ ਬਾਅਦ ਇਹ ਗ੍ਰਿਫ਼ਤਾਰੀ ਹੋਈ। ਹਰਿਆਣਾ ਦੇ ਡੀਜੀਪੀ ਬੀ.ਐਸ. ਸੰਧੂ ਨੇ ਕਿਹਾ ਕਿ ਪ੍ਰਿਯੰਕਾ ਤਨੇਜਾ (36) ਉਰਫ਼ ਹਨੀਪ੍ਰੀਤ ਨੂੰ ਜ਼ੀਰਕਪੁਰ-ਪਟਿਆਲਾ ਸੜਕ ਤੋਂ ਗ੍ਰਿਫ਼ਤਾਰ ਕੀਤਾ ਗਿਆ। ਵੱਡੇ ਪੱਧਰ ਉਤੇ ਮੁਹਿੰਮ ਚਲਾਉਣ ਦੇ ਬਾਵਜੂਦ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਨਾ ਕਰ ਸਕਣ ਕਾਰਨ ਹਰਿਆਣਾ ਪੁਲੀਸ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਡੇਰਾ ਮੁਖੀ ਨੂੰ ਜਬਰਜਨਾਹ ਦੇ ਕੇਸ ਵਿੱਚ ਦੋਸ਼ੀ ਠਹਿਰਾਉਣ ਮਗਰੋਂ ਭੜਕੀ ਹਿੰਸਾ ਦੇ




ਮਾਮਲੇ ਵਿੱਚ ਹਰਿਆਣਾ ਪੁਲਿਸ ਨੂੰ ਲੋੜੀਂਦੇ 43 ਵਿਅਕਤੀਆਂ ਦੀ ਸੂਚੀ ਵਿੱਚ ਹਨੀਪ੍ਰੀਤ ਸਿਖ਼ਰ ਉਤੇ ਸੀ।

ਪੰਚਕੂਲਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਿਸ ਕਮਿਸ਼ਨਰ ਏ.ਐਸ. ਚਾਵਲਾ ਨੇ ਕਿਹਾ ਕਿ "ਹਨੀਪ੍ਰੀਤ ਨੂੰ ਪੰਜਾਬ ਵਿੱਚ ਜ਼ੀਰਕਪੁਰ-ਪਟਿਆਲਾ ਸੜਕ ਤੋਂ ਮੁਕੇਸ਼ ਕੁਮਾਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਹਿਰਾਸਤ ਵਿੱਚ ਲਿਆ। ਉਸ ਤੋਂ ਹਿੰਸਾ ਦੀਆਂ ਘਟਨਾਵਾਂ ਬਾਰੇ ਪੁੱਛ-ਪੜਤਾਲ ਕੀਤੀ ਜਾਵੇਗੀ।''

ਪੁਲਿਸ ਕਮਿਸ਼ਨਰ ਨੇ ਕਿਹਾ ਕਿ ਹਿੰਸਾ ਵਿੱਚ ਉਸ ਦੀ ਭੂਮਿਕਾ ਦੀ ਵੀ ਜਾਂਚ ਹੋਵੇਗੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰੀ ਵੇਲੇ ਹਨੀਪ੍ਰੀਤ ਨਾਲ ਇਨੋਵਾ ਕਾਰ ਵਿੱਚ ਇਕ ਹੋਰ ਔਰਤ ਵੀ ਸੀ। ਇਸ ਗ੍ਰਿਫ਼ਤਾਰੀ ਬਾਰੇ ਪੰਜਾਬ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜਦੋਂ ਪੁੱਛਿਆ

(ਬਾਕੀ ਸਫਾ 17 'ਤੇ)

# ਵਿਜੇ ਮਾਲਿਆ ਲੰਡਨ 'ਚ ਗ੍ਰਿਫ਼ਤਾਰ; ਮਿਲੀ ਜ਼ਮਾਨਤ

**ਲੰਡਨ–** ਬੈਂਕਾਂ ਦਾ ਕਰੀਬ 9 ਹਜ਼ਾਰ ਕਰੋੜ ਰੁਪਏ ਗਬਨ ਕਰਨ ਵਾਲੇ ਭਗੌੜੇ ਸ਼ਰਾਬ ਕਾਰੋਬਾਰੀ ਵਿਜੇ ਮਾਲਿਆ (61) ਨੂੰ ਅੱਜ ਇਥੇ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦਰਜ ਕੀਤੇ ਗਏ ਕਾਲੇ ਧਨ ਨੂੰ ਸਫ਼ੇਦ ਬਣਾਉਣ ਦੇ ਮਾਮਲੇ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਬਾਅਦ 'ਚ ਉਸ ਨੂੰ ਵੈਸਟਮਿੰਸਟਰ ਮੈਜਿਸਟਰੇਟ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ। ਉਹ ਪਹਿਲਾਂ ਹੀ ਹਵਾਲਗੀ ਵਾਰੰਟ ਤਹਿਤ ਜ਼ਮਾਨਤ 'ਤੇ ਚਲ ਰਿਹਾ ਹੈ। ਉਸ ਨੂੰ ਪਹਿਲਾਂ ਵਾਲੀਆਂ ਸ਼ਰਤਾਂ 'ਤੇ ਹੀ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ ਜਿਸ ਦਾ ਮੁਕੱਦਮਾ 4 ਦਸੰਬਰ ਤੋਂ ਸ਼ੁਰੂ ਹੋਣਾ ਹੈ। ਅਦਾਲਤ ਦੇ ਬਾਹਰ ਪੀਟੀਆਈ ਨਾਲ ਗੱਲਬਾਤ ਕਰਦਿਆਂ ਮਾਲਿਆ ਨੇ ਕਿਹਾ ਕਿ ਉਸ ਨੇ ਕੁਝ ਵੀ ਗ਼ਲਤ ਨਹੀਂ ਕੀਤਾ ਹੈ ਅਤੇ ਦੋਸ਼ਾਂ ਨੂੰ ਉਸ ਨੇ ਮਨਘੜਤ ਕਰਾਰ ਦਿੱਤਾ। ਉਸ ਨੇ ਕਿਹਾ,''ਮੈਂ ਸਾਰੇ ਦੋਸ਼ਾਂ ਨੂੰ ਨਕਾਰਦਾ ਹਾਂ ਅਤੇ ਅੱਗੇ ਵੀ ਇਨ੍ਹਾਂ ਨੂੰ ਨਕਾਰਦਾ ਰਹਾਂਗਾ। ਮੈਂ ਕਿਸੇ ਵੀ ਅਦਾਲਤ ਤੋਂ ਭੱਜਿਆ ਨਹੀਂ ਹਾਂ। ਮੈਂ ਆਪਣੇ ਆਪ ਨੂੰ ਬੇਕਸੂਰ ਸਾਬਿਤ ਕਰਨ ਲਈ ਬਥੇਰੇ ਸਬੂਤ ਦਿੱਤੇ ਹਨ।'' ਜੱਜ, ਚੀਫ਼ ਮੈਜਿਸਟਰੇਟ ਏਮਾ ਲੂਈਜ਼ ਅਰਬਥਨੌਟ ਨੇ ਕਿਹਾ ਕਿ ਮਾਲਿਆ ਨੂੰ ਪਹਿਲਾਂ ਵਾਲੀਆਂ ਜ਼ਮਾਨਤੀ ਸ਼ਰਤਾਂ 'ਤੇ ਛੱਡਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਪਾਲਣ ਕਰਨਾ ਪਏਗਾ। ਇਸ ਤੋਂ ਪਹਿਲਾਂ ਯੂਕੇ ਦੇ ਕ੍ਰਾਊਨ ਪ੍ਰੋਸੀਕਿਊਸ਼ਨ ਸਰਵਿਸ, ਜੋ ਭਾਰਤ ਸਰਕਾਰ ਵੱਲੋਂ ਮਾਲਿਆ ਖ਼ਿਲਾਫ਼ ਕੇਸ ਲੜ ਰਹੇ ਹਨ, ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਸੀ। ਉਸ ਨੂੰ ਪਹਿਲਾਂ ਸਕਾਟਲੈਂਡ ਯਾਰਡ ਨੇ ਗ੍ਰਿਫ਼ਤਾਰ ਕੀਤਾ ਸੀ।

Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

PERSONAL CAR SERVICES:
(Approved by CA DMV )

Capital services

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜ਼ਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us

33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਤੇ ਜਵਾਨੀ ਵਲੋਂ ਜਲੰਧਰ 'ਚ ਵਲੰਟੀਅਰ ਸੰਮੇਲਨ ਤੇ ਮਾਰਚ

## 28 ਸਤੰਬਰ ਤੋਂ 28 ਅਕਤੂਬਰ ਤੱਕ ਪੰਜਾਬ ਵਿਚ ਬਨੇਗਾ ਤੇ ਵਿਚਾਰਧਾਰਕ ਮੁਹਿੰਮ ਚਲਾਉਣ ਦਾ ਐਲਾਨ

**ਜਲੰਧਰ–** ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵਲੋਂ ਅੱਜ ਇਥੇ ਪਰਮਗੁਣੀ ਭਗਤ ਸਿੰਘ ਦੇ 110 ਸਾਲਾ ਜਨਮ ਦਿਨ ਤੇ ਦੇਸ਼ ਭਗਤ ਯਾਦਗਾਰ ਹਾਲ ਵਿਚ ਬਾਵਰਦੀ ਜਿਸ ਵਿਚ ਭਗਤ ਸਿੰਘ ਦੀ ਫੋਟੋ ਵਾਲੀ ਲਾਲ ਰੰਗ ਦੀ ਟੀ ਸ਼ਰਟਾਂ ਅਤੇ ਲਾਲ ਕਮੀਜਾਂ ਪਹਿਨ ਕੇ ਵਲੰਟੀਅਰ ਮਾਰਚ ਅਤੇ ਸੰਮੇਲਨ ਕੀਤਾ ਗਿਆ ਅਤੇ ਜਲੰਧਰ ਦੇ ਬਾਜਾਰਾਂ ਵਿਚ ਮਾਰਚ ਵੀ ਕੀਤਾ ਗਿਆ। ਜਿਸ ਵਿਚ ਪੰਜਾਬ ਭਰ ਵਿਚੋਂ ਹਜਾਰਾਂ ਦੀ ਗਿਣਤੀ ਵਿਚ ਵਲੰਟੀਅਰਾਂ ਅਤੇ ਆਮ ਲੋਕਾਂ ਨੇ ਹਿੱਸਾ ਲਿਆ। ਇਸ ਸਮਾਗਮ ਦੀ ਪ੍ਰਧਾਨਗੀ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਚਰਨਜੀਤ ਸਿੰਘ ਛਾਂਗਾ ਰਾਏ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਅਤੇ ਸੂਬਾ ਕੈਸ਼ੀਅਰ ਨਰਿੰਦਰ ਕੌਰ ਸੋਹਲ ਨੇ ਕੀਤੀ। ਇਸ ਮੌਕੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਨੇ ਨੌਜਵਾਨਾਂ ਅਤੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਦੀ ਅਮੁੱਕ ਵਧਾਈ ਦਿੱਤੀ ਅਤੇ ਕਿਹਾ ਕਿ ਭਗਤ ਸਿੰਘ ਇਕ ਮਹਾਨ ਸ਼ਹੀਦ ਹੋਣ ਦੇ ਨਾਲ ਉਚ ਕੋਟਿ ਦਾ ਵਿਦਵਾਨ ਮਨੁੱਖ ਸੀ, ਉਹਦੇ ਵਲੋਂ ਮਨੁੱਖਤਾ ਦੀ ਸੇਵਾ ਲਈ ਪਾਏ ਸਰਵਉਚ ਯੋਗਦਾਨ ਦਾ ਸਮਾਜ ਸਦਾ ਰਿਣੀ ਰਹੇਗਾ। ਉਹਨਾਂ ਇਹ ਵੀ ਕਿਹਾ ਕਿ ਅੱਜ ਦੇਸ਼ ਜਿਸ ਦਿਸ਼ਾ ਵੱਲ ਨੂੰ ਜਾ ਰਿਹਾ ਹੈ ਉਹ ਦੇਸ਼ ਦੇ ਭਵਿੱਖ ਲਈ ਖਤਰਨਾਕ ਹੈ। ਅਜਿਹੀ ਸਥਿਤੀ ਵਿਚੋਂ ਸਿਰਫ ਤੇ ਸਿਰਫ ਪਰਮਗੁਣੀ ਭਗਤ ਸਿੰਘ ਵਿਚਾਰਧਾਰਾ ਹੀ ਰਾਹ ਵਿਖਾ ਸਕਦੀ ਹੈ। ਉਹਨਾਂ ਨੌਜਵਾਨਾਂ ਅਤੇ ਵਿਦਿਆਰਥੀਆਂ ਵਲੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਤੇ ਲੜੇ ਜਾ ਰਹੇ ਸੰਘਰਸ਼ ਦੀ ਸਰਾਹਨਾ ਕਰਦਿਆਂ ਕਿਹਾ ਕਿ ਸੱਚਮੁੱਚ ਜਵਾਨੀ ਦੇ ਆਦਰਸ਼ ਦੇ ਨਾਮ ਤੇ ਰੁਜ਼ਗਾਰ ਗਰੰਟੀ ਕਾਨੂੰਨ ਦੇ ਲਾਗੂ ਹੋਣ ਨਾਲ ਜਵਾਨੀ ਦੀ ਦੁਸ਼ਮਣ ਬੇਰੁਜ਼ਗਾਰੀ ਦਾ ਮੁਕੰਮਲ ਖਾਤਮਾ ਕੀਤਾ ਜਾ ਸਕੇਗਾ।

ਇਸ ਤੋਂ ਬਾਦ ਵਲੰਟੀਅਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਚਰਨਜੀਤ ਸਿੰਘ ਛਾਂਗਾ ਰਾਏ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਸਾਥੀ ਸੁਖਜਿੰਦਰ ਮਹੇਸ਼ਰੀ ਨੇ ਕਿਹਾ ਕਿ ਪਰਮੁਗੁਣੀ ਭਗਤ ਸਿੰਘ ਅੱਜ ਇਕ ਵਿਅਕਤੀ ਨਾ ਹੋ ਕੇ ਇਕ ਵਿਚਾਰਧਾਰਾ ਹੈ ਜੋ ਸਮਾਜ ਵਿਚ ਸੰਘਰਸ਼ ਕਰ ਰਹੀ ਹਰ ਇਕ ਧਿਰ ਦੀ ਅਗਵਾਈ ਕਰ ਰਹੀ ਹੈ। ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ ਤੋ ਸੇਧ ਲੈ ਕੇ ਹਰ ਸੰਘਰਸ਼ ਕਰਦੀ ਧਿਰ ਅਤੇ ਖਾਸ ਕਰਕੇ ਜਵਾਨੀ ਆਪਣੇ ਸੰਘਰਸ਼ਾਂ ਵਿਚ ਜਿੱਤ ਪ੍ਰਾਪਤ ਕਰ ਰਹੇ ਹਨ।






ਉਹਨਾਂ ਮਾਨ ਮਹਿਸੂਸ ਕਰਦਿਆਂ ਕਿਹਾ ਕਿ ਪਰਮਗੁਣੀ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਅਗਵਾਈ ਲੈ ਕੇ ਹੀ ਰੁਜ਼ਗਾਰ ਪ੍ਰਾਪਤੀ ਮੁਹਿੰਮ ਨੇ ਦੇਸ਼ ਦੀ ਜਵਾਨੀ ਨੂੰ ਹਰ ਇਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਤਜਵੀਜ ਦਿੱਤੀ ਹੈ ਜਿਸ ਨੇ ਪੂਰੇ ਦੇਸ਼ ਦੀ ਜਵਾਨੀ ਨੂੰ ਹਲੂਣਿਆ ਹੈ ਅਤੇ ਇਸ (ਬਨੇਗਾ) ਕਾਨੂੰਨ ਲਾਗੂ ਕਰਵਾਉਣ ਲਈ ਸੰਘਰਸ਼ ਦਿਨੋ ਦਿਨ ਸੰਘਰਸ਼ ਤੇਜ ਹੁੰਦਾ ਜਾ ਰਿਹਾ ਹੈ। ਆਗੂਆਂ ਨੇ ਪੰਜਾਬ ਸਰਕਾਰ ਦੇ ਹਰ ਘਰ ਦੀ ਨੌਕਰੀ ਦੇ ਲਾਰੇ ਤੇ ਸਵਾਲ ਕਰਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਮੌਜੂਦਾ ਸਰਕਾਰ ਨੇ ਵੀ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਲਾਰੇ ਲਾ ਕੇ ਉਹਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਹੈ। ਆਗੂਆਂ ਨੇ ਬਨਾਰਸ ਯੂਨੀਵਰਸਿਟੀ ਵਿਚ ਵਿਦਿਆਰਥਣਾਂ ਨਾਲ ਛੇੜਛਾੜ ਤੋਂ ਬਾਦ ਵਾਪਰੇ ਹਿਸੰਕ ਘਟਨਾਕਰਮ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਵਿਦਿਅਕ ਅਦਾਰਿਆਂ ਵਿਚ ਵਿਦਿਆਰਥਣਾਂ ਦੀ ਸੁਰਖਿੱਆ ਯਕੀਨੀ ਬਣਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਹਰ ਇਕ ਲਈ ਮੁਫਤ ਤੇ ਲਾਜ਼ਮੀ ਸਿੱਖਿਆ ਦਿੱਤੀ ਜਾਵੇ।

ਇਸ ਤੋਂ ਬਾਦ ਵਲੰਟੀਅਰਾਂ ਦੇ ਹਜਾਰਾਂ ਇਕੱਠ ਨੂੰ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸੂਬਾ ਕੈਸ਼ੀਅਰ ਨਰਿੰਦਰ ਕੌਰ ਸੋਹਲ ਅਤੇ ਏ.ਆਈ. ਐਸ.ਐਫ. ਦੀ ਲੜਕੀਆਂ ਦੀ ਕੌਮੀ ਕਨਵੀਨਰ ਕਰਮਵੀਰ ਕੌਰ ਬੱਧਨੀ ਨੇ ਪਰਮਗੁਣੀ ਭਗਤ ਸਿੰਘ ਦੇ ਜਨਮ ਦਿਨ ਤੇ ਵਧਾਈਆਂ ਦਿੰਦਿਆਂ ਕਿਹਾ ਕਿ ਪਰਮਗੁਣੀ ਭਗਤ ਸਿੰਘ ਦਾ ਇਨਕਲਾਬੀ ਕੱਦ ਸਿਰਫ ਭਾਰਤ ਵਿਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿਚ ਵੱਧ ਰਿਹਾ ਹੈ। ਜਦੋਂ ਅੱਜ ਅਸੀ ਉਸ ਮਹਾਨ ਸ਼ਹੀਦ ਫਲਾਸਫਰ ਅਤੇ ਉਚ ਕੋਟੀ ਦੇ ਇਨਕਲਾਬੀ ਦਾ ਜਨਮ ਦਿਨ ਮਨਾ ਰਹੇ ਹਾਂ ਉਥੇ ਦੂਜੇ ਪਾਸੇ ਦੇਸ਼ ਵਿਚ ਵਿਰੋਧੀ ਤਾਕਤਾਂ ਇਨ੍ਹਾਂ ਮਹਾਨ ਸ਼ਹੀਦਾਂ ਦੀ ਵਿਚਾਰਧਾਰਾ ਦੇ ਉਲਟ ਕੰਮ ਕਰ ਰਹੀਆਂ ਹਨ। ਵਿਦਿਆ ਪ੍ਰਦਾਨ ਕਰਨ ਵਾਲੀਆਂ ਦੇਸ਼ ਦੀਆਂ ਉਚ ਸਿੱਖਿਆ ਸੰਸਥਾਵਾਂ ਨੂੰ ਖਤਮ ਕਰਨ ਲਈ ਹਰ ਤਰ੍ਹਾਂ ਦੇ ਹਮਲੇ ਕੀਤੇ ਜਾ ਰਹੇ ਹਨ। ਆਗੂਆਂ ਨੇ ਅੱਗੇ ਕਿਹਾ ਕਿ ਅੱਜ ਦਾ ਸੰਮੇਲਨ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੇਸ਼ ਦੀ ਪਾਰਲੀਮੈਂਟ ਵਿਚੋਂ ਪਾਸ ਕਰਵਾ ਕੇ ਲਾਗੂ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਹੋਰ ਤੇਜ ਕਰਨ ਦਾ ਐਲਾਨ ਕਰਦਾ ਹੈ। ਇਸ ਕਾਨੂੰਨ ਮੁਤਾਬਕ ਹਰ ਇਕ ਨੂੰ ਉਸਦੀ ਯੋਗਤਾ ਭਾਵ ਅਣ ਸਿੱਖਿਅਤ ਨੂੰ 20 ਹਜਾਰ, ਅਰਧ ਸਿੱਖਿਅਤ ਨੂੰ 25 ਹਜਾਰ,ਸਿੱਖਿਅਤ ਨੂੰ 30 ਹਜਾਰ ਅਤੇ ਉਚ ਸਿੱਖਿਅਤ ਨੂੰ 35 ਹਜਾਰ ਪ੍ਰਤੀ ਮਹੀਨਾ ਤਨਖਾਹ ਅਤੇ ਕੰਮ ਨਾ ਮਿਲਣ ਦੀ ਸੂਰਤ ਉਕਤ ਤਨਖਾਹ ਦਾ ਅੱਧ ਕੰਮ ਇਤੰਜਾਰ ਭੱਤਾ ਦਿੱਤਾ ਜਾਵੇ।

ਇਸ ਤੋਂ ਬਾਦ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਕੌਮੀ ਪ੍ਰਧਾਨ ਸਾਥੀ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਾਬਕਾ ਸੂਬਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ ਅਤੇ ਸਾਬਕਾ ਸੂਬਾ ਸਕੱਤਰ ਕੁਲਦੀਪ ਸਿੰਘ ਭੋਲਾ ਨੇ ਨੌਜਵਾਨਾ ਦੇ ਵਿਸ਼ਾਲ ਇਕੱਠ ਨੂੰ ਆਪਣੇ ਸੰਬੋਧਨ ਦੌਰਾਨ ਭਗਤ ਸਿੰਘ ਦੇ ਜਨ੍ਮ ਦਿਨ ਦੀ ਵਧਾਈ ਦਿੰਦਿਆ ਕਿਹਾ ਕਿ ਸਾਡਾ ਉਦੇਸ਼ ਭਗਤ ਸਿਘ ਦੇ ਸੁਪਨਿਆਂ ਦਾ ਦੇਸ਼ ਦੇ ਨਾਅਰੇ ਤੋਂ ਸ਼ੁਰੂ ਕੀਤੀ ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ ਦਾ 1997 ਤੋਂ ਸਭ ਲਈ ਵਿਦਿਆ, ਇਲਾਜ ਅਤੇ ਰੁਜ਼ਗਾਰ ਦੀ ਪ੍ਰਾਪਤੀ ਦਾ ਕਾਫਲਾ ਲਗਾਤਾਰ ਵੱਡਾ ਹੁੰਦਾ ਜਾ ਰਿਹਾ ਹੈ। ਸਾਬਕਾ ਨੌਜਵਾਨ ਆਗੂਆਂ ਨੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਦੀ ਮੁਹਿੰਮ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੱਧ ਚੜ੍ਹ ਦੇ ਸਹਿਯੋਗ ਕਰਨ ਦੀ ਵਿਸ਼ਵਾਸ ਵੀ ਦਿਵਾਇਆ।

ਇਸ ਤੋਂ ਬਾਦ ਆਗੂਆਂ ਨੇ ਸਟੇਜ ਤੋਂ ਐਲਾਨ ਕਰਦਿਆ ਕਿਹਾ ਕਿ ਪਰਮਗੁਣੀ ਭਗਤ ਸਿੰਘ ਦੇ ਨਾਮ ਤੇ ਤਜਵੀਜ ਕੀਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪੰਜਾਬ ਦੇ ਹਰ ਇਕ ਨੌਜਵਾਨ ਅਤੇ ਵਿਦਿਆਰਥੀ ਦੇ ਦਿਮਾਗ ਦਾ ਹਿੱਸਾ ਬਣਾਉਣ ਲਈ 28 ਸਤੰਬਰ ਤੋਂ ਲੈ ਕੇ 28 ਅਕਤੂਬਰ ਤੱਕ ਪੰਜਾਬ ਵਿਚ ਵਿਚਾਰਧਾਰਕ ਅਤੇ ਸਿਧਾਂਤਕ ਕੈਂਪ ਲਗਾਏ ਜਾਣਗੇ। ਆਗੂਆਂ ਨੇ ਇਹ ਵੀ ਐਲਾਨ ਕੀਤਾ ਕਿ 3 ਨਵੰਬਰ ਸੋਵੀਅਤ ਯੂਨੀਅਨ ਦੇ ਇਨਕਲਾਬ ਦੀ ਵਰ੍ਹੇ ਗੰਢ ਅਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਸ਼ਹੀਦੀ ਦਿਨ 17 ਨਵੰਬਰ ਨੂੰ ਪੰਦਰਵਾੜੇ ਵਜੋਂ ਮਨਾਉਂਦਿਆ ਨੌਜਵਾਨਾ ਅਤੇ ਵਿਦਿਆਰਥੀਆਂ ਵਲੋਂ ਸੈਮੀਨਾਰ, ਵਿਚਾਰ ਚਰਚਾ, ਭਾਸ਼ਣ ਮੁਕਾਬਲੇ ਆਦਿ ਦਾ ਆਯੋਜਨ ਕੀਤਾ ਜਾਵੇਗਾ।

ਹਰਿ ਸੋਹੰ ਹਰਿ

SHRI GURU RAVIDASS SABHA (CA)
2150 Crestview Drive, Pittsburg CA 94565
Tel : (925) 439-2355

Sri Guru Ravidass Temple Pittsburg, California's monthly programs

Devoted families are requesting entire Sangat to attend the following functions:
October 6-7-8, 2017 77th Barsi of Hazoor Shri Nabh Kanwal Raja Sahib

The blessed and dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib " on the occasion of his 77th Barsi. The Akhand Path will start at 10:00 AM on Friday, October 6 and conclude on Sunday, October 8, 2017. Prominent Kirtani Jathas are also coming to delight SANGAT with their melodious KIRTAN. Entire Sangat is requested to participate in the Barsi of Raja Sahib Ji. May Akal Purakh shower HIS blessings on his devotees.

October 19, 2017 (Thursday)
Diwali Celebrations
Diwali will be celebrated in Gurughar like previous years.
Sukhmani Sahib Path will start at 6:00 PM.
After, Sukhmani Sahib Path and Kirtan; Prasad, sweets and GURU KA LANGAR will be served.
*Please bring a candle to light that day.*
www.sriguruvidasstemple.com

Sangat Sewadars | Chairman Ramesh Suman | President Kashmiri Bhatia | General Secretary Dilbag Singh | Treasurer Vinod Kumar

# ਦਲਿਤ ਵਿਰੋਧੀ ਨੀਤੀਆਂ ਵਿਰੁੱਧ ਬਸਪਾ ਵੱਲੋਂ ਵਿਸਾਲ ਰੋਸ ਪ੍ਰਦਰਸ਼ਨ ਦਲਿਤਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ -ਡਾ. ਮੇਘਰਾਜ ਸਿੰਘ

## ਪੰਜਾਬ ਸਰਕਾਰ 'ਤੇ ਦਲਿਤ ਵਰਗ ਦੇ ਅਧਿਕਾਰੀਆਂ ਨਾਲ ਜਾਤੀ ਵਿਤਕਰਾ ਕਰਨ ਦਾ ਦੋਸ

**ਸੰਗਰੂਰ (ਕੁਲਵੰਤ ਸਿੰਘ ਟਿੱਬਾ)–** ਕੇਂਦਰ ਸਰਕਾਰ ਦੀਆਂ ਦਲਿਤ ਵਿਰੋਧੀ ਨੀਤੀਆਂ ਤਹਿਤ ਦੇਸ ਅੰਦਰ ਦਲਿਤਾਂ, ਪਛੜਿਆਂ ਅਤੇ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰਾਂ ਅਤੇ ਦੇਸ ਦਾ ਭਗਵਾਂਕਰਨ ਦੀਆਂ ਸਾਜ਼ਿਸ਼ਾਂ ਦੇ ਵਿਰੁੱਧ ਬਹੁਜਨ ਸਮਾਜ ਪਾਰਟੀ ਵੱਲੋਂ ਡਿਪਟੀ ਕਮਿਸ਼ਨਰ ਦਫ਼ਤਰ ਸੰਗਰੂਰ ਅੱਗੇ ਬਸਪਾ ਦੇ ਸੂਬਾਈ ਇੰਚਾਰਜ ਡਾ. ਮੇਘਰਾਜ ਸਿੰਘ (ਸਾਬਕਾ ਮੰਤਰੀ, ਉੱਤਰ ਪ੍ਰਦੇਸ) ਦੀ ਅਗਵਾਈ ਹੇਠ ਵਿਸਾਲ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਬਸਪਾ ਦੇ ਸੂਬਾਈ ਪ੍ਰਧਾਨ ਰਛਪਾਲ ਸਿੰਘ ਰਾਜੂ, ਸੂਬਾ ਕੋਆਰਡੀਨੇਟਰ ਰਾਜਿੰਦਰ ਰੀਹਲ ਅਤੇ ਨਿਰਮਲ ਸਿੰਘ ਸੁਮਨ, ਸੂਬਾਈ ਜਨਰਲ ਸਕੱਤਰ ਡਾ. ਮੱਖਣ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ। ਬਸਪਾ ਦੇ ਸੂਬਾ ਪ੍ਰਧਾਨ ਰਛਪਾਲ ਸਿੰਘ ਰਾਜੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਣ ਦੇਸ ਦੀ ਆਰਥਿਕਤਾ ਤਬਾਹ ਹੋ ਚੁੱਕੀ ਹੈ ਅਤੇ ਨੋਟਬੰਦੀ ਅਤੇ ਜੀ ਐੱਸ ਟੀ ਦੇ ਗਲਤ ਫ਼ੈਸਲਿਆਂ ਨੇ ਛੋਟੇ ਦੁਕਾਨਦਾਰ ਅਤੇ ਵਪਾਰੀ ਵਰਗ ਲਈ ਸੰਕਟ ਖੜਾ ਕਰ ਦਿੱਤਾ ਹੈ। ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ 'ਤੇ ਭਾਜਪਾ ਅਤੇ ਆਰਐੱਸਐੱਸ ਦੇ ਚੇਲੇ ਹੋਣ ਦਾ ਦੋਸ ਲਗਾਉਂਦਿਆਂ ਕਿਹਾ ਕਿ ਸੰਗਰੂਰ ਵਿੱਚ ਦਲਿਤਾਂ 'ਤੇ ਅੱਤਿਆਚਾਰ ਨਾ ਰੁਕੇ ਤਾਂ ਬਸਪਾ ਮੂੰਹ-ਤੋੜ ਜੁਆਬ ਦੇਵੇਗੀ। ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਦਲਿਤ ਵਰਗ ਸਬੰਧਿਤ ਆਈਏਐੱਸ, ਆਈਪੀਐੱਸ, ਪੀਸੀਐੱਸ ਤੋਂ ਲੈ ਕੇ ਪਿੰਡ ਦੇ ਨੰਬਰਦਾਰ ਤੱਕ ਦੀਆਂ ਨਿਯੁਕਤੀ ਵਿੱਚ ਜਾਤੀ ਭੇਦਭਾਵ ਕੀਤਾ ਜਾਂਦਾ ਹੈ। ਰਛਪਾਲ ਸਿੰਘ ਰਾਜੂ ਨੇ ਪੰਜਾਬ ਸਰਕਾਰ ਤੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੀ ਰਾਸੀ ਤੁਰੰਤ ਲਾਗੂ ਕਰਨ, ਆਂਗਣਵਾੜੀ ਵਰਕਰਾਂ ਵਿਰੁੱਧ ਲਏ ਨਾਦਰਸ਼ਾਹੀ ਫ਼ੈਸਲਾ ਰੱਦ ਕਰਨ, ਠੇਕੇਦਾਰੀ ਸਿਸਟਮ ਅਧੀਨ ਕੰਮ ਕਰਦੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਮਨਰੇਗਾ ਮਜ਼ਦੂਰਾਂ ਨੂੰ ਬਕਾਇਆ ਰਾਸੀ ਦੇਣ, ਸਗਨ ਸਕੀਮ 51 ਹਜਾਰ ਰੂਪੈ ਕਰਨ, ਆਟਾ ਦਾਲ ਯੋਜਨਾ ਵਿੱਚ ਵਾਧਾ ਕਰਨ, ਕਿਸਾਨਾਂ ਮਜ਼ਦੂਰਾਂ ਦੇ ਕਰਜ਼ੇ ਤੁਰੰਤ ਮੁਆਫ਼ ਕਰਨ ਦੀ ਮੰਗ ਕੀਤੀ। ਉਨਖ਼ਾਂ ਕਿਹਾ ਕਿ ਪਾਵਰਕਾਮ ਵੱਲੋਂ ਲੋਡ ਚੈੱਕ ਕਰਨ ਦੀ ਆੜ ਹੇਠ ਦਲਿਤਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਦੀ ਘਰੇਲੂ ਬਿਜਲੀ ਮੁਆਫ਼ੀ ਬੰਦ ਕੀਤੀ ਜਾ ਰਹੀ ਹੈ। ਉਹਨਾਂ ਮੰਗ ਕੀਤੀ ਕਿ ਖੇਤੀ ਬਿਜਲੀ ਵਾਂਗ ਬਿਨਾਂ ਸ਼ਰਤ ਦਲਿਤਾਂ ਅਤੇ ਪਛੜੇ ਵਰਗਾਂ ਸਮੇਤ ਹਰ ਲੋੜਵੰਦ ਦੀ ਬਿਜਲੀ ਮੁਆਫ਼ ਕੀਤੀ ਜਾਵੇ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਦੀਆਂ ਕਾਰਪੋਰੇਸਨ ਚੋਣਾਂ ਬਸਪਾ ਹਾਥੀ ਦੇ ਨਿਸਾਨ 'ਤੇ ਲੜੇਗੀ। ਬਸਪਾ ਦੇ ਸੂਬਾਈ ਇੰਚਾਰਜ ਡਾ. ਮੇਘਰਾਜ ਸਿੰਘ (ਸਾਬਕਾ ਮੰਤਰੀ, ਉੱਤਰ ਪ੍ਰਦੇਸ) ਨੇ ਦੋਸ ਲਗਾਇਆ ਕਿ ਦਲਿਤਾਂ, ਪਛੜਿਆਂ ਅਤੇ ਘੱਟ ਗਿਣਤੀਆਂ ਵਿਰੁੱਧ ਗਊ ਰੱਖਿਆ, ਤਿੰਨ ਤਲਾਕ, ਲਵ ਜਹਾਦ ਆਦਿ ਵਰਗੇ ਫ਼ਿਰਕੂ ਮੁੱਦੇ ਉਭਾਰ ਕੇ ਯੋਜਨਾਬੱਧ ਅੱਤਿਆਚਾਰ ਕੀਤੇ ਜਾ ਰਹੇ ਹਨ। ਡਾ. ਮੇਘਰਾਜ ਨੇ ਕੇਂਦਰ 'ਤੇ ਦਲਿਤ ਵਿਰੋਧੀ ਹੋਣ ਦਾ ਦੋਸ ਲਗਾਉਂਦਿਆਂ ਕਿਹਾ ਕਿ ਭਾਜਪਾ ਵੱਲੋਂ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਰਾਜ ਸਭਾ ਅੰਦਰ ਦਲਿਤਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਬਸਪਾ ਮੁਖੀ ਭੈਣ ਕੁਮਾਰੀ ਮਾਇਆਵਤੀ ਨੂੰ ਦਲਿਤ ਮੁੱਦਿਆਂ ਤੇ ਬੋਲਣ ਤੋਂ ਰੋਕਣਾ ਭਾਰਤ ਦੀ ਲੋਕਤੰਤਰਿਕ ਵਿਵਸਥਾ ਦਾ ਘਾਣ ਹੈ। ਕੇਂਦਰ ਸਰਕਾਰ ਵੱਲੋਂ ਸਿੱਖਿਆ ਦਾ ਭਗਵਾਂਕਰਨ ਅਤੇ ਯੂਨੀਵਰਸਿਟੀਆਂ ਅੰਦਰ ਭੈਅ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਆਰ.ਐੱਸ.ਐਸ ਅਤੇ ਭਾਜਪਾ ਵੱਲੋਂ ਦੇਸ ਨੂੰ ਹਿੰਦੂ ਰਾਸ਼ਟਰ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ.ਬੀ.ਆਰ. ਅੰਬੇਡਕਰ ਅਤੇ ਬਸਪਾ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਜੀ ਦੀ ਸੋਚ ਅਤੇ ਸਿਧਾਂਤ 'ਤੇ ਪਹਿਰਾ ਦਿੰਦਿਆਂ ਬਸਪਾ ਸਫਲ ਨਹੀ ਹੋਣ ਦੇਵੇਗੀ। ਉਨਖ਼ਾਂ ਦਲਿਤਾਂ, ਪਛੜਿਆਂ ਅਤੇ ਘੱਟ ਗਿਣਤੀਆਂ ਨੂੰ ਇੱਕ ਪਲੇਟਫ਼ਾਰਮ ਤੇ ਇਕੱਠੇ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਉਨਖ਼ਾਂ ਦੇ ਹਿੱਤ ਬਹੁਜਨ ਸਮਾਜ ਪਾਰਟੀ ਦੀ ਯੋਗ ਅਤੇ ਗਤੀਸ਼ੀਲ ਅਗਵਾਈ ਹੇਠ ਸੁਰੱਖਿਅਤ ਰਹਿ ਸਕਦੇ ਹਨ। ਬਸਪਾ ਦੇ ਜੋਨ ਇੰਚਾਰਜ ਚਮਕੌਰ ਸਿੰਘ ਵੀਰ, ਕੁਲਦੀਪ ਸਿੰਘ ਸਰਦੂਲਗੜ੍ਹ, ਗੁਰਮੇਲ ਸਿੰਘ ਚੰਦੜ, ਬਲਜੀਤ ਸਿੰਘ ਭਾਰਾਪੁਰ, ਪ੍ਰਵੀਨ ਬੰਗਾ, ਬਲਦੇਵ ਮਹਿਰਾ ਆਦਿ ਆਗੂਆਂ ਨੇ ਪੰਜਾਬ ਸਰਕਾਰ 'ਤੇ ਚੋਣ ਵਾਅਦਿਆਂ ਤੋਂ ਮੁਕਰ ਜਾਣ ਦਾ ਦੋਸ ਲਗਾਉਂਦਿਆਂ ਕਿਹਾ ਕਿ ਦੇਸ ਦੇ ਅੰਨ ਦਾਤੇ ਕਿਸਾਨ ਭਰਾਵਾਂ ਵੱਲੋਂ ਖ਼ੁਦਕੁਸ਼ੀਆਂ ਦਾ ਰੁਝਾਨ ਲਗਾਤਾਰ ਵੱਧ ਰਿਹਾ ਹੈ। ਕਿਸਾਨ ਮਜ਼ਦੂਰਾਂ ਦੇ ਕਰਜ਼ਿਆਂ 'ਤੇ ਲੀਕ ਮਾਰਨ ਸਮੇਤ ਬੇਰੁਜ਼ਗਾਰੀ, ਗੁੰਡਾਗਰਦੀ, ਨਸੇ ਅਤੇ ਭ੍ਰਿਸ਼ਟਾਚਾਰ ਆਦਿ ਮੁੱਦਿਆਂ 'ਤੇ ਸੂਬਾ ਸਰਕਾਰ ਬੁਰੀ ਤਰਾਂ ਫ਼ੇਲਖ਼ ਹੋ ਚੁੱਕੀ ਹੈ। ਬਸਪਾ ਦੇ ਸੂਬਾਈ ਜਨਰਲ ਸਕੱਤਰ ਡਾ. ਮੱਖਣ ਸਿੰਘ ਨੇ ਜ਼ਿਲਖ਼ਾ ਪ੍ਰਸ਼ਾਸਨ 'ਤੇ ਵਰਖ਼ਦਿਆਂ ਕਿਹਾ ਕਿ ਜ਼ਿਲਖ਼ੇ ਦਾ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਦਲਿਤ ਵਿਰੋਧੀ ਹਨ, ਕਿਉਂਕਿ ਜ਼ਿਲਖ਼ੇ ਅੰਦਰ ਦਲਿਤ ਵਰਗ ਤੇ ਤਸ਼ੱਦਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਉਨਖ਼ਾਂ ਕਿਹਾ ਕਿ ਪਿੰਡ ਧੰਦੀਵਾਲ ਵਿੱਚ ਦਲਿਤਾਂ ਦਾ ਸਮਾਜਿਕ ਬਾਈਕਾਟ, ਪਿੰਡ ਰੇਤਗੜਖ਼ ਵਿਖੇ ਦਲਿਤਾਂ 'ਤੇ ਗੋਲੀ ਕਾਂਡ, ਪਿੰਡ ਫ਼ਤਿਹਗੜਖ਼ ਗੰਢੂਆਂ ਵਿੱਚ ਚਾਰ ਦਲਿਤ ਔਰਤਾਂ 'ਤੇ ਅੱਤਿਆਚਾਰ, ਸੂਲਰ ਘਰਾਟ ਦੀ ਪਟਾਕਾ ਫ਼ੈਕਟਰੀ ਵਿੱਚ ਦਲਿਤ ਪਰਿਵਾਰ ਦੇ ਸੱਤ ਨੌਜਵਾਨ ਮਾਰੇ ਜਾਣ ਅਤੇ ਕਪਿਆਲ ਵਿਖੇ ਗੰਦੇ ਪਾਣੀ ਦੇ ਨਿਕਾਸੀ ਆਦਿ ਮਾਮਲਿਆਂ ਵਿੱਚ ਜ਼ਿਲਖ਼ਾ ਪ੍ਰਸ਼ਾਸਨ ਦਾ ਪੱਖਪਾਤੀ ਰਵੱਈਆ ਸਾਹਮਣੇ ਆਇਆ ਹੈ। ਉਨਖ਼ਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡਿਪਟੀ ਕਮਿਸ਼ਨਰ ਅਤੇ ਜ਼ਿਲਖ਼ਾ ਪੁਲਿਸ ਮੁਖੀ ਨੂੰ ਤੁਰੰਤ ਬਦਲ ਕੇ ਇੱਥੇ ਦਲਿਤ ਵਰਗ ਨਾਲ ਸਬੰਧਿਤ ਡਿਪਟੀ ਕਮਿਸ਼ਨਰ ਅਤੇ ਐੱਸ.ਐੱਸ.ਪੀ ਲਗਾਏ ਜਾਣ। ਉਨਖ਼ਾਂ ਕਿਹਾ ਕਿ ਦਲਿਤ ਵਰਗ ਦੇ ਸਰਕਾਰੀ ਮੁਲਾਜ਼ਮਾਂ ਨਾਲ ਵੀ ਜਾਤੀ ਵਿਤਕਰਾ ਕੀਤਾ ਜਾਂਦਾ ਹੈ ਕਿਉਂਕਿ ਜ਼ਿਲਖ਼ਾ ਸੰਗਰੂਰ ਅਧੀਨ ਪੈਂਦੇ 22 ਪੁਲਿਸ ਥਾਣਿਆਂ ਵਿੱਚ ਸਿਰਫ਼ ਇੱਕ ਥਾਣੇ ਦਾ ਐੱਸ ਐੱਚ ਓ ਦਲਿਤ ਵਰਗ ਨਾਲ ਸਬੰਧਿਤ ਹੈ ਅਤੇ ਹਰ ਵਿਭਾਗ ਵਿੱਚ ਸਮੁੱਚੇ ਪੰਜਾਬ ਅੰਦਰ ਇਹੀ ਰੁਝਾਨ ਹੈ, ਜੋ ਠੀਕ ਨਹੀਂ ਹੈ। ਇਸ ਮੌਕੇ ਰਚਨਾ ਦੇਵੀ ਸੂਬਾ ਇੰਚਾਰਜ ਮਹਿਲਾ ਵਿੰਗ, ਬਲਦੇਵ ਸਿੰਘ ਮਹਿਰਾ ਮੀਤ ਪ੍ਰਧਾਨ ਪੰਜਾਬ,ਚਮਕੌਰ ਸਿੰਘ ਵੀਰ (ਸਾਬਕਾ ਪੀਸੀਅਐੱਸ ਅਧਿਕਾਰੀ), ਸੂਬਾ ਸਕੱਤਰ ਗੁਰਮੇਲ ਸਿੰਘ ਚੰਦੜ, ਸੂਬਾ ਸਕੱਤਰ ਕੁਲਦੀਪ ਸਿੰਘ ਸਰਦੂਲਗੜ੍ਹ, ਬਲਜੀਤ ਸਿੰਘ ਭਾਰਾਪੁਰ, ਪ੍ਰਵੀਨ ਬੰਗਾ, ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ, ਕੇਵਲ ਸਿੰਘ ਸੈਦੋਕੇ, ਰਾਮ ਸਿੰਘ ਗੋਗੀ, ਬਲਵਿੰਦਰ ਬਿੱਟਾ (ਚਾਰੇ ਜੋਨ ਇੰਚਾਰਜ ਲੁਧਿਆਣਾ), ਧੰਨਾ ਸਿੰਘ ਸੇਰੋਂ ਜਿਲ੍ਹਾ ਇੰਚਾਰਜ ਸੰਗਰੂਰ, ਕਰਨੈਲ ਸਿੰਘ ਨੀਲੋਵਾਲ ਜ਼ਿਲਖ਼ਾ ਪ੍ਰਧਾਨ ਸੰਗਰੂਰ, ਡਾ. ਸਰਬਜੀਤ ਸਿੰਘ ਖੇੜੀ ਜ਼ਿਲਖ਼ਾ ਪ੍ਰਧਾਨ ਬਰਨਾਲਾ, ਜਗਤਾਰ ਸਿੰਘ ਜ਼ਿਲਖ਼ਾ ਪ੍ਰਧਾਨ ਮੋਗਾ, ਨਿਰਮਲ ਸਾਈਂ ਜ਼ਿਲਖ਼ਾ ਪ੍ਰਧਾਨ ਲੁਧਿਆਣਾ (ਦਿਹਾਤੀ), ਪਵਿੱਤਰ ਸਿੰਘ ਸੰਗਰੂਰ, ਦਰਸਨ ਸਿੰਘ ਬਾਜਵਾ, ਮੋਤੀ ਲਾਲ ਛਾਛੀਆ, ਸਾਦਿਕ ਅਲੀ, ਬੀਬੀ ਕਿਰਨਦੀਪ ਕੌਰ, ਰਾਮਦਾਸ ਭੁੱਕਲ ਆਦਿ ਆਗੂ ਵੀ ਹਾਜ਼ਰ ਸਨ।





AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Trans-mission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh

A & S
Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਸਿਮਟ ਕੇ ਰਹਿ ਗਈ ਹੈ ਦੇਸ਼ ਦੀ ਦੌਲਤ

**ਸੰਨ 1991 ਵਿੱਚ ਜਦੋਂ ਆਰਥਿਕ ਸੁਧਾਰ ਸ਼ੁਰੂ ਹੋਏ ਸਨ ਤਾਂ ਪੂਰੀ ਆਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਤੇਜ਼ੀ ਨਾਲ ਅਮੀਰ ਹੋਣ ਲੱਗਾ ਸੀ। ਇਸ ਦਾ ਭਾਵ ਇਹ ਨਹੀਂ ਸੀ ਕਿ ਬਾਕੀ ਲੋਕਾਂ ਨੂੰ ਇਸ ਦਾ ਫਾਇਦਾ ਨਹੀਂ ਸੀ ਮਿਲ ਰਿਹਾ, ਕਰੋੜਾਂ ਲੋਕ ਗ਼ਰੀਬੀ ਰੇਖਾ ਤੋਂ ਉੱਪਰ ਚਲੇ ਗਏ, ਪਰੰਤੂ ਅਮੀਰ ਬਹੁਤ ਅਮੀਰ ਹੁੰਦੇ ਚਲੇ ਗਏ ਅਤੇ ਗ਼ਰੀਬ ਲੱਗਭੱਗ ਗ਼ਰੀਬ ਹੀ ਰਹੇ। ਦੁਨੀਆ ਵਿੱਚ ਏਨੀ ਅਸਮਾਨਤਾ ਕਿਧਰੇ ਵੀ ਹੋਰ ਦੇਖੀ ਨਹੀਂ ਗਈ। ਪਿਛਲੇ ਤਿੰਨ ਦਹਾਕਿਆਂ ਵਿੱਚ 99 ਫ਼ੀਸਦੀ ਭਾਰਤੀਆਂ ਦੀ ਆਮਦਨ ਵਿੱਚ 187 ਫ਼ੀਸਦੀ ਦਾ ਵਾਧਾ ਹੋਇਆ, ਜਦੋਂ ਕਿ ਇੱਕ ਫ਼ੀਸਦੀ ਲੋਕਾਂ ਦੀ ਆਮਦਨੀ ਵਿੱਚ 750 ਫ਼ੀਸਦੀ ਦਾ ਵਾਧਾ ਹੋਇਆ।**



ਗੁਰਮੀਤ ਸਿੰਘ ਪਲਾਹੀ
91-98158-02070

ਅੱਜ ਇੱਕ ਫ਼ੀਸਦੀ ਲੋਕਾਂ ਦੇ ਕੋਲ ਦੇਸ਼ ਦੀ 58 ਫ਼ੀਸਦੀ ਦੌਲਤ ਹੈ ਅਤੇ 84 ਅਰਬਪਤੀ 248 ਅਰਬ ਡਾਲਰ ਦਾ ਧਨ ਆਪਣੇ ਪੱਲੇ ਬੰਨ੍ਹੀ ਬੈਠੇ ਹਨ। ਇਸ ਕਿਸਮ ਦੇ ਧਨ-ਕੁਬੇਰਾਂ ਪ੍ਰਤੀ ਅੰਕੜੇ ਦੁਨੀਆ ਦੇ ਕਈ ਦੇਸ਼ਾਂ ਵਿੱਚੋਂ ਆ ਰਹੇ ਹਨ, ਪਰੰਤੂ ਭਾਰਤ ਨਾਲ ਸੰਬੰਧਤ ਇਹ ਅੰਕੜੇ ਹੈਰਾਨ-ਪ੍ਰੇਸ਼ਾਨ ਕਰ ਦੇਣ ਵਾਲੇ ਹਨ। ਗ਼ਰੀਬ-ਅਮੀਰ ਵਿਚਲਾ ਪਾੜਾ ਤੇਜ਼ੀ ਨਾਲ ਦਿਨ-ਪ੍ਰਤੀ-ਦਿਨ ਵਧਦਾ ਜਾ ਰਿਹਾ ਹੈ ਅਤੇ ਅੱਜ ਹਾਲਤ ਇਹ ਹੈ ਕਿ ਭਾਰਤ ਆਰਥਿਕ ਨਾ-ਬਰਾਬਰੀ ਦੇ ਮਾਮਲੇ ਵਿੱਚ ਦੂਨੀਆ ਵਿੱਚ ਦੂਜੇ ਨੰਬਰ ਦਾ ਦੇਸ਼ ਬਣ ਗਿਆ ਹੈ। ਗ਼ਰੀਬਾਂ-ਅਮੀਰਾਂ ਦੀ ਆਮਦਨ ਵਿੱਚ ਪਾੜੇ ਨੂੰ ਖ਼ਤਮ ਕਰਨਾ ਤਾਂ ਦੂਰ ਦੀ ਗੱਲ ਹੈ, ਘੱਟ ਕਰਨਾ ਵੀ ਅਸੰਭਵ ਜਾਪਣ ਲੱਗ ਪਿਆ ਹੈ।

ਦੇਸ਼ ਵਿੱਚ ਸਾਲ 1990 ਵਿੱਚ ਨਾ-ਬਰਾਬਰੀ ਦਾ ਇੰਡੈਕਸ 45.18 ਸੀ। ਸਾਲ 2013 ਵਿੱਚ ਇਹ 51.36 ਹੋ ਗਿਆ। ਇਹ ਨਾ-ਬਰਾਬਰੀ ਦੀ ਵਧਦੀ ਗਤੀ ਦੁਨੀਆ 'ਚ ਸਭ ਤੋਂ ਤੇਜ਼ ਹੈ। ਇਸੇ ਕਰ ਕੇ ਭਾਰਤ ਵਿੱਚ ਗ਼ਰੀਬੀ ਤੇਜ਼ੀ ਨਾਲ ਵਧ ਰਹੀ ਹੈ। ਭੁੱਖ-ਮਰੀ ਦਾ ਤੇਜ਼ੀ ਨਾਲ ਵਧਣਾ ਤਾਂ ਇਸ ਕਾਰਨ ਸੁਭਾਵਕ ਹੀ ਹੈ। ਇਹ ਨਹੀਂ ਹੈ ਕਿ ਦੇਸ਼ ਦੇ 99 ਫ਼ੀਸਦੀ ਲੋਕਾਂ ਕੋਲ ਰੁਪਿਆ-ਪੈਸਾ ਨਹੀਂ ਆਇਆ, ਪਰੰਤੂ ਉਹ ਉਸ ਅਨੁਪਾਤ ਨਾਲ ਨਹੀਂ ਆਇਆ, ਜਿਸ ਅਨੁਪਾਤ ਨਾਲ ਉੱਪਰਲੇ ਇੱਕ ਫ਼ੀਸਦੀ ਲੋਕਾਂ ਕੋਲ ਆਇਆ ਹੈ।

ਸੰਨ 1991 ਵਿੱਚ ਜਦੋਂ ਆਰਥਿਕ ਸੁਧਾਰ ਸ਼ੁਰੂ ਹੋਏ ਸਨ ਤਾਂ ਪੂਰੀ ਆਬਾਦੀ ਦਾ ਇੱਕ ਛੋਟਾ ਜਿਹਾ ਹਿੱਸਾ ਤੇਜ਼ੀ ਨਾਲ ਅਮੀਰ ਹੋਣ ਲੱਗਾ ਸੀ। ਇਸ ਦਾ ਭਾਵ ਇਹ ਨਹੀਂ ਸੀ ਕਿ ਬਾਕੀ ਲੋਕਾਂ ਨੂੰ ਇਸ ਦਾ ਫਾਇਦਾ ਨਹੀਂ ਸੀ ਮਿਲ ਰਿਹਾ, ਕਰੋੜਾਂ ਲੋਕ ਗ਼ਰੀਬੀ ਰੇਖਾ ਤੋਂ ਉੱਪਰ ਚਲੇ ਗਏ, ਪਰੰਤੂ ਅਮੀਰ ਬਹੁਤ ਅਮੀਰ ਹੁੰਦੇ ਚਲੇ ਗਏ ਅਤੇ ਗ਼ਰੀਬ ਲੱਗਭੱਗ ਗ਼ਰੀਬ ਹੀ ਰਹੇ। ਦੁਨੀਆ ਵਿੱਚ ਏਨੀ ਅਸਮਾਨਤਾ ਕਿਧਰੇ ਵੀ ਹੋਰ ਦੇਖੀ ਨਹੀਂ ਗਈ। ਪਿਛਲੇ ਤਿੰਨ ਦਹਾਕਿਆਂ ਵਿੱਚ 99 ਫ਼ੀਸਦੀ ਭਾਰਤੀਆਂ ਦੀ ਆਮਦਨ ਵਿੱਚ 187 ਫ਼ੀਸਦੀ ਦਾ ਵਾਧਾ ਹੋਇਆ, ਜਦੋਂ ਕਿ ਇੱਕ ਫ਼ੀਸਦੀ ਲੋਕਾਂ ਦੀ ਆਮਦਨੀ ਵਿੱਚ 750 ਫ਼ੀਸਦੀ ਦਾ ਵਾਧਾ ਹੋਇਆ। ਅਮਰੀਕਾ 'ਚ 99 ਫ਼ੀਸਦੀ ਲੋਕਾਂ ਦੀ ਆਮਦਨ 'ਚ 67 ਫ਼ੀਸਦੀ ਦਾ ਵਾਧਾ ਹੋਇਆ, ਜਦੋਂ ਕਿ ਇੱਕ ਫ਼ੀਸਦੀ ਲੋਕਾਂ ਦੀ ਆਮਦਨ 'ਚ ਵਾਧਾ 198 ਫ਼ੀਸਦੀ ਸੀ। ਚੀਨ ਦੇ 99 ਫ਼ੀਸਦੀ ਲੋਕਾਂ ਦੀ ਆਮਦਨੀ 'ਚ ਇਹ ਵਾਧਾ 659 ਫ਼ੀਸਦੀ ਸੀ, ਜਦੋਂ ਕਿ ਇੱਕ ਫ਼ੀਸਦੀ ਲੋਕਾਂ ਦੀ ਆਮਦਨੀ 'ਚ ਇਹ ਵਾਧਾ 1534 ਫ਼ੀਸਦੀ ਰਿਹਾ। ਇੰਜ ਦੇਸ਼ ਦੇ 99 ਫ਼ੀਸਦੀ ਲੋਕਾਂ ਦੀ ਆਮਦਨੀ 'ਚ ਅਸਮਾਨਤਾ ਦੁਨੀਆ ਭਰ 'ਚ ਸਭ ਤੋਂ ਜ਼ਿਆਦਾ ਰਹੀ।

ਦੇਸ਼ ਵਿੱਚ 1992 ਵਿੱਚ ਆਮਦਨ ਟੈਕਸ ਕਨੂੰਨ ਲਾਗੂ ਹੋਇਆ ਸੀ। ਪ੍ਰਸਿੱਧ ਫਰਾਂਸੀਸੀ ਅਰਥ-ਸ਼ਾਸਤਰੀ ਥਾਮਸ ਪਿਕੇਟੀ ਨੇ ਆਪਣੇ ਸਹਿਯੋਗੀ ਲੁਕਾਸ ਚਾਂਸੇਲ ਨਾਲ ਰਲ ਕੇ ਭਾਰਤ ਬਾਰੇ ਇੱਕ ਤੱਥਾਂ ਆਧਾਰਤ ਰਿਪੋਰਟ ਤਿਆਰ ਕੀਤੀ ਹੈ। ਇਹ ਅਧਿਐਨ ਕਹਿੰਦਾ ਹੈ ਕਿ ਭਾਰਤ ਵਿੱਚ ਆਮਦਨ ਦਾ ਪਾੜਾ 1922 ਤੋਂ 2014 ਦੇ ਦਰਮਿਆਨ ਵਧਿਆ ਹੈ। ਨਵੀਂ ਕਾਰਪੋਰੇਟ ਸੰਸਕ੍ਰਿਤੀ ਨੇ ਆਰਥਿਕ ਪਾੜੇ 'ਚ ਵਾਧਾ ਕਰਨ ਦੀ ਕੋਈ ਕਸਰ ਨਹੀਂ ਛੱਡੀ। ਟੈਕਸਾਂ ਦੇ ਮਾਮਲੇ ਵਿੱਚ ਬਹੁਤੇ ਦੇਸ਼ਾਂ ਵਿੱਚ ਇਹ ਵਿਵਸਥਾ ਹੈ ਕਿ ਜਿਨ੍ਹਾਂ ਕੋਲ ਜ਼ਿਆਦਾ ਦੌਲਤ ਹੈ, ਉਹ ਟੈਕਸ ਵੀ ਵੱਧ ਦੇਣ, ਪਰ ਭਾਰਤ ਵਿੱਚ ਵਿਵਸਥਾ ਇਸ ਤੋਂ ਉਲਟ ਹੈ। ਸਾਲ 1980 ਵਿੱਚ ਸਰਕਾਰ ਨੇ ਟੈਕਸ ਦੀ ਉੱਪਰਲੀ ਹੱਦ ਘਟਾ ਦਿੱਤੀ। ਸਰਕਾਰ ਦੀ ਸੋਚ ਸੀ ਕਿ ਇਸ ਤਰ੍ਹਾਂ ਕਰਨ ਨਾਲ ਟੈਕਸ ਦੇਣ ਵਾਲਿਆਂ ਦੀ ਗਿਣਤੀ ਵਧੇਗੀ, ਪਰ ਇਹ ਗੱਲ ਅੰਸ਼ਕ ਤੌਰ 'ਤੇ ਹੀ ਕਾਰਗਰ ਸਿੱਧ ਹੋਈ। ਸੱਚਾਈ ਇਹ ਹੈ ਕਿ ਭਾਰਤ ਸਰਕਾਰ ਆਪਣੀ ਜੀ ਡੀ ਪੀ ਦਾ ਮਸਾਂ 16.7 ਫ਼ੀਸਦੀ ਟੈਕਸ ਦੇ ਰਾਹੀਂ ਇਕੱਠਾ ਕਰਦੀ ਹੈ, ਜੋ ਔਸਤਨ ਵਿਕਾਸਸ਼ੀਲ ਦੇਸ਼ਾਂ ਨਾਲੋਂ ਕਾਫ਼ੀ ਘੱਟ ਹੈ। ਉੱਪਰਲੀ ਆਮਦਨ ਵਾਲਿਆਂ ਤੋਂ ਘੱਟ ਟੈਕਸ ਉਗਰਾਹੁਣ ਨਾਲ ਉਹਨਾਂ ਦੀ ਦੌਲਤ 'ਚ ਨਿਰੰਤਰ ਵਾਧਾ ਹੋ ਰਿਹਾ ਹੈ, ਜੋ ਅਮੀਰੀ-ਗ਼ਰੀਬੀ ਦੇ ਪਾੜੇ ਦਾ ਕਾਰਨ ਵੀ ਬਣਿਆ ਹੈ।

ਹੁਣੇ ਜਿਹੇ ਇੱਕ ਸਰਵੇਖਣ 'ਚ ਛਪਿਆ ਹੈ ਕਿ ਦੇਸ਼ ਦੀ ਇੱਕ ਬਹੁਤ ਵੱਡੀ ਆਈ ਟੀ ਕੰਪਨੀ ਦੀ ਸੀ ਈ ਓ ਦੀ ਤਨਖ਼ਾਹ ਉਸੇ ਕੰਪਨੀ ਦੇ ਇੱਕ ਔਸਤ ਮੁਲਾਜ਼ਮ ਤੋਂ 416 ਗੁਣਾਂ ਵੱਧ ਹੈ। ਆਮ ਮਜ਼ਦੂਰ ਦੀ ਮਜ਼ਦੂਰੀ ਦੀ ਦਸ਼ਾ ਕੀ ਹੋਵੇਗੀ, ਇਸ ਗੱਲ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ, ਪਰ ਇਹਨਾਂ ਮਜ਼ਦੂਰਾਂ ਦੀ ਹਾਲਤ ਨਾਲੋਂ ਵੀ ਪਤਲੀ ਹਾਲਤ ਔਰਤ ਮਜ਼ਦੂਰਾਂ ਦੀ ਹੈ, ਜਿਨ੍ਹਾਂ ਨੂੰ ਮਰਦ ਮਜ਼ਦੂਰਾਂ ਨਾਲੋਂ 30 ਪ੍ਰਤੀਸ਼ਤ ਮਜ਼ਦੂਰੀ ਘੱਟ ਮਿਲਦੀ ਹੈ। ਇਸੇ ਕਰ ਕੇ ਉਹਨਾਂ ਦਾ ਜੀਵਨ ਪੱਧਰ ਮਰਦਾਂ ਦੇ ਮੁਕਾਬਲੇ ਨੀਵਾਂ ਹੈ। ਆਮ ਆਦਮੀ ਦੇ ਜੀਵਨ ਪੱਧਰ ਦੇ ਉਲਟ ਜਿਨ੍ਹਾਂ ਲੋਕਾਂ ਕੋਲ ਦੌਲਤ ਦੇ ਅੰਬਰ ਲੱਗੇ ਹੋਏ ਹਨ, ਉਹਨਾਂ ਦਾ ਜੀਵਨ ਸ਼ਾਹਾਨਾ ਹੈ। ਇਹਨਾਂ ਵਿੱਚ ਦੇਸ਼ ਦੇ ਸਿਆਸਤਦਾਨ ਵੀ ਗਿਣੇ ਜਾਣ ਲੱਗੇ ਹਨ।

ਦੌਲਤ ਦੇ ਕੁਝ ਹੱਥਾਂ ਵਿੱਚ ਜਾਣ ਜਾਂ ਹੋਣ ਦਾ ਅਸਰ ਦੇਸ਼ ਦੀ ਸਿਆਸਤ ਉੱਤੇ ਵੇਖਿਆ ਜਾਣ ਲੱਗਾ ਹੈ, ਕਿਉਂਕਿ ਅਰਬਪਤੀਆਂ ਕੋਲ ਸਿਆਸੀ ਤਾਕਤ ਆ ਗਈ ਹੈ। ਅੱਜ ਸਿਆਸਤ ਵਿੱਚ ਦੌਲਤਮੰਦਾਂ ਦਾ ਅਸਰ ਵਧਦਾ ਜਾ ਰਿਹਾ ਹੈ ਅਤੇ ਸਮਾਜ ਦੇ ਕਮਜ਼ੋਰ ਤਬਕਿਆਂ ਨੂੰ ਖੂੰਜੇ ਲਾਇਆ ਜਾ ਰਿਹਾ ਹੈ। ਪੈਸੇ ਦਾ ਬੋਲਬਾਲਾ ਸਿਆਸੀ ਪਾਰਟੀਆਂ ਵਿੱਚ ਇਸ ਕਦਰ ਵਧ ਚੁੱਕਾ ਹੈ ਕਿ ਬਹੁਤੇ ਦੌਲਤਮੰਦ ਲੋਕ ਹੀ ਦੇਸ਼ ਦੀ ਨੁਮਾਇੰਦਗੀ ਕਰਨ ਲਈ ਚੋਣਾਂ ਲੜਦੇ ਹਨ, ਪੈਸੇ ਖ਼ਰਚਦੇ ਹਨ ਅਤੇ ਕੁਰਸੀ ਹਥਿਆਉਂਦੇ ਹਨ। ਦੇਸ਼ ਦੀ 16ਵੀਂ ਲੋਕ ਸਭਾ ਵਿੱਚ 400 ਤੋਂ ਵੱਧ ਕਰੋੜਪਤੀ ਸਾਂਸਦ ਹਨ।

ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਇਸ ਨਾ-ਬਰਾਬਰੀ ਦਾ ਕਾਰਨ ਸਰਕਾਰਾਂ ਦੀਆਂ ਆਰਥਕ ਨੀਤੀਆਂ ਹਨ। ਸਰਕਾਰ ਲੋਕਾਂ ਲਈ ਕਲਿਆਣਕਾਰੀ ਯੋਜਨਾਵਾਂ ਲਾਗੂ ਕਰਨ ਤੋਂ ਹੱਥ ਪਿੱਛੇ ਖਿੱਚ ਰਹੀ ਹੈ। ਸਿੱਖਿਆ ਦੇ ਖੇਤਰ 'ਚ ਦੇਸ਼ ਆਪਣੀ ਜੀ ਡੀ ਪੀ ਦਾ 3.1 ਫ਼ੀਸਦੀ ਖ਼ਰਚਦਾ ਹੈ। ਸਿਹਤ ਉੱਤੇ ਇਹ ਖ਼ਰਚਾ 1.3 ਫ਼ੀਸਦੀ ਹੈ। ਕੀ ਇਹ ਸਹੀ ਹੈ? ਮੱਧ ਵਰਗੀ ਪਰਵਾਰ ਨੂੰ ਆਪਣੇ ਬੱਚੇ ਨਿੱਜੀ ਸਕੂਲਾਂ 'ਚ ਪੜ੍ਹਨੇ ਪਾਉਣੇ ਪੈਂਦੇ ਹਨ। ਬੀਮਾਰ ਹੋਣ 'ਤੇ ਮਹਿੰਗੇ ਹਸਪਤਾਲਾਂ ਦੇ ਦਰ ਜਾ ਕੇ ਸਹਾਰਾ ਲੈਣਾ ਪੈਂਦਾ ਹੈ। ਇਸ ਨਾਲ ਆਮਦਨ-ਖ਼ਰਚ ਬਰਾਬਰ ਜਿਹਾ ਹੋਣ ਕਾਰਨ ਉਹਨਾਂ ਦਾ ਜੀਵਨ ਪੱਧਰ ਸੁਧਰਨ ਵੱਲ ਨਹੀਂ ਜਾਂਦਾ।

ਜਿਨ੍ਹਾਂ ਵਿਕਾਸਸ਼ੀਲ ਦੇਸ਼ਾਂ ਨੇ ਆਪਣੇ ਦੇਸ਼ਾਂ ਵਿੱਚੋਂ ਨਾ-ਬਰਾਬਰੀ ਦੂਰ ਕਰਨ ਦਾ ਯਤਨ ਵੀ ਕੀਤਾ ਅਤੇ ਕੁਝ ਹੱਦ ਤੱਕ ਸਫ਼ਲ ਵੀ ਹੋਏ, ਉਹਨਾਂ ਨੇ ਆਮ ਲੋਕਾਂ ਲਈ ਕਲਿਆਣਕਾਰੀ ਯੋਜਨਾਵਾਂ ਨੂੰ ਖ਼ੂਬ ਵਧਾਇਆ। ਟੈਕਸ ਪ੍ਰਣਾਲੀ ਵਿੱਚ ਬਦਲਾਅ ਕੀਤਾ। ਮਜ਼ਦੂਰਾਂ, ਕਿਸਾਨਾਂ ਦੇ ਹੱਕਾਂ ਉੱਤੇ ਪੂਰਾ ਧਿਆਨ ਦਿੱਤਾ, ਪਰ ਭਾਰਤ ਦੇ ਹਾਕਮ ਇਸ ਰਸਤੇ ਉੱਤੇ ਕਦੇ ਵੀ ਨਾ ਚੱਲੇ। ਸਿੱਟਾ ਇਹ ਹੈ ਕਿ ਗ਼ਰੀਬੀ ਘੱਟ ਕਰਨ ਦੇ ਵਿਸ਼ਵ ਪ੍ਰਤੀਬੱਧਤਾ ਇੰਡੈਕਸ ਵਿੱਚ ਕੁੱਲ 152 ਦੇਸ਼ਾਂ ਵਿੱਚੋਂ ਭਾਰਤ ਦਾ ਸਥਾਨ 132 ਵਾਂ ਹੈ। ਇਹ ਵਿਡੰਬਨਾ ਹੀ ਹੈ ਕਿ ਦੇਸ਼ ਵਿੱਚ 10.3 ਕਰੋੜ ਬੁੱਢੇ ਲੋਕਾਂ ਵਿੱਚੋਂ ਅੱਧੇ ਨਾਲੋਂ ਵੱਧ ਕਿਸੇ ਸਮਾਜਿਕ ਸੁਰੱਖਿਆ ਸਕੀਮ ਦਾ ਹਿੱਸਾ ਨਹੀਂ ਹਨ। ਪੇਂਡੂ ਭਾਰਤ ਦੀਆਂ 40 ਫ਼ੀਸਦੀ ਔਰਤਾਂ ਹੱਥ ਕੋਈ ਨੌਕਰੀ ਨਹੀਂ। ਸਾਲ 2001 ਤੋਂ 2011 ਦੇ ਦਹਾਕੇ 'ਚ 9 ਮਿਲੀਅਨ ਕਿਸਾਨਾਂ ਨੂੰ ਖੇਤੀ ਛੱਡਣੀ ਪਈ ਅਤੇ ਉਹ ਰੁਜ਼ਗਾਰ ਲਈ ਸ਼ਹਿਰਾਂ ਵੱਲ ਗਏ। ਪਿਛਲੇ ਵੀਹ ਸਾਲਾਂ (1994 ਤੋਂ 2014) ਵਿੱਚ ਤਿੰਨ ਲੱਖ ਕਿਸਾਨਾਂ ਨੂੰ ਆਰਥਿਕ ਤੰਗੀ ਕਾਰਨ ਜ਼ਿੰਦਗੀ ਤੋਂ ਹੱਥ ਧੋਣੇ ਪਏ, ਭਾਵ ਉਹਨਾਂ ਆਤਮ-ਹੱਤਿਆ ਕੀਤੀ। ਆਰਥਿਕ ਅਸਮਾਨਤਾ ਦੀ ਇਸ ਤੋਂ ਵੱਡੀ ਹੋਰ ਕਿਹੜੀ ਮਿਸਾਲ ਹੋ ਸਕਦੀ ਹੈ?

ਉਂਜ ਗ਼ਰੀਬੀ ਅਤੇ ਅਸਾਵੇਂਪਣ ਦੀ ਇੱਕ ਉਦਾਹਰਣ ਇਹ ਵੀ ਹੈ ਕਿ ਦੇਸ਼ ਦੇ 20 ਕਰੋੜ ਦਲਿਤਾਂ ਅਤੇ ਮੁਸਲਮਾਨਾਂ ਵਿੱਚੋਂ ਸਿਰਫ਼ 2.08 ਫ਼ੀਸਦੀ ਕੋਲ ਔਸਤਨ ਦੋ ਹੈਕਟੇਅਰ ਤੋਂ ਵੱਧ ਜ਼ਮੀਨ ਨਹੀਂ ਹੈ ਅਤੇ ਉਸ ਵਿੱਚੋਂ ਵੀ 58.6 ਫ਼ੀਸਦੀ ਦਲਿਤਾਂ ਦੀ ਮਾਲਕੀ ਵਾਲੀ ਜ਼ਮੀਨ 'ਚ ਸਿੰਜਾਈ ਦਾ ਪ੍ਰਬੰਧ ਹੀ ਨਹੀਂ ਹੈ। ਦੇਸ਼ ਦੀ ਤੀਜਾ ਹਿੱਸਾ ਮੁਸਲਿਮ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਦੀ ਹੈ ਅਤੇ ਇਹੋ ਜਿਹਾ ਹੀ ਹਾਲ ਦੇਸ਼ ਦੇ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੇ ਲੋਕਾਂ ਦਾ ਹੈ।

ਇੱਕ ਸਰਵੇ ਅਨੁਸਾਰ ਦੇਸ਼ ਦੀ ਕੁੱਲ ਆਬਾਦੀ ਦਾ 27.5 ਪ੍ਰਤੀਸ਼ਤ ਗ਼ਰੀਬੀ ਰੇਖਾ ਤੋਂ ਹੇਠਲੇ ਸਤਰ 'ਤੇ ਰਹਿ ਰਿਹਾ ਹੈ ਅਤੇ ਇਸ ਵਰਗ ਦੀ ਪ੍ਰਤੀ ਜੀਅ ਆਮਦਨ ਵਿਸ਼ਵ ਬੈਂਕ ਅਨੁਸਾਰ 1.25 ਡਾਲਰ (ਲੱਗਭੱਗ 70 ਰੁਪਏ) ਪ੍ਰਤੀ ਦਿਨ ਹੈ, ਜਦੋਂ ਕਿ ਅੰਤਰ-ਰਾਸ਼ਟਰੀ ਪੈਮਾਨੇ ਅਨੁਸਾਰ 1.90 ਡਾਲਰ ਪ੍ਰਤੀ ਜੀਅ ਪ੍ਰਤੀ ਦਿਨ ਕਮਾਉਣ ਵਾਲੇ ਵਿਅਕਤੀ ਨੂੰ ਗ਼ਰੀਬੀ ਰੇਖਾ ਤੋਂ ਥੱਲੇ ਗਿਣਿਆ ਜਾਂਦਾ ਹੈ। ਗ਼ਰੀਬੀ ਰੇਖਾ ਦਾ ਪੈਮਾਨਾ ਖ਼ੁਰਾਕ ਲੋੜਾਂ ਲਈ ਆਮਦਨ ਦੇ ਆਧਾਰ ਉੱਤੇ 1978 ਵਿੱਚ ਮਿਥਿਆ ਗਿਆ ਸੀ ਅਤੇ ਇਸ ਵਿੱਚ ਸਿਹਤ ਤੇ ਸਿੱਖਿਆ ਜਿਹੀਆਂ ਜ਼ਰੂਰੀ ਲੋੜਾਂ ਸ਼ਾਮਲ ਨਹੀਂ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਆਰ ਬੀ ਆਈ ਦੇ ਸਾਬਕਾ ਗਵਰਨਰ ਰੰਗਾਰਾਜਨ ਦੀ ਅਗਵਾਈ ਵਾਲੇ ਪੈਨਲ ਵੱਲੋਂ 2011-12 ਦੀ ਕੀਤੀ ਸਿਫਾਰਸ਼ ਅਨੁਸਾਰ ਪੇਂਡੂ ਖੇਤਰ 'ਚ 27 ਰੁਪਏ ਦਿਹਾੜੀ ਅਤੇ ਸ਼ਹਿਰੀ ਖੇਤਰ 'ਚ 33 ਰੁਪਏ ਕਮਾਉਣ ਵਾਲੇ ਵਿਅਕਤੀ ਨੂੰ ਗ਼ਰੀਬੀ ਰੇਖਾ ਤੋਂ ਥੱਲੇ ਮਿਥਿਆ ਗਿਆ ਹੈ। ਇੰਜ ਹੋਣ ਨਾਲ ਦੇਸ਼ ਵਿੱਚ ਗ਼ਰੀਬੀ ਰੇਖਾ ਤੋਂ ਹੇਠਲੇ ਪੱਧਰ ਉੱਤੇ ਰਹਿਣ ਵਾਲਿਆਂ ਦੀ ਫ਼ੀਸਦੀ 29.5 ਹੋ ਗਈ।

ਉੱਪਰਲਿਆਂ ਅਤੇ ਹੇਠਲਿਆਂ ਦੀ ਆਮਦਨ 'ਚ ਵਧਦਾ ਪਾੜਾ ਗ਼ਰੀਬਾਂ ਦੇ ਜੀਵਨ ਪੱਧਰ 'ਚ ਹੋਰ ਅਣਸੁਖਾਵੀਆਂ ਹਾਲਤਾਂ ਪੈਦਾ ਕਰਨ ਦਾ ਕਾਰਨ ਬਣ ਰਿਹਾ ਹੈ। ਰੋਟੀ-ਰੋਜ਼ੀ ਦਾ ਜੁਗਾੜ ਨਾ ਹੋਣ ਕਾਰਨ ਗ਼ਰੀਬ ਲੋਕ ਮਾਨਸਿਕ ਤਣਾਉ ਦਾ ਸ਼ਿਕਾਰ ਹੋ ਰਹੇ ਹਨ, ਜਿਸ ਨਾਲ ਉਹਨਾਂ ਦੇ ਚੰਗੀ ਜ਼ਿੰਦਗੀ ਜਿਉਣ ਦੇ ਸੁਫ਼ਨੇ ਖੇਰੂੰ-ਖੇਰੂੰ ਹੋ ਰਹੇ ਹਨ, ਜਿਹੜੇ ਸੁਫ਼ਨੇ ਅੱਜ ਦੇ ਹਾਕਮ ਉਹਨਾਂ ਨੂੰ ਵੰਨ-ਸੁਵੰਨੇ ਨਾਹਰੇ ਲਾ ਕੇ ਆਪਣੀ ਕੁਰਸੀ ਹਥਿਆਉਣ ਖ਼ਾਤਰ ਉਹਨਾਂ ਦੇ ਮਨਾਂ 'ਚ ਸੰਜੋਂਦੇ ਰਹਿੰਦੇ ਹਨ।

ਅੱਜ ਦੇਸ਼ ਦੀ ਦੌਲਤ ਉੱਤੇ, ਦੇਸ਼ ਦੀ ਸਿਆਸਤ ਅਤੇ ਸਿਆਸੀ ਪਾਰਟੀਆਂ ਉੱਤੇ, ਦੇਸ਼ ਦੇ ਮੀਡੀਏ ਉੱਤੇ, ਕੁਝ ਗਿਣੇ-ਚੁਣੇ ਪਰਵਾਰਾਂ ਅਤੇ ਧਨ-ਕੁਬੇਰਾਂ ਦਾ ਗਲਬਾ ਨਿਰੰਤਰ ਵਧਦਾ ਜਾ ਰਿਹਾ ਹੈ। ਮੁੱਠੀ ਭਰ ਦੌਲਤਮੰਦ ਲੋਕ ਦੇਸ਼ ਦਾ ਸੱਭੋ ਕੁਝ ਹਥਿਆ ਕੇ ਆਪਣੇ ਢੰਗ ਨਾਲ ਦੇਸ਼ ਨੂੰ ਚਲਾਉਣ ਦੇ ਰਾਹ ਤੁਰੇ ਹੋਏ ਹਨ। ਇਹੋ ਜਿਹੀ ਹਾਲਤ ਵਿੱਚ ਦੇਸ਼ ਵਿੱਚੋਂ ਨਾ-ਬਰਾਬਰੀ, ਅਸਮਾਨਤਾ ਦਾ ਖ਼ਤਮ ਹੋਣਾ ਇੱਕ ਸੁਫ਼ਨੇ ਵਾਂਗ ਜਾਪਣ ਲੱਗਾ ਹੈ।

# ਵਧਦੀ ਬੇਰੁਜ਼ਗਾਰੀ ਹੈ ਵੱਡੀ ਚੁਣੌਤੀ

ਮੂਲ : ਅਨੰਤ ਮਿੱਤਲ ਅਨੁਵਾਦ : ਗੁਰਮੀਤ ਪਲਾਹੀ

ਦੇਸ਼ ਵਿੱਚ ਹਰ ਮਹੀਨੇ ਦਸ ਲੱਖ ਲੋਕ ਰੁਜ਼ਗਾਰ ਮੰਗਣ ਵਾਲਿਆਂ ਦੀ ਕਤਾਰ ਵਿੱਚ ਆ ਜੁੜਦੇ ਹਨ, ਪਰ ਨਵੇਂ ਰੁਜ਼ਗਾਰ ਪੈਦਾ ਹੋਣ ਦੀ ਦਰ ਜਦੋਂ ਸਾਲਾਨਾ 20 ਲੱਖ ਦੇ ਥੱਲੇ ਹੀ ਅਟਕੀ ਹੋਵੇ ਤਾਂ ਨਤੀਜਾ ਕੀ ਹੋਵੇਗਾ?

2014 ਦੀਆਂ ਲੋਕ ਸਭਾ ਚੋਣਾਂ ਵਿੱਚ ਨਰਿੰਦਰ ਮੋਦੀ ਵੱਲੋਂ ਨੌਜਵਾਨਾਂ ਨਾਲ ਇੱਕ ਕਰੋੜ ਸਾਲਾਨਾ ਰੁਜ਼ਗਾਰ ਪੈਦਾ ਕਰਨ ਦਾ ਵਾਅਦਾ ਕੀਤਾ ਗਿਆ ਸੀ। ਪਿਛਲੇ ਤਿੰਨ ਸਾਲਾਂ ਵਿੱਚ ਉਹਨਾ ਦੀ ਸਰਕਾਰ 60 ਲੱਖ ਰੁਜ਼ਗਾਰ ਵੀ ਪੈਦਾ ਨਹੀਂ ਕਰ ਸਕੀ। ਖੇਤੀ ਅਤੇ ਗ਼ੈਰ-ਖੇਤੀ ਦੋਵਾਂ ਖੇਤਰਾਂ ਵਿੱਚ ਰੁਜ਼ਗਾਰ ਪੈਦਾ ਹੋਣ ਦੇ ਹਾਲਤ ਚੰਗੇ ਨਹੀਂ ਹਨ।

ਮੇਕ ਇਨ ਇੰਡੀਆ ਨੂੰ ਹਰਮਨ-ਪਿਆਰਾ ਬਣਾਉਣ ਦੇ ਯਤਨਾਂ ਦੇ ਬਾਵਜੂਦ ਇਹ ਯੋਜਨਾ ਸਿਰੇ ਨਹੀਂ ਚੜ੍ਹ ਸਕੀ। ਸੋਕੇ ਦੇ ਹਾਲਾਤ ਵਿੱਚ ਬਦਹਾਲ ਕਿਸਾਨਾਂ ਨੂੰ ਕਰਜ਼ਾ ਮੁਆਫ਼ੀ ਦਾ ਛੁਣਛੁਣਾ ਫੜਾਉਣ ਦੇ ਬਾਵਜੂਦ ਕੋਈ ਸੁਧਾਰ ਨਹੀਂ ਹੋਇਆ। ਗਊ ਅਤੇ ਹੋਰ ਜਾਨਵਰਾਂ ਦੀ ਖ਼ਰੀਦੋ-ਫਰੋਖਤ ਦਾ ਕਾਰੋਬਾਰ ਠੱਪ ਹੋਣ ਨਾਲ ਪਸ਼ੂ ਪਾਲਕ ਬੇਰੁਜ਼ਗਾਰ ਹੋ ਗਏ ਹਨ। ਮਰੇ ਜਾਨਵਰਾਂ ਦੀ ਖੱਲ ਲਾਹ ਕੇ ਵੇਚਣ ਵਾਲੇ ਇਸ ਧੰਦੇ ਤੋਂ ਤੌਬਾ ਕਰ ਰਹੇ ਹਨ, ਜਿਸ ਨਾਲ ਚਮੜਾ ਉਦਯੋਗ ਨਿਘਾਰ ਵੱਲ ਗਿਆ ਹੈ। ਨੋਟ-ਬੰਦੀ ਦਾ ਅਸਰ ਛੋਟੇ ਉਦਯੋਗਾਂ ਤੋਂ ਲੈ ਕੇ ਖੇਤੀ ਖੇਤਰ ਉੱਤੇ ਤੱਕ ਪਿਆ ਹੈ, ਜਿਸ ਨਾਲ ਅਰਥ-ਵਿਵਸਥਾ ਦੀ ਵਾਧਾ ਦਰ ਲਗਾਤਾਰ ਚਾਰ ਤਿਮਾਹੀਆਂ ਵਿੱਚ ਘਟਦੀ ਗਈ ਹੈ।

ਨਰਿੰਦਰ ਮੋਦੀ ਵਾਂਗ ਇੰਦਰਾ ਗਾਂਧੀ ਨੇ ਵੀ ਸੰਨ 1971 ਵਿੱਚ ਚੋਣਾਂ ਸਮੇਂ ਜ਼ਬਰਦਸਤ ਬਹੁਮੱਤ ਪ੍ਰਾਪਤ ਕੀਤਾ ਅਤੇ ਸੱਤਾ ਹਥਿਆਈ ਸੀ। ਉਸ ਵੱਲੋਂ ਬੰਗਲਾ ਦੇਸ਼ ਬਣਾਉਣ ਵਿੱਚ ਸਫ਼ਲਤਾ, ਪਾਕਿਸਤਾਨ ਉੱਤੇ ਜਿੱਤ, ਸਫ਼ਲ ਪ੍ਰਮਾਣੂ ਪ੍ਰੀਖਣ ਅਤੇ ਸਿੱਕਮ ਦੇ ਭਾਰਤ ਵਿੱਚ ਸ਼ਾਮਲ ਕਰਨ ਜਿਹੀਆਂ ਇਤਿਹਾਸਕ ਪ੍ਰਾਪਤੀਆਂ ਦੇ ਬਾਵਜੂਦ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮੀ ਉਸ ਲਈ ਗ੍ਰਹਿਣ ਸਾਬਤ ਹੋਈ ਸੀ। ਸਾਫ਼ ਹੈ ਕਿ ਚੋਣਾਂ ਵਿੱਚ ਰੁਜ਼ਗਾਰ ਵਰਗੇ ਮੁੱਦੇ ਫ਼ੈਸਲਾਕੁਨ ਭੂਮਿਕਾ ਨਿਭਾਉਂਦੇ ਹਨ।

ਦੇਸ਼ ਵਿੱਚ ਅੱਜ ਹਰ ਮਹੀਨੇ ਦਸ ਲੱਖ ਨਵੇਂ ਰੁਜ਼ਗਾਰਾਂ ਦੀ ਮੰਗ ਹੈ, ਪਰ ਇਸ ਦਾ 10 ਤੋਂ 20 ਫ਼ੀਸਦੀ ਵੀ ਪੈਦਾ ਨਹੀਂ ਹੋ ਰਿਹਾ। ਉਦਯੋਗਾਂ ਵਿੱਚ ਵਧ ਰਹੀ ਆਟੋਮੇਸ਼ਨ ਦੇ ਮੁਕਾਬਲੇ ਸਰਕਾਰ ਆਪਣੇ ਕਾਮਿਆਂ ਨੂੰ ਆਈ ਟੀ ਵਿੱਚ ਸਿੱਖਿਅਤ ਕਰਨ ਤੋਂ ਪਛੜ ਰਹੀ ਹੈ। ਸਰਕਾਰ ਦਾ ਪ੍ਰਚਾਰ ਤੰਤਰ ਹਾਲੇ ਮੁਦਰਾ ਕਰਜ਼ਾ ਯੋਜਨਾ ਦੇ ਤਹਿਤ ਛੋਟੇ ਉਦਯੋਗਪਤੀਆਂ ਅਤੇ ਸਵੈ-ਰੁਜ਼ਗਾਰ 'ਤੇ ਲੱਗੇ ਠੇਲ੍ਹੇ-ਖੋਮਚੇ ਵਾਲਿਆਂ ਨੂੰ ਵੱਡੇ ਪੱਧਰ ਉੱਤੇ ਕਰਜ਼ੇ ਦੇ ਕੇ ਸਾਢੇ ਪੰਜ ਕਰੋੜ ਨਵੇਂ ਰੁਜ਼ਗਾਰ ਪੈਦਾ ਕਰਨ ਦਾ ਦਾਅਵਾ ਕਰ ਰਿਹਾ ਹੈ, ਪਰ ਅਸਲੀਅਤ ਤੋਂ ਪ੍ਰਧਾਨ ਮੰਤਰੀ ਜਾਣੂ ਹੈ। ਇਸ ਲਈ ਬੁਨਿਆਦੀ ਯੋਜਨਾਵਾਂ ਨੂੰ ਜਲਦੀ ਪੂਰਾ ਕਰਨ ਲਈ, ਨਵੀਆਂ ਯੋਜਨਾਵਾਂ ਸ਼ੁਰੂ ਕਰਨ, ਰੇਲਵੇ ਵਿੱਚ ਨਿੱਜੀ ਪੂੰਜੀ ਲਾਉਣ ਅਤੇ ਬੁਲੇਟ ਟਰੇਨ ਅਤੇ ਵਿਚਕਾਰਲੇ ਦਰਜੇ ਦੇ ਰੱਖਿਆ ਹਥਿਆਰਾਂ ਦੀਆਂ ਉਤਪਾਦਨ ਯੋਜਨਾਵਾਂ ਨੂੰ ਜਲਦੀ ਪੂਰਾ ਕਰਨ ਲਈ ਪ੍ਰਸ਼ਾਸਨ ਸਿਰ-ਤੋੜ ਯਤਨ ਕਰ ਰਿਹਾ ਹੈ।

ਰਿਜ਼ਰਵ ਬੈਂਕ ਦੇ ਸੇਵਾ-ਮੁਕਤ ਗਵਰਨਰ ਰਘੂਰਾਮ ਰਾਜਨ ਨੇ ਵੀ ਨਵੇਂ ਰੁਜ਼ਗਾਰ ਪੈਦਾ ਕਰਨ ਨੂੰ ਮੌਜੂਦਾ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਮੰਨਿਆ ਸੀ। ਉਹਨਾ ਨੇ ਬੁਨਿਆਦੀ ਢਾਂਚਾ, ਬਿਜਲੀ ਅਤੇ ਬਰਾਮਦਾਂ ਉੱਤੇ ਖ਼ਾਸ ਧਿਆਨ ਦੇਣ ਦਾ ਸੁਝਾਅ ਦਿੱਤਾ ਸੀ। ਬਰਾਮਦਾਂ ਦੇ ਮੋਰਚੇ ਉੱਤੇ ਸਾਡੇ ਦੇਸ਼ ਦਾ ਫ਼ੇਲ੍ਹ ਹੋਣਾ ਗਲੇ ਤੋਂ ਹੇਠਾਂ ਨਹੀਂ ਉੱਤਰਦਾ, ਕਿਉਂਕਿ ਏਸ਼ੀਆ ਦੇ ਹੋਰ ਦੇਸ਼ਾਂ ਵਿੱਚ ਬਰਾਮਦਾਂ ਵਧ ਰਹੀਆਂ ਹਨ। ਘਰੇਲੂ ਸੂਖਮ ਅਤੇ ਛੋਟੇ ਉਦਯੋਗ ਨੋਟ-ਬੰਦੀ ਦੀ ਮਾਰ ਤੋਂ ਬਾਹਰ ਨਹੀਂ ਨਿਕਲ ਸਕੇ।

ਦੇਸ਼ ਵਿੱਚ ਬੇਰੁਜ਼ਗਾਰੀ ਦੀ ਦਰ ਸਾਢੇ ਚਾਰ ਫ਼ੀਸਦੀ ਹੋ ਗਈ ਹੈ। ਸ਼ਹਿਰੀ ਖੇਤਰਾਂ ਵਿੱਚ ਬੇਰੁਜ਼ਗਾਰੀ ਜ਼ਿਆਦਾ ਹੈ। ਉਧਰ ਪੇਂਡੂ ਖੇਤਰਾਂ ਵਿੱਚ ਸੋਕੇ ਅਤੇ ਹੜ੍ਹਾਂ ਦੇ ਭੰਵਰ 'ਚ ਫਸੇ ਖੇਤੀ ਸੈਕਟਰ ਵਿੱਚ ਰੁਜ਼ਗਾਰ ਨਹੀਂ ਵਧ ਰਹੇ। ਸਾਉਣੀ ਦੀ ਫ਼ਸਲ ਦੀ ਬਿਜਾਈ ਘਟ ਗਈ ਹੈ। ਸਾਲ ਭਰ ਵਿੱਚ ਰੁਜ਼ਗਾਰ ਪੈਦਾ ਹੋਣ ਦੀ ਦਰ ਘਟਣ ਅਤੇ ਇਹ ਸਥਿਤੀ ਅਗਲੇ ਸਾਲ ਵੀ ਜਾਰੀ ਰਹਿਣ ਦੀ ਅੰਤਰ-ਰਾਸ਼ਟਰੀ ਮਜ਼ਦੂਰ ਸੰਗਠਨ ਦੀ ਭਵਿੱਖਬਾਣੀ ਹੋਰ ਵੀ ਜ਼ਿਆਦਾ ਚਿੰਤਾ ਜਨਕ ਹੈ।

ਜਿਸ ਦੇਸ਼ ਵਿੱਚ ਬੇਰੁਜ਼ਗਾਰਾਂ ਦੀ ਸੰਖਿਆ ਤਿੰਨ ਕਰੋੜ ਦਾ ਅੰਕੜਾ ਛੂਹ ਰਹੀ ਹੋਵੇ, ਉਥੇ ਏਨੇ ਸਾਰੇ ਮਜ਼ਦੂਰਾਂ ਦਾ ਬੇਰੁਜ਼ਗਾਰ ਹੋ ਜਾਣਾ ਅਤੇ ਫਿਰ ਨਿਰਾਸ਼ ਹੋ ਕੇ ਕੰਮ ਨਾ ਤਲਾਸ਼ਣਾ ਜ਼ਾਹਰਾ ਤੌਰ 'ਤੇ ਸਰਕਾਰ ਲਈ ਖ਼ਤਰੇ ਦੀ ਘੰਟੀ ਹੈ।

## ਗੁਰਬਾਣੀ ਇਸੁ ਜਗ ਮਹਿ ਚਾਨਣੁ॥

(ਸਫਾ 6 ਦੀ ਬਾਕੀ)

ਮਿਲੀ" ਲਹਿਣੇ ਪਾਈ ਨਾਨਕੋਂ (ਭਾ.ਗੁ.) ਉਹ ਗਿਆਨ ਦਾ ਪ੍ਰਕਾਸ਼ ਸ਼ਬਦ ਅੱਗੇ ਉਨ੍ਹਾਂ ਦੇ ਨੌ ਉਤ੍ਰਾਧਿਕ-ਾਰੀਆਂ ਵਿੱਚ ਵਰਤਿਆ ਪਰ ਚਲਾਕ ਤੇ ਅਗਿਆਨੀ ਲੋਕ ਦੇਹਾਂ ਨੂੰ ਹੀ ਗੁਰੂ ਤੇ ਰੱਬ ਮੰਨਣ ਲੱਗ ਪਏ ਇਸ ਲਈ ਬਾਬਾ ਗੁਰੂ ਨਾਨਕ ਸਾਹਿਬ ਦੇ ਆਖਰੀ ਉਤਰਾਧਿਕਾਰੀ ਦਸ਼ਮੇਸ਼ ਜੀ ਵੱਲੋਂ ਪੱਕੇ ਤੌਰ ਤੇ ਸਦੀਵ ਕਾਲ ਲਈ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗਣ ਦੀ ਆਗਿਆ ਕਰ ਦਿੱਤੀ ਕਿ-ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥ ਯਾਦ ਰਹੇ ਕਿ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੱਖਰ ਤੇ ਪੱਤਰੇ ਗੁਰੂ ਸ਼ਬਦ ਨਹੀਂ ਸਗੋਂ ਇਨ੍ਹਾਂ ਰਾਹੀਂ ਦਿੱਤਾ ਗਿਆ ਸੰਸਾਰੀ ਅਤੇ ਨਿਰੰਕਾਰੀ ਗਿਆਨ ਹੀ ਸ਼ਬਦ (ਰੱਬੀ ਨਿਯਮ) ਦੀ ਵਿਆਖਿਆ ਹੈ ਤੇ ਇਹ ਅੱਖਾਂ ਮੀਟ ਸਮਾਧੀਆਂ ਜਾਂ ਮੰਤ੍ਰ ਜਾਪਾਂ ਰਾਹੀਂ ਸਮਝਿਆਂ ਨਹੀਂ ਜਾ ਸਕਦਾ-ਅਖੀ ਤ ਮੀਟਹਿ ਨਾਕ ਪਕਰਹਿ ਠਗਣ ਕਉ ਸੰਸਾਰੁ॥੧॥....ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ॥ ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ॥੪॥(੬੬੩) ਗਾਇ ਸੁਣੇ ਆਖੇ ਮੀਟੇ ਪਾਈਏ ਨ ਪਰਮਪਦ, ਗੁਰ ਉਪਦੇਸ਼ ਗਹਿ ਜਉ ਲਉ ਨ ਕਮਾਈਐ॥ (ਭਾ.ਗੁ) ਹੁਣ ਸਾਡੇ ਪਾਸ ਗੁਰੂ ਗ੍ਰੰਥ ਸਾਹਿਬ ਹੀ ਅਸਲੀ ਪਰਖ ਦੀ ਕਸਵੱਟੀ ਹਨ। ਇਸ ਲਈ ਸਾਨੂੰ ਲਿਖੀਆਂ ਗਈਆਂ ਮਨਘੜਤ ਸਾਖੀਆਂ, ਇਤਿਹਾਸ ਅਤੇ ਭਗੌਤੀ-ਦੁਰਗਾ ਆਦਿਕ, ਇਤਹਾਸ ਤੇ ਮਰਯਾਦਾ ਚੋਂ ਸੋਧ ਲੈਣੀਆਂ ਚਾਹੀਦੀਆਂ ਹਨ। ਰੱਬੀ ਭਗਤਾਂ, ਬਾਬੇ ਨਾਨਕ ਅਤੇ ਉਨ੍ਹਾਂ ਦੇ ਉਤ੍ਰਾਧਿਕਾਰੀਆਂ ਨੇ ਕਦੇ ਦਾਹਵਾ ਨਹੀਂ ਕੀਤਾ ਕਿ ਦੇਹਾਂ ਸਦੀਵੀ ਗੁਰੂ ਜਾਂ ਰੱਬ ਹਨ। ਉਨ੍ਹਾਂ ਇਹ ਜਰੂਰ ਕਿਹਾ ਕਿ ਜਿਨਾ ਕੁ ਸਾਨੂੰ ਰੱਬੀ ਗਿਆਨ ਸਮਝ ਆਇਆ, ਅਸੀਂ ਲੋਕਾਈ ਨੂੰ ਦਰਸਾਇਆ ਤੇ ਵਰਤਾਇਆ ਹੈ। ਉਹ ਹੀ ਸ਼ਬਦ ਗੁਰੂ ਹੈ ਜੋ ਭਗਤਾਂ ਦੇ ਵਾਰਸ਼ਾਂ ਤੋਂ ਲੈ, ਖੁਦ ਉਚਾਰ ਅਤੇ ਹੱਥੀਂ ਲਿਖ ਗਿਆਨ ਸਾਗਰ ਗੁਰੂ ਗ੍ਰੰਥ ਸਾਹਿਬ ਵਿਖੇ ਸੁਭਾਇਮਾਨ ਕਰ ਦਿੱਤਾ ਹੈ। ਪਰ ਸ਼ਬਦ ਗੁਰੂ ਦੀ ਮਹਾਂਨਤਾ ਤੋਂ ਮਨੁੱਕਰ ਬਹੁਤੇ ਸਾਧ, ਸੰਤ, ਡੇਰੇਦਾਰ ਅਤੇ ਸੰਪ੍ਰਦਾਈ ਆਪੋ ਆਪਣੇ ਵੱਡੇ ਵਡੇਰਿਆਂ ਤੇ ਆਪਣੀਆਂ ਦੇਹਾਂ ਦੀ ਸ਼ਖਸ਼ੀ ਪੂਜਾ ਕਰਾਉਂਦੇ ਤੇ ਉਨ੍ਹਾਂ ਦੀਆਂ ਸਮਾਧਾਂ ਬਣਾ ਬਣਾ ਮੱਥੇ ਟੇਕਦੇ ਤੇ ਟਿਕਾਉਂਦੇ ਅਤੇ ਅੱਗੇ ਤੋਂ ਅੱਗੇ ਗੱਦੀਦਾਰ ਥਾਪਦੇ ਹਨ। ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨੂੰ ਮੰਨਣ ਦੀ ਬਜਾਏ, ਆਪੋ ਆਪਣੇ ਬਣਾਏ ਗਏ ਮਹਾਂਪੁਰਖਾਂ ਦੀਆਂ ਮਨਘੜਤ ਕਥਾ ਕਹਾਣੀਆਂ ਤੇ ਵੱਧ ਯਕੀਨ ਕਰਦੇ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਵਿਆਖਿਆ ਕਰਨ ਵਾਲਿਆਂ ਦੇ ਰਾਹ ਰੋਕਦੇ, ਗਾਲ੍ਹਾਂ ਕੱਢਦੇ, ਪੱਗਾਂ ਲਾਹੁੰਦੇ ਤੇ ਕਤਲ ਕਰਨ ਤੱਕ ਜਾਂਦੇ ਹਨ। ਦਾਸ ਨੇ ਉਪ੍ਰੋਕਤ ਲੇਖ, ਗੁਰਬਾਣੀ ਦੀ ਰੌਸ਼ਨੀ ਵਿੱਚ ਵਿਚਾਰਣ ਦਾ ਨਿਮਾਣਾ ਯਤਨ ਕੀਤਾ ਹੈ। ਵਿਚਾਰ ਲਈ ਸਾਨੂੰ ਸਾਰਥਕ ਸ਼ਬਦ ਵਰਤਣੇ ਚਾਹੀਦੇ ਅਤੇ ਭੱਦੀ ਸ਼ਬਦਾਵਲੀ ਵਰਤ ਕੇ ਤਲਖੀ ਨਹੀਂ ਪੈਦਾ ਕਰਨੀ ਚਾਹੀਦੀ। ਅਜਿਹੇ ਸ਼ਬਦ ਵਿਚਾਰ ਯਤਨ ਸਦਾ ਚਲਦੇ ਰਹਿਣੇ ਚਾਹੀਦੇ ਹਨ। ਖੋਜ ਚੋਂ ਕੁਝ ਨਾਂ ਕੁਝ ਉਪਜਦਾ, ਲੱਭਦਾ ਅਤੇ ਬਾਦਾਂ 'ਚ ਬਿਨਸਦਾ, ਇਸ ਲਈ ਮੈਂ ਤਾਂ ਗਿਆਨ ਦਾਤੇ ਗੁਰੂ ਕਰਤਾਰ ਤੋਂ ਬਲਿਹਾਰ ਜਾਂਦਾ ਹਾਂ-ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ॥ (੧੨੫੫)

# ਸੈਕਰਾਮੈਂਟੋ ਦੇ ਇੰਟਰਨੈਸ਼ਨਲ ਕਬੱਡੀ ਕੱਪ ਨੇ ਅਮਰੀਕਾ 'ਚ ਇਤਿਹਾਸ ਸਿਰਜਿਆ

## ਖਿਡਾਰੀਆਂ 'ਤੇ ਡਾਲਰਾਂ ਦਾ ਮੀਂਹ ਵਰ੍ਹਿਆ, ਫਾਈਨਲ ਵਿਚ ਬੇਅ ਏਰੀਆ ਨੇ 15 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਕਬੱਡੀ ਦੇ ਨਵੇਂ ਦਿਸਹੱਦਿਆਂ ਨੂੰ ਦਰਸਾਉਂਦਾ ਹੋਇਆ ਸੈਕਰਾਮੈਂਟੋ 'ਚ ਇੰਟਰਨੈਸ਼ਨਲ ਕਬੱਡੀ ਕੱਪ ਕਰਵਾਇਆ ਗਿਆ, ਜਿਸ ਚਿ ਕਈ ਰਿਕਾਰਡ ਟੁੱਟੇ ਤੇ ਕਈ ਨਵੀਆਂ ਪੈੜਾਂ ਪਈਆਂ। ਗੁਰਦੁਆਰਾ ਬਰਾਡਸ਼ਾਅ ਰੋਡ 'ਤੇ ਸਥਿਤ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਜਿੱਥੇ ਇੰਟਰਨੈਸ਼ਨਲ ਖਿਡਾਰੀ ਸ਼ਾਮਲ ਹੋਏ, ਉਥੇ ਨਾਲ ਹੀ ਹਜ਼ਾਰਾਂ ਦੀ ਤਾਦਾਦ ਵਿਚ ਆਏ ਦਰਸ਼ਕਾਂ ਨੂੰ ਬੈਠਣ, ਖਾਣ-ਪੀਣ ਤੇ ਸਕਿਊਰਟੀ ਨੇ ਸਾਰਿਆਂ ਨੂੰ ਹੈਰਾਨ ਜ਼ਰੂਰ ਕਰ ਦਿੱਤਾ। ਇਸ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਐਤਕੀ ਫਾਈਨਲ ਵਿਚ ਬੇਅ ਏਰੀਆ ਸਪੋਰਟਸ ਕਲੱਬ ਨੇ ਟਰਲੱਕ ਦੇ ਫਤਿਹ ਕਲੱਬ ਨੂੰ ਹਰਾ ਕੇ 15 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ ਤੇ ਫਤਿਹ ਸਪੋਰਟਸ ਨੂੰ 14 ਹਜ਼ਾਰ ਡਾਲਰ ਦਾ ਇਨਾਮ ਮਿਲਿਆ। ਪਹਿਲਾ ਇਨਾਮ 'ਚੜ੍ਹਦਾ ਪੰਜਾਬ ਰੋਜ਼ਵਿਲ ਨੇ ਦਿੱਤਾ ਤੇ ਦੂਜਾ ਇਨਾਮ ਸੈਂਟਰਲ ਵੈਲੀ ਸਪੋਰਟਸ ਕਲੱਬ ਮੋਡੈਸਟੋ ਵੱਲੋਂ ਦਿੱਤਾ ਗਿਆ। ਇਸੇ ਤਰ੍ਹਾਂ ਤੀਸਰੇ ਥਾਂ 'ਤੇ ਰਹਿਣ ਵਾਲੀ ਟੀਮ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਨੂੰ ਸੈਂਟਾ ਰੋਜਾ ਬ੍ਰਦਰਜ਼ ਤੇ ਚੌਥੇ ਥਾਂ ਰਹਿਣ ਵਾਲੀ ਟੀਮ ਫਰਿਜ਼ਨੋ ਸਪੋਰਟਸ ਕਲੱਬ ਨੂੰ ਯੂਬਾ ਸਿਟੀ ਗਰੁੱਪ ਵੱਲੋਂ 10 ਹਜ਼ਾਰ ਦਾ ਇਨਾਮ ਦਿੱਤਾ ਗਿਆ। ਇਸ ਟੂਰਨਾਮੈਂਟ ਵਿਚ ਅੰਡਰ 25 ਵਿਚ ਪਹਿਲਾ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਜੇਤੂ ਰਹੀ ਤੇ ਦੂਜੇ ਥਾਂ ਜੱਜ ਬ੍ਰਦਰਜ਼ ਫਾਰਮ ਯੂਬਾ ਸਿਟੀ ਨੂੰ ਸੰਤੁਸ਼ਟੀ ਕਰਨੀ ਪਈ। ਇਸ ਖੇਡ ਮੇਲੇ ਵਿਚ ਬਾਸਕਟਬਾਲ ਤੇ ਵਾਲੀਵਾਲ ਦੇ ਮੈਚ ਵੀ ਹੋਏ, ਜਿਹਨਾਂ 'ਚ ਬਾਸਕਟਬਾਲ ਵਿਚੋਂ ਲੋਡਾਈ ਦੀ ਟੀਮ ਪਹਿਲੇ ਅਤੇ ਐਲਕ ਗਰੋਵ ਦੀ ਟੀਮ ਦੂਜੇ ਸਥਾਨ ਤੇ ਰਹੀ। ਵਾਲੀਵਾਲ ਚਿ ਨੌਰਕਾਲ ਕਲੱਬ ਲੋਡਾਈ ਪਹਿਲੇ ਅਤੇ ਲਵਿੰਗਸਟਨ ਦੀ ਟੀਮ ਦੂਜੇ ਸਥਾਨ 'ਤੇ ਰਹੀ।





ਇਸ ਕਬੱਡੀ ਕੱਪ ਦੌਰਾਨ ਫਾਈਨਲ ਮੈਚਾਂ ਵਿਚ ਵੱਖ-ਵੱਖ ਖਿਡਾਰੀਆਂ ਉਤੇ ਹਜ਼ਾਰਾਂ ਡਾਲਰਾਂ ਦੇ ਇਨਾਮ ਲੱਗੇ ਤੇ ਇੰਝ ਲੱਗਿਆ ਜਿਵੇਂ ਪ੍ਰਬੰਧਕਾਂ ਅਤੇ ਦਰਸ਼ਕਾਂ ਵੱਲੋਂ ਡਾਲਰਾਂ ਦਾ ਮੀਂਹ ਵਰ੍ਹਦਾ ਹੋਵੇ। ਇਕ ਖਿਡਾਰੀ ਜੋ ਫਤਿਹ ਸਪੋਰਟਸ ਕਲੱਬ ਲਈ ਖੇਡਦਾ ਸੀ, ਦੇ ਸੱਟ ਲੱਗਣ ਉਪਰੰਤ ਉਸਨੂੰ ਦਰਸ਼ਕਾਂ ਨੇ ਹਮਦਰਦੀ ਵਜੋਂ 14 ਹਜ਼ਾਰ 7 ਸੌ ਡਾਲਰ ਇਕੱਠੇ ਕਰਕੇ ਦਿੰਤੇ। ਇਸ ਕਬੱਡੀ ਕੱਪ ਦੌਰਾਨ ਬੈਸਟ ਜਾਫੀ ਸੰਦੀਪ ਨੰਗਲ ਅੰਬੀਆਂ ਤੇ ਪਾਲਾ ਜਲਾਲਪੁਰ ਨੂੰ ਚੁਣਿਆ ਗਿਆ ਤੇ ਬੈਸਟ ਰੇਡਰ ਸੰਦੀਪ ਲੁੱਧੜ ਨੂੰ ਚੁਣਿਆ ਗਿਆ।

ਇਸ ਖੇਡ ਸਮਾਗਮ ਦੌਰਾਨ ਗੁਰਨਾਮ ਸਿੰਘ ਗਰੇਵਾਲ ਨੂੰ ਜੋ ਬਾਲੀਵਾਲ ਦਾ ਸਿਰਮੌ ਖਿਡਾਰੀ ਰਿਹਾ, ਨੂੰ ਲਾਇ.ਫ ਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਪ੍ਰਬੰਧਕਾਂ ਵਿਚ ਪ੍ਰਗਟ ਸਿੰਘ ਸੰਧੂ, ਧੀਰਾ ਨਿੱਝਰ, ਗੁਰਮੀਤ ਸਿੰਘ ਵੜੈਚ, ਨਿੰਦੀ ਥਾਂਦੀ, ਬਿੱਟੂ ਰੰਧਾਵਾ, ਤਰਲੋਚਨ ਅਟਵਾਲ, ਬਲਵੰਤ ਵਿਰਕ, ਹੈਪੀ ਬਰਿਆਨਾ, ਗੋਲਡੀ ਲਾਲੀ, ਹੈਪੀ ਔਲਖ ਆਦਿ ਪ੍ਰਬੰਧਕਾਂ ਵੱਲੋਂ ਵੱਖ ਵੱਖ ਸ਼ਖਸੀਅਤਾਂ ਤੇ ਅਦਾਰਿਆਂ ਨੂੰ ਪਲੈਕਾਂ ਦੇ ਕੇ ਸਨਮਾਨਿਤ ਕੀਤਾ। ਰਿਕਾਰਡਤੋੜ ਇਕੱਠ ਨੂੰ ਕੁਰਸੀਆਂ ਤੇ ਬੈਠਿਆਂ ਨੂੰ ਪੀਜਾ, ਲੰਗਰ, ਚਾਹ, ਪਕੌੜੇ, ਪੇਠਾ, ਜਲੇਬੀਆਂ ਆਦਿ ਮੁਫਤ ਮੁਹੱਈਆ ਕਰਵਾਈਆਂ ਗਈਆਂ।

ਇਸ ਮੌਕੇ ਅਹਿਮ ਸ਼ਖਸੀਅਤਾਂ ਵਿਚ ਗਾਲਟ ਸ਼ਹਿਰ ਦੇ ਪੁਲਿਸ ਮੁਖੀ ਤੇ ਮੇਅਰ, ਗੁਰਦੁਆਰਾ ਰੋਜਵਿਲ, ਗੁਰਦੁਆਰਾ ਬਰਾਡਸ਼ਾਅ, ਗੁਰਦੁਆਰਾ ਦਸ਼ਮੇਸ਼ ਦਰਬਾਰ, ਗੁਰਦੁਆਰਾ ਰਿਓਲਿੰਡਾ ਆਦਿ ਦੇ ਪ੍ਰਬੰਧਕਾਂ ਨੇ ਵੀ ਹੌਸਲਾ ਅਫਜ਼ਾਇਹੀ ਕੀਤੀ। ਇਸ ਤੋਂ ਇਲਾਵਾ ਬਲਜੀਤ ਸੰਧੂ ਬੇਅ ਏਰੀਆ, ਬੂਟਾ ਜੌਹਲ, ਲਖਵੀਰ ਸਿੰਘ ਔਜਲਾ, ਸ਼ੇਰੂ ਭਾਟੀਆ, ਭਿੰਦਾ ਸੰਘੇੜਾ, ਗੁਰਮੇਜ ਗਿੱਲ, ਦਿਲਵੀਰ ਸਿੰਘ ਗਿੱਲ, ਲਵਿੰਦਰ ਸਿੰਘ ਬਿੱਲਾਂ, ਨੀਤੂ ਕੰਗ, ਹਰਜੀਤ ਸਵੈਚ, ਸਰਦੂਲ ਢਿਲੋਂ, ਹਰਜਿੰਦਰ ਬੋਲੀਨਾ, ਮਲਕੀਤ ਬੋਪਾਰਾਏ, ਬੂਟਾ ਚਾਹਲ, ਜਸਵਿੰਦਰ ਬੋਪਾਰਾਏ, ਰਵਿੰਦਰ ਕਾਹਲੋਂ, ਹੈਰੀ ਸੰਘਾ, ਡਾ. ਹਰਮੇਸ਼ ਕੁਮਾਰ, ਬਲਵੰਤ ਵਿਰਕ, ਅਵਤਾਰ ਸਿੰਘ ਅਟਵਾਲ, ਜੱਸੀ ਸੰਘਾ, ਜੱਸੀ ਬੰਗਾ, ਕੁਲਵੰਤ ਸਿੰਘ ਗਿੱਲ ਆਦਿ ਨੇ ਵਿਸ਼ੇਸ਼ ਹਾਜ਼ਰੀ ਲਗਵਾਈ।

ਇਸ ਇੰਟਰਨੈਸ਼ਨਲ ਕਬੱਡੀ ਕੱਪ ਦੀ ਸਟੇਜ ਤੋਂ ਬੀਬੀ ਆਸ਼ਾ ਸ਼ਰਮਾ ਤੇ ਗਰਾਉਂਡ ਤੋਂ ਮੱਖਣ ਅਲੀ, ਸੁਖਵਿੰਦਰ ਸੰਘੇੜਾ, ਰੰਡਿਆਲਾ ਤੇ ਸੁਰਜੀਤ ਕਕਰਾਲੀ ਨੇ ਆਪਣੇ-ਆਪਣੇ ਤਰੀਕਿਆਂ ਨਾਲ ਕਮੈਂਟਰੀ ਕਰਕੇ ਦਰਸ਼ਕਾਂ ਨੂੰ ਗਰਾਊਂਡ ਦੁਆਲੇ ਜੋੜੀ ਰੱਖਿਆ।


TANDOOR
Indian Restaurant
27167 Mission Blvd. Hayward, CA 95544






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.





ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

Contact Us:

Ph. 510-885-1212
Fax. 510-885-1532

We are open
seven days
11 AM to 10 PM



L.A. MERCHANDISE
Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।





LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।





Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਗੁਰੂ ਘਰ ਦਾ 25ਵਾਂ ਸਥਾਪਨਾ ਦਿਵਸ

















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਗੁਰੂ ਘਰ ਦਾ 25ਵਾਂ ਸਥਾਪਨਾ ਦਿਵਸ























ਤਸਵੀਰਾਂ-
ਪ੍ਰੇਮ ਕੁਮਾਰ ਚੁੰਬਰ
(ਦੇਸ਼ ਦੁਆਬਾ)






ਸਾਬਕਾ ਚੇਅਰਮੈਨ ਜਸਵਿੰਦਰ ਬੰਗਾ ਅਤੇ ਸੁਭਾਸ਼ ਬੰਗਾ (ਬੰਗਾ ਬੂਦਰਜ਼) ਅਤੇ ਸਮੂਹ ਬੰਗਾ ਪਰਿਵਾਰਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਅਤੇ ਸਮੂਹ ਸੰਗਤ ਨੂੰ ਗੁਰੂ ਘਰ ਦਾ 25ਵਾਂ ਸਥਾਪਨਾ ਦਿਵਸ ਮਨਾਉਣ ਦੀਆਂ ਲੱਖ-ਲੱਖ ਵਧਾਈਆਂ।

# MAHA RISHI VALMIK SABHA USA

## YUBA CITY, CALIFORNIA




ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ)

ਪਾਵਨ ਵਾਲਮੀਕ ਤੀਰਥ ਅੰਮ੍ਰਿਤਸਰ

## ਭਗਵਾਨ ਵਾਲਮੀਕ ਜੀ ਦੇ ਪ੍ਰਗਟ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

**ਗੁਰੂ ਪਿਆਰੀ ਸਾਧ ਸੰਗਤ ਜੀਓ**

ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ 84/86 ਪਰਸੀ ਐਵਨਿਓ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ ਗੁਣਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਮਨਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਟੈਂਪਲ ਵਿਚ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਵਾਓ। ਗੁਰੂ ਸਾਹਿਬ ਦੇ ਪ੍ਰਗਟ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

ਸਮੂਹ ਸਭਾਵਾਂ : ਮਹਾਂਰਿਸ਼ੀ ਵਾਲਮੀਕ ਸਭਾ (ਯੂ ਐਸ ਏ), ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਰਿਉਲਿੰਡਾ, ਪਿਟਸਬਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਪ੍ਰਗਟ ਦਿਵਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## ਪ੍ਰੋਗਰਾਮ

13 ਅਕਤੂਬਰ ਦਿਨ ਸ਼ੁੱਕਰਵਾਰ 2017
ਆਰੰਭ ਪਾਠ ਸ੍ਰੀ ਯੋਗਵਸ਼ਿਸ਼ਟ ਸਾਹਿਬ ਜੀ
ਸਵੇਰੇ 10 ਵਜੇ

14 ਅਕਤੂਬਰ ਦਿਨ ਸ਼ਨਿਚਰਵਾਰ, 2017
ਝੰਡਾ ਸਾਹਿਬ ਚੜ੍ਹਾਉਣ ਦੀ ਰਸਮ
ਸਵੇਰੇ 10 ਵਜੇ

15 ਅਕਤੂਬਰ ਦਿਨ ਐਤਵਾਰ, 2017
ਪਾਠ ਦੇ ਭੋਗ ਸਵੇਰੇ 11 ਵਜੇ
ਭਜਨ ਗਾਣ ਤੇ ਬੁਲਾਰੇ ਸਵੇਰੇ 11.30 ਤੋਂ ਸ਼ਾਮ 4 ਵਜੇ ਤੱਕ

**Music By : Maharishi Valmik Sangeet Mandali**

**Performances: Bhupinder Bhinda, Amarjit Lali, Vishal Sharbati, Raj Kumar, Jiwan Rattu, Des Raj Shubh, Rohtas Bhagani, Rajinder Sahota, Gurdeep Singh Heera, Swaran Lata Sondhi, Joginder Singh Shonki.**

## ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ

**ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਹੈ ਕਿ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।**

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.

**Address : 84/86 Percy Ave., Yuba City, CA 95991. Phone 530-777-9385**

# ਬਾਲ ਮਜ਼ਦੂਰੀ

ਹਰਦੀਪ ਸਿੰਘ ਚੁੰਬਰ



**ਬਾਲ ਮਜ਼ਦੂਰੀ ਕੀ ਹੈ?**

ਜਿਸ ਬਾਲ ਉਮਰ ਵਿਚ ਇਕ ਬੱਚੇ ਦਾ ਸਰੀਰਕ, ਬੌਧਿਕ ਵਿਕਾਸ ਹੁੰਦਾ ਹੈ, ਉਸ ਉਮਰ ਵਿਚ ਉਸ ਕੋਲੋਂ ਉਸ ਦਾ ਉਹ ਹੱਕ ਖੋਹ ਕੇ ਉਸ ਕੋਲੋਂ ਮਜਦੂਰੀ ਦਾ ਕੰਮ ਲੈਣ ਨੂੰ ਹੀ ਬਾਲ ਮਜ਼ਦੂਰੀ ਦਾ ਨਾਂ ਦਿਤਾ ਗਿਆ ਹੈ। ਜੇ ਕਿਸੇ ਦੇਸ਼ ਦਾ ਭਵਿਖ ਦੇਖਣਾ ਹੋਵੇ ਤਾਂ ਉਸ ਦੇਸ਼ ਦਾ ਬਚਪਨ ਵਿਚੋਂ ਦੇਖ ਕੇ ਸਹਿਜੇ ਹੀ ਉਸ ਦੇਸ਼ ਦਾ ਭਵਿਖ ਦਾ ਅੰਦਾਜਾ ਲਾਇਆ ਜਾ ਸਕਦਾ ਹੈ। ਜਿਸ ਰਾਸ਼ਟਰ ਦੇ ਬੱਚਿਆਂ ਦਾ ਬਚਪਨ ਠੀਕ ਢੰਗ ਨਾਲ ਵਿਕਸਤ ਨਾਂ ਹੋਵੇ ਉਸ ਦੇਸ਼ ਨੂੰ ਭਵਿੱਖ ਵਿਚ ਆਉਣ ਵਾਲੀਆਂ ਸਮਸਿਆਵਾਂ ਤੋਂ ਕੋਈ ਨਹੀ ਬਚਾ ਸਕਦਾ। ਉਸ ਦੇਸ਼ ਦੇ ਭਵਿੱਖ ਦੇ ਨਾਗਰਿਕ ਸਰੀਰਕ ਤੌਰ ਕਮਜੋਰ ਤੇ ਅਵਿਕਸਤ, ਅਨਪੜ ਅਤੇ ਸੋਸ਼ਣ ਦਾ ਸਿਕਾਰ ਹੋਣ ਵਾਲੇ, ਆਪਣੇ ਅਧਿ-ਕਾਰਾਂ ਤੋਂ ਨਾਵਾਕਿਫ ਲੋਕਾਂ ਦੀ ਫੌਜ ਦੇ ਰੂਪ ਵਿਚ ਸਾਹਮਣੇ ਆ ਜਾਵੇਗੀ।ਬਾਲ ਮਜ਼ਦੂਰੀ ਦਾ ਆਮ ਤੌਰ 'ਤੇ ਮਤਲਬ ਹੁੰਦਾ ਹੈ ਕਿ ਭੁਗਤਾਨ ਦੇ ਨਾਲ ਜਾਂ ਬਿਨਾਂ ਭੁਗਤਾਨ ਦੇ ਕਿਸੇ ਵੀ ਦਸਤੀ ਕੰਮ ਵਿਚ ਬੱਚਿਆਂ ਦਾ ਰੁਜ਼ਗਾਰ ਦੇ ਕੰਮ ਚੋ ਲਾਣਾ। ਬਾਲ ਮਜ਼ਦੂਰੀ ਸਿਰਫ ਭਾਰਤ ਤੱਕ ਹੀ ਸੀਮਿਤ ਨਹੀਂ ਹੈ, ਇਹ ਇੱਕ ਵਿਸ਼ਵ ਪ੍ਰਕਿਰਿਆ ਹੈ।

ਦੁਖਦਾਈ ਤੌਰ 'ਤੇ ਭਾਰਤ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਬਾਲ ਮਜ਼ਦੂਰਾਂ ਦਾ ਘਰ ਹੈ।ਬੱਚੇ ਰਾਸ਼ਟਰ ਦਾ ਧਨ ਹੁੰਦੇ ਹਨ। ਸਹੀ ਢੰਗ ਨਾਲ ਬਾਲ ਵਿਕਾਸ ਦਾ ਮਤਲਵ ਹੀ ਦੇਸ ਦਾ ਸਹੀ ਦਿਸ਼ਾ ਵਿਚ ਭਵਿਖ ਨਿਰਮਾਣ ਹੈ।

1991 ਦੀ ਮਰਦਮਸ਼ੁਮਾਰੀ ਮੁਤਾਬਕ ਵਿਚ ਬਾਲ ਮਜ਼ਦੂਰ ਦੀ ਗਿਣਤੀ 1.128 ਕਰੋੜ ਤੋਂ ਵੱਧ ਕੇ 2001 ਵਿਚ 1.26 ਕਰੋੜ ਹੋ ਗਈ ਸੀ। ਐਮ.ਵੀ. ਆਂਧਰਾ ਪ੍ਰਦੇਸ਼ ਵਿਚ ਫਾਉਂਡੇਸ਼ਨ ਨੇ ਦੇਸ਼ ਭਰ ਵਿਚ ਕਪਾਹ ਦੀ ਪੈਦਾਵਾਰ ਵਿਚ ਦਿਨ ਵਿਚ 14-16 ਘੰਟੇ ਦੀ ਦਰ ਨਾਲ ਲਗਪਗ 4 ਲੱਖ ਬੱਚੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਲੜਕੀਆਂ 7 ਤੋਂ 14 ਸਾਲ ਦੀ ਉਮਰ ਦੇ ਸਨ, ਇਹ 90% ਆਂਧਰਾ ਪ੍ਰਦੇਸ਼ ਵਿਚ ਕੰਮ ਕਰਦੇ ਸਨ। ਭਾਰਤ ਵਿਚ ਬਾਲ ਮਜ਼ਦੂਰੀ 40% ਇੱਕ ਕੀਮਤੀ ਪੱਥਰ ਕੱਟਣ ਵਾਲੇ ਖੇਤਰ ਵਿੱਚ ਮਜ਼ਦੂਰੀ ਬੱਚਿਆਂ ਦੀ ਹੁੰਦੀ ਹੈ। ਗੈਰ ਸਰਕਾਰੀ ਸੰਗਠਨਾਂ ਨੇ ਕਰਨਾਟਕ ਵਿੱਚ ਬੇਲਾਰੀ ਜ਼ਿਲ੍ਹੇ ਵਿੱਚ ਖਨਨ ਉਦਯੋਗ ਵਿੱਚ ਚਾਇਲਡ ਵਰਕਰਾਂ ਦੀ ਵਰਤੋਂ ਦੀ ਖੋਜ ਕੀਤੀ ਗਈ। ਸ਼ਹਿਰੀ ਖੇਤਰਾਂ ਵਿੱਚ ਜ਼ਰੀ ਅਤੇ ਕਢਾਈ ਉਦਯੋਗ ਵਿੱਚ ਬੱਚਿਆਂ ਦਾ ਵੱਡਾ ਹਿੱਸਾ ਰੁਜ਼ਗਾਰ ਵਿਚ ਲਗਿਆ ਹੁੰਦਾ ਹੈ।

1998 ਦੀ ਜਨਗਣਨਾ ਅਨੁਸਾਰ ਭਾਰਤ ਵਿਚ 4 ਤੋਂ 15 ਸਾਲ ਦੀ ਉਮਰ ਦੇ ਕੁਲ 25.3 ਕਰੋੜ ਬੱਚਿਆਂ ਵਿਚੋਂ 1.26 ਕਰੋੜ ਬੱਚੇ ਬਾਲ ਮਜ਼ਦੂਰੀ ਵਿਚ ਲੱਗੇ ਹੋਏ ਸਨ। 2009-10 ਵਿਚ ਘਟ ਕੇ ਇਹ ਦਰ 0.49 ਕਰੋੜ ਰਹਿ ਗਈ ਸੀ। 2011 ਵਿਚ ਭਾਰਤ ਦੇ ਕੁੱਲ 25.96 ਕਰੋੜ ਇਸ ਉਮਰ ਦੇ ਬੱਚਿਆਂ ਵਿਚੋਂ ਬਾਲ ਮਜ਼ਦੂਰੀ ਦੀ ਇਹ ਦਰ 0.43 ਨੋਟ ਕੀਤੀ ਗਈ। ਉਹ ਅਲਾਮਤ ਭਾਰਤ ਵਿਚ ਹੀ ਨਹੀ ਪੂਰੀ ਦੁਨੀਆਂ ਵਿਚ ਹੈ। ਇਸੇ ਹੀ ਸਮੇ ਇਕ ਰਿਪੋਰਟ ਮੁਤਾਬਿਕ ਦੁਨੀਆਂ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ 21.7 ਕਰੋੜ ਨੋਟ ਕੀਤੀ ਗਈ ਸੀ ਜੋ ਕਿ ਫੁੱਲ ਟਾਈਮ ਕੰਮ ਕਰ ਰਹੇ ਸਨ।

**ਬਾਲ ਮਜ਼ਦੂਰੀ ਦੇ ਕਾਰਨ**

**ਗਰੀਬੀ:**

ਵਿਕਾਸਸ਼ੀਲ ਦੇਸ਼ਾਂ ਵਿਚ ਵੀ ਬਾਲ ਮਜ਼ਦੂਰੀ ਨੂੰ ਕਾਬੂ ਕਰਨਾ ਨਾਮੁਮਕਿਨ ਹੈ ਕਿਉਂਕਿ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨ, ਆਪਣੇ ਪਰਿਵਾਰਾਂ ਦੀ ਸਹਾਇਤਾ ਕਰਨ ਅਤੇ ਰੋਜ ਦੀ ਖ਼ੁਰਾਕੀ ਪ੍ਰਬੰਧ ਲਈ ਮਦਦ ਕਰਨ ਦੇ ਤੌਰ ਤੇ ਮੰਨਿਆ ਜਾਂਦਾ ਹੈ। ਗਰੀਬੀ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਦੇ ਮਾਪੇ ਆਪਣੇ ਬੱਚਿਆਂ ਨੂੰ ਭੋਜਨ ਦੇਣ ਦੇ ਭਾਰ ਚੁੱਕਣ ਅਤੇ ਆਪਣੇ ਪਰਿਵਾਰਾਂ ਨੂੰ ਚਲਾਉਣ ਦੇ ਸਮਰੱਥ ਨਹੀਂ ਹਨ। ਇਸ ਲਈ, ਮਾੜੀ ਮਾਪੇ ਆਪਣੇ ਬੱਚਿਆਂ ਨੂੰ ਘੱਟ ਮਜ਼ਦੂਰੀ ਤੇ ਅਹਿੰਮੇ ਹਾਲਤਾਂ ਵਿਚ ਕੰਮ ਲਈ ਭੇਜਦੇ ਹਨ।

**ਪਿਛਲੀਆਂ ਉਧਾਰੀਆਂ ਅਤੇ ਕਰਜੇ:**

ਭਾਰਤ ਦੇ ਲੋਕਾਂ ਦੀਆਂ ਮਾੜੀਆਂ ਆਰਥਿਕ ਹਾਲਤਾਂ ਨੂੰ ਪੈਸਾ ਉਧਾਰ ਲੈਣ ਲਈ ਮਜਬੂਰ ਹੋ ਜਾਂਦੇ ਹਨ। ਅਨਪੜ੍ਹ ਲੋਕਾਂ ਦੀ ਜਨਸੰਖਿਆ ਪੈਸਿਆਂ ਦੇ ਉਧਾਰ ਦੇਣ ਵਾਲਿਆਂ ਕੋਲ ਜਾਂਦੇ ਹਨ ਅਤੇ ਕਈ ਵਾਰੀ ਉਹਨਾਂ ਦੁਆਰਾ ਲਏ ਗਏ ਕਰਜ਼ੇ ਦੇ ਬਦਲੇ ਉਹਨਾਂ ਦੀਆਂ ਸਮਾਨ ਨੂੰ ਗਹਿਣੇ ਕਰ ਦਿੰਦੇ ਹਨ. ਪਰ, ਆਮਦਨ ਦੀ ਘਾਟ ਕਾਰਨ, ਕਰਜ਼ਿਆਂ ਉਤੇ ਹੋਰ ਲਏ ਕਰਜ਼ਿਆਂ ਨੂੰ ਵਾਪਸ ਅਦਾ ਕਰਨਾ ਬਹੁਤ ਔਖਾ ਲੱਗਦਾ ਹੈ। ਗਰੀਬੀ ਅਤੇ ਕਰਜ ਦਾ ਇਹ ਜ਼ਹਿਰੀਲਾ ਨਾਗ ਉਨ੍ਹਾਂ ਨੂੰ ਦਿਨ-ਰਾਤ ਕੰਮ ਕਰਨ ਲਈ ਪੁੱਕਾਰਦਾ ਹੈ ਅਤੇ ਫਿਰ ਉਹ ਦੇਣਦਾਰ ਆਪਣੇ ਬੱਚਿਆਂ ਨੂੰ ਉਹਨਾਂ ਦੀ ਮਦਦ ਕਰਨ ਲਈ ਖਿੱਚ ਲੈਂਦਾ ਹੈ ਤਾਂ ਕਿ ਕਰਜ਼ੇ ਦਾ ਭੁਗਤਾਨ ਕੀਤਾ ਜਾ ਸਕੇ।

**ਕਿੱਤਾਕਾਰੀ ਜ਼ਰੂਰਤਾਂ:**

ਕੁਝ ਉਦਯੋਗ ਜਿਵੇਂ ਕਿ ਚੂੜੀਆਂ ਬਣਾਉਣ' ਦੇ ਉਦਯੋਗ ਹਨ, ਜਿੱਥੇ ਬੇਹੱਦ ਉੱਤਮਤਾ ਅਤੇ ਸ਼ੁੱਧਤਾ ਦੇ ਨਾਲ ਬਹੁਤ ਹੀ ਘੱਟ ਕੰਮ ਕਰਨ ਲਈ ਨਾਜ਼ੁਕ ਹੱਥ ਅਤੇ ਛੋਟੀ ਉਂਗਲੀਆਂ ਦੀ ਲੋੜ ਹੁੰਦੀ ਹੈ। ਇੱਕ ਬਾਲਕ ਦੇ ਹੱਥ ਆਮ ਤੌਰ ਤੇ ਬਹੁਤ ਨਾਜ਼ੁਕ ਅਤੇ ਛੋਟੇ ਹੁੰਦੇ ਹਨ, ਇਸਲਈ ਉਹਨਾਂ ਨੂੰ ਬੱਚਿਆਂ ਲਈ ਕੰਮ ਕਰਨ ਦੀ ਲੋੜ ਹੁੰਦੀ ਹੈ ਅਤੇ ਕੱਚ ਦੇ ਨਾਲ ਅਜਿਹੇ ਇੱਕ ਖਤਰਨਾਕ ਕੰਮ ਕਰਦੇ ਹਨ. ਇਹ ਅਕਸਰ ਬੱਚਿਆਂ ਦੀਆਂ ਅੱਖਾਂ ਦੇ ਹਾਦਸੇ ਦੋ ਜਾਂ ਦੇ ਹਨ। ਅਕਸਰ ਵੱਡੀ ਉਮਰ ਦੇ ਲੋਕਾਂ ਦੇ ਸਖਤ ਹੱਥ ਇਸ ਕੰਮ ਲਈ ਸਹੀ ਨਹੀ ਮੰਨੇ ਜਾਂਦੇ।

**ਬਾਲ ਮਜ਼ਦੂਰਾਂ ਦੀਆਂ ਕਿਸਮਾਂ:**

(ਸੰਯੁਕਤ ਰਾਸ਼ਟਰ ਇੰਟਰਨੈਸ਼ਨਲ ਚਿਲਡਰਨਜ਼ ਇਮਰਜੈਂਸੀ ਫੰਡ) ਯੂਨੀਸੇਫ ਨੇ ਬਾਲ ਵਰਕਰਜ਼ ਨੂੰ ਤਿੰਨ ਵਰਗਾਂ ਵਿਚ ਵੰਡਿਆ ਹੈ:

1. ਪਰਿਵਾਰ ਵਿਚ- ਬੱਚੇ ਬਿਨਾਂ ਕਿਸੇ ਤਨਖਾਹ ਦੇ ਘਰੇਲੂ ਨੌਕਰੀਆਂ ਵਿਚ ਰੁੱਝੇ ਰਹਿੰਦੇ ਹਨ।
2. ਪਰਿਵਾਰ ਦੇ ਅੰਦਰ ਅਤੇ ਘਰ ਦੇ ਬਾਹਰ - ਉਦਾਹਰਨ- ਖੇਤੀਬਾੜੀ ਮਜ਼ਦੂਰ, ਘਰੇਲੂ ਨੌਕਰਾਣੀਆਂ, ਪਰਵਾਸੀ ਮਜ਼ਦੂਰ ਆਦਿ।
3. ਪਰਿਵਾਰ ਦੇ ਬਾਹਰ- ਉਦਾਹਰਨ - ਰੈਸਟੋਰੈਂਟਾਂ ਅਤੇ ਨੌਕਰੀਆਂ ਵਿੱਚ ਵੇਚਣ ਵਾਲੀਆਂ ਦੁਕਾਨਾਂ, ਵੇਸਵਾਗਿਰੀ ਆਦਿ।

ਕੁੱਝ ਪਿੱਛੇ ਕਾਨੂੰਨ ਵਿਚ ਬਦਲਾਅ ਕੀਤੇ ਗਏ, ਕਾਨੂੰਨ ਨੂੰ ਲਾਗੂ ਕਰਨਾ, ਬੱਚਿਆਂ ਦੀ ਸ਼ੋਸ਼ਣ ਅਤੇ ਖ੍ਰੀਦਦਾਰੀਆਂ ਅਤੇ ਕੌਮਾਂਤਰੀ ਦਬਾਅ ਕਾਰਨ ਪਿਛਲੇ ਕੁੱਝ ਸਾਲਾਂ ਵਿਚ ਬਾਲ ਮਜ਼ਦੂਰੀ ਦੀਆਂ ਕਿਸਮਾਂ ਬਦਲੀਆਂ ਹਨ। ਬਾਲ ਮਜ਼ਦੂਰੀ ਹੁਣ ਵਧੇਰੇ ਅਦਿੱਖ ਹੈ ਕਿਉਂਕਿ ਕੰਮ ਦੀ ਸਥਿਤੀ ਫੈਕਟਰੀਆਂ ਦੀ ਵਧੇਰੇ ਰਸਮੀ ਸਥਾਪਤੀ ਤੋਂ ਵਪਾਰ ਦੇ ਮਾਧਿਅਮ ਰਾਹੀ ਮਾਲਕਾਂ ਦੇ ਘਰਾਂ ਤੱਕ ਬਦਲ ਗਈ ਹੈ। ਘਰ-ਅਧਾਰਤ ਅਤੇ ਗੈਰ-ਰਸਮੀ ਖੇਤਰਾਂ ਵਿਚ ਵੀ ਬੱਚਿਆਂ ਦੀ ਸ਼ਮੂਲੀਅਤ ਵਧ ਰਹੀ ਹੈ।

ਆਪਣੇ ਅਤੇ ਪਰਾਏ ਪਰਿਵਾਰਾਂ ਦੇ ਘਰਾਂ ਵਿੱਚ ਬੱਚੇ, ਹੱਥਾਂ ਨਾਲ ਘਰੇਲੂ ਕੰਮ ਕਰਦੇ ਹਨ, ਖੇਤੀਬਾੜੀ ਸੈਕਟਰ ਵਿੱਚ ਪੌਂਡ ਮਜ਼ਦੂਰਾਂ ਵਜੋਂਕਾਸ਼ਤ ਦਾ ਕੰਮ, ਕੱਚ, ਮਾਚਿਸ ਬਨਾਣ ਅਤੇ ਬੂੱਟ ਪਲਾਸ ਅਤੇ ਤਾਲੇ ਬਣਾਉਣ ਵਾਲੀਆਂ ਫੈਕਟਰੀਆਂ, ਕਢਾਈ ਦੇ ਕੰਮ, ਸਫਾਈ ਦਾ ਕੰਮ, ਬੀੜੀ-ਰੋਲਿੰਗ, ਵਿੱਚ ਸ਼ਾਮਲ ਹਨ. ਕਾਰਪੇਟ ਬਣਾਉਣ ਵਾਲਾ ਉਦਯੋਗ, ਖਨਨ ਅਤੇ ਪੱਥਰ ਦੇ ਖਾਣਾਂ ਵਿਚ, ਇੱਟਾਂ ਦੇ ਭੱਠਿਆਂ ਅਤੇ ਚਾਹ ਬਗ਼ੀਚੇ ਵਿਚ ਹੋਰ ਕੰਮ ਅਕਸਰ ਲਿੰਗ-ਵਿਸ਼ੇਸ਼ ਹੁੰਦਾ ਹੈ, ਲੜਕੀਆਂ ਦੇ ਵਧੇਰੇ ਘਰੇਲੂ ਅਤੇ ਘਰੇਲੂ ਅਧਾਰਤ ਕੰਮ ਕਰਦੇ ਹੁੰਦੇ ਹਨ, ਜਦੋਂ ਕਿ ਮੁੰਡਿਆਂ ਨੂੰ ਜ਼ਿਆਦਾਤਰ ਘਰ ਤੋਂ ਬਾਹਰ ਮਜ਼ਦੂਰੀ ਦਾ ਕੰਮ ਵਿਚ ਲਿਆ ਜਾਂਦਾ ਹੈ। ਆਮ ਤੌਰ 'ਤੇ, ਬੱਚੇ ਦੀ ਉਮਰ ਵਧਣ ਦੇ ਨਾਲ ਨਾਲਕੰਮ ਕੰਮ ਦਾ ਸਮਾਂ ਵਧਦਾ ਰਹਿੰਦਾ ਹੈ ਜੀਵੇਂ ਹੀ ਬੱਚਿਆਂ ਦੀ ਉਮਰ ਵੱਧਦੀ ਜਾਂਦੀ ਹੈ। ਵੱਖ-ਵੱਖ ਖੇਤਰਾਂ ਵਿਚ ਕੰਮ ਕਰਨ ਵਾਲੇ ਬੱਚਿਆਂ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਨੀ ਇਕ ਵੱਡੀ ਚੁਣੌਤੀ ਹੈ ਕਿਉਂਕਿ ਕਈ ਮਾਮਲਿਆਂ ਵਿਚ ਬੱਚੇ ਖੇਤੀਬਾੜੀ, ਅਤੇ ਰੈਸਟੋਰੈਂਟਾਂ, ਸ਼ਹਿਰੀ ਉਸਾਰੀ ਅਤੇ ਮੁਰੰਮਤ ਕਾਰਜਸ਼ਾਲਾਵਾਂ ਅਤੇ ਘਰ-ਅਧਾਰਤ ਉਦਯੋਗਾਂ ਵਿਚ ਗੈਰ-ਰਸਮੀ ਖੇਤਰਾਂ ਵਿਚ ਕੰਮ ਕਰਦੇ ਹਨ।



ਜਿੱਥੋ ਤਕ ਭਾਰਤ ਦਾ ਸਬੰਧ ਹੈ, ਇਹ ਮੁੱਦਾ ਇਕ ਗੰਭੀਰ ਸਮੱਸਿਆ ਹੈ ਕਿਉਂਕਿ ਭਾਰਤ ਦੇ ਬੱਚੇ ਛੋਟੀ ਉਮਰ ਵਿਚ ਹੀ ਆਪਣੇ ਖੇਤਾਂ ਵਿਚ ਆਰੰਭਿਕ ਸਰਗਰਮੀਆਂ ਵਿਚ ਮਾਪਿਆਂ ਦੀ ਮਦਦ ਵਿਚ ਲਗ ਜਾਂਦੇ ਹਨ। ਇਕ ਹੋਰ ਕਨਸੈਪਟ ਜਿਸ ਨੂੰ ਸਪੱਸ਼ਟੀਕਰਨ ਦੀ ਲੋੜ ਹੈ ਬੰਧੂਆ ਮਜ਼ਦੂਰੀ ਦਾ ਕਨਸੈਪਟ ਹੈ ਜੋ ਸ਼ੋਸ਼ਣ ਦਾ ਸਭ ਤੋਂ ਭਿਆਨਕ ਰੂਪ ਹੈ। ਬੰਧੂਆ ਮਜ਼ਦੂਰ ਦਾ ਮਤਲਬ ਹੈ ਕਿ ਬੱਚਿਆਂ ਨੂੰ ਵਿਆਜ ਦੀ ਅਦਾਇਗੀ ਦੇ ਰੂਪ ਵਜੋਂ ਬਹੁਤ ਜ਼ਿਆਦਾ ਰੇਟ ਉਤੇ ਮਾਪਿਆਂ ਦੁਆਰਾ ਲਏ ਗਏ ਕਰਜ਼ੇ ਦੇ ਭੁਗਤਾਨ ਦੇ ਬਦਲੇ ਬੱਚਿਆਂ ਨੂੰ ਇਕ ਮਜਦੂਰ ਤੌਰ ਤੇ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਬੰਧੂਆ ਮਜ਼ਦੂਰੀ ਦੇ ਕਨਸੈਪਟ ਨਾਲ ਜੁੜਿਆ ਹੋਇਆ ਸ਼ਹਿਰੀ ਬਾਲ ਮਜ਼ਦੂਰੀ ਦਾ ਕਨਸੈਪਟ ਹੈ, ਜਿਸ ਵਿਚ ਸੜਕਾਂ 'ਤੇ ਕੰਮ ਕਰਨ ਵਾਲੇ ਲੇਬਰ ਹਨ ਜੋ ਆਪਣੇ ਬਚਪਨ ਦੇ ਜ਼ਿਆਦਾਤਰ ਸੜਕਾਂਤੇ ਖਤਮ ਕਰ ਦਿੰਦੇ ਹਨ।

ਬਾਲ ਮਜ਼ਦੂਰੀ ਦੇ ਬੱਚਿਆਂ ਦੀ ਖ੍ਰੀਦੋ ਫਰੋਖਤ ਦੀਆਂ ਸੰਭਾਵਨਾਵਾਂ ਦਾ ਕਾਰਨਜਨਸੰਖਿਆ, ਅਨਪੜ੍ਹਤਾ, ਗਰੀਬੀ, ਕਰਜ਼ੇ ਦੇ ਜਾਲ ਜਿਹੇ ਆਮ ਕਾਰਨ ਅਜਿਹੇ ਕੁੱਝ ਕਾਰਨ ਹਨ ਜੋ ਇਸ ਮੰਦਭਾਗੀ ਅਲਾਮਤ'ਚ ਸਹਾਇਕ ਹਨ ।ਭਾਰੀ ਬੋਝ, ਕਰਜ਼ੇ ਦੇ ਫਸੇ ਮਾਪੇ ਆਪਣੀਆਂ ਮੁਸ਼ਕਲਾਂ ਦੇ ਦਬਾਅ ਹੇਠ ਇੱਕ ਆਮ ਬਚਪਨ ਦੀ ਮਹੱਤਤਾ ਨੂੰ ਸਮਝਣ ਵਿੱਚ ਅਸਫਲ ਰਹਿੰਦੇ ਹਨ ਅਤੇ ਇਸ ਤਰ੍ਹਾਂ ਇਹ ਬੱਚੇ ਦੇ ਦਿਮਾਗ ਦੇ ਮਾੜੇ ਭਾਵਨਾਤਮਕ ਅਤੇ ਮਾਨਸਿਕ ਸੰਤੁਲਨ ਵੱਲ ਲੈ ਜਾਂਦੀ ਹੈ ਜਿਸ ਖੇਤਰ ਜਾਂ ਘਰੇਲੂ ਕੰਮ ਕਰਨ ਲਈ ਤਿਆਰ ਵੀ ਨਹੀ ਹੋਇਆ ਹੁੰਦਾ।ਕੌਮੀ ਅਤੇ ਮਲਟੀਨੈਸ਼ਨਲ ਕੰਪਨੀਆਂ ਗਾਰਮੇਂਟ ਉਦਯੋਗਾਂ ਵਿਚ ਬੱਚਿਆਂ ਨੂੰ ਵਧੇਰੇ ਕੰਮ ਕਰਨ ਅਤੇ ਘੱਟ ਤਨਖਾਹ ਲਈ ਵੀ ਭਰਤੀ ਕਰਦੀਆਂ ਹਨ ਜੋ ਬਿਲਕੁਲ ਅਨੈਤਿਕ ਹੈ।

ਬੰਧੂਆ ਬਾਲ ਮਜ਼ਦੂਰ ਦਲਿਤ ਸਮਾਜ ਚੋ ਜ਼ਿਆਦਾ ਹੁੰਦੇ ਹਨ। ਇਹ ਇੱਕ ਗੁਪਤ ਪ੍ਰਕਿਰਿਆ ਹੈ ਕਿਉਂਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਗੈਰ-ਰਸਮੀ ਖੇਤਰ ਵਿੱਚ ਮਿਲਦੇ ਹਨ। ਬੰਧੂਆ ਮਜ਼ਦੂਰੀ ਦਾ ਅਰਥ ਹੈ ਕਿਸੇ ਵਿਅਕਤੀ ਦਾ ਰੁਜ਼ਗਾਰ ਲਏ ਗਏ ਕਰਜ਼ ਨਾਂ ਮੋੜਨ ਦੀ ਸਮਾਜਿਕ ਜ਼ਿੰਮੇਵਾਰੀ ਦੇ ਬਦਲੇ ਵਿੱਚ, ਬੱਚੇ ਜਾਂ ਸਮੁੱਚੇ ਤੌਰ ਤੇ ਪਰਿਵਾਰ ਜ਼ਿੰਮੇਵਾਰੀ ਲੈਣ ਲਈ ਮਜਬੂਰ ਹੁੰਦਾ ਹੈ। ਇਹ ਗੁਲਾਮੀ ਦਾ ਇਕ ਰੂਪ ਹੈ ਕਿ ਉਹ ਬੱਚੇ ਜਿਨ੍ਹਾਂ ਦਾ ਆਪਣੇ ਪਰਿਵਾਰ ਨਾਲ ਬੰਧਨ ਹੁੰਦਾ ਹੈ ਜਾਂ ਆਪਣੇ ਮਾਪਿਆਂ ਦੇ ਕਰਜ਼ਾ ਪ੍ਰਾਪਤ ਬਦਲੇ ਕੰਮ ਕਰਦੇ ਹਨ। ਇਹ ਅਕਸਰ ਖੇਤੀਬਾੜੀ ਸੈਕਟਰ ਵਿਚ ਹੁੰਦਾ ਹੈ ਜਾਂ ਇੱਟ ਭੱਠਿਆਂ ਵਿਚ ਸਹਾਇਤਾ ਕਰਦੇ ਪਰਿਵਾਰਾਂ ਵਿਚ ਅਕਸਰ ਹੁੰਦਾ ਹੈ ਅਤੇ ਜਮੀਨੀ ਪੱਥਰ ਤੇ ਵਿਅਕਤੀਗਤ ਤੌਰ ਤੇ ਬੱਚਿਆਂ ਵਿਚ ਇਹ ਪ੍ਰਣਾਲੀ ਵਧ ਰਹੀ ਘਟਨਾ ਹੈ ਜੋ ਆਮਤੌਰ ਤੇ ਰੁਜ਼ਗਾਰ ਲਈ ਸ਼ਹਿਰੀ ਖੇਤਰਾਂ ਵਿੱਚ ਬੱਚਿਆਂ ਦੀ ਤਸਕਰੀ ਵੱਲ ਲੈ ਜਾਂਦਾ ਹੈ ਅਤੇ ਛੋਟੇ ਉਤਪਾਦਨ ਘਰਾਂ ਅਤੇ ਬੇਨਾਮ ਕਾਰਖਾਨੇ ਵਿੱਚ ਕੰਮ ਕਰਨ ਵਾਲੇ ਬੱਚੇ ਹੁੰਦੇ ਹਨ। ਭਾਰਤ ਵਿਚ ਬੰਧੂਆ ਮਜਦੂਰ ਜ਼ਿਆਦਾਤਰ ਪ੍ਰਵਾਸੀ ਕਾਮੇ ਹਨ, ਉਨ੍ਹਾਂ ਦਾ ਜ਼ਿਆਦਾ ਸ਼ੋਸ਼ਣ ਹੁੰਦਾ ਹੈ। ਇਸ ਤੋਂ ਇਲਾਵਾ ਉਹ ਜ਼ਿਆਦ-ਾਤਰ ਗਰੀਬ, ਲਤਾੜਿਆ ਸਮਾਜ ਜਿਵੇਂ ਕਿ ਦਲਿਤ ਜਾਂ ਹਾਸ਼ੀਏ 'ਤੇ ਕਬਾਇਲੀ ਸਮੂਹਾਂ ਤੋਂ ਆਉਂਦੇ ਹਨ, ਉਹ ਹੀ ਬੰਧੂਆ ਬਾਲ ਮਜ਼ਦੂਰ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਅਤੇ ਇਸ ਅਣਗਹਿਲੀ ਲਈ ਬਹੁਤ ਜ਼ਿਆਦਾ ਮਾੜੇ ਹਾਲਾਤ ਵਿਚਰਹਿਣ ਲਈ ਮਜਬੂਰ ਹੁੰਦੇ ਹਨ। ਕਈ ਵਾਰੀ ਇਹ ਮਾੜੇ ਹਾਲਾਤ ਉਹਨਾਂ ਨੂੰ ਮੌਤ ਵੱਲ ਵੀ ਲੈ ਜਾਂਦੇ ਹਨ। ਉਹ ਅਕਸਰ ਮਨੋਵਿਗਿਆਨਕ ਅਤੇ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿੰਦੇ ਹਨ। ਉਹ ਪ੍ਰੀਵਾਰ ਇਸ ਗੁਲਾਮੀ ਵਿਚ ਨਾਂ ਆਪ ਕੋਈ ਹੁਨਰ ਸਿੱਖ ਸਕਦੈ, ਨਾਂ ਹੀ ਆਪਣੇ ਬੱਚਿਆਂ ਨੂੰ ਕਈ ਸਮਾਜਕ ਕੁਸ਼ਲਤਾਵਾਂ ਜਾਂ ਉਤਰਜੀਵੀਆਂ ਦੇ ਹੁਨਰ ਸਿਖਾਉਣ ਲਾਇਕ ਮੌਕਾ ਅਤੇ ਸਮਾਂ ਦੇ ਸਕਦੈ।

2000 ਵਿੱਚ ਆਈ ਐਲ ਓ (ਇੰਟਰਨੈਸ਼ਨਲ ਲੇਬਰ ਓਰਗੇਨਾਈਜੇਸ਼ਨ) ਦਾ ਅੰਦਾਜ਼ਾ ਸੀ ਕਿ ਏਸ਼ੀਆ ਵਿੱਚ 5.5 ਮਿਲੀਅਨ ਬੱਚਿਆਂ ਨੂੰ ਮਜ਼ਦੂਰੀ ਲਈ ਮਜਬੂਰ ਕੀਤਾ ਗਿਆ ਸੀ, ਜਦੋਂ ਕਿ ਬੰਧੂਆ ਲੇਬਰ ਲਿਬਰੇਸ਼ਨ ਫਰੰਟ ਨੇ ਇਕੱਲੇ ਭਾਰਤ ਵਿੱਚ 10 ਮਿਲੀਅਨ ਬੰਧੂਆ ਬੱਚਿਆਂ ਨੂੰ ਬਚਾਇਆ ਸੀ। ਇਕ ਰਿਪੋਰਟ ਮੁਤਾਬਿਕ 1998 ਵਿਚ ਭਾਰਤ ਸਰਕਾਰ ਨੇ ਬੰਧੂਆ ਬਾਲ ਮਜ਼ਦੂਰੀ ਨੂੰ ਇਕ ਮਾਮੂਲੀ ਜਿਹੀ ਸਮੱਸਿਆ ਵਜੋਂ ਲੇਬਲ ਕੀਤਾ ਗਿਆ ਜੋ ਸਹੀ ਨਹੀ ਜਾਪਦਾ, ਜਿਸ ਮੁਤਾਬਿਕਬੰਧੂਆ ਬਾਲ ਮਜ਼ਦੂਰੀ ਸਿਰਫ 3,000 ਜਾਂ ਇਸ ਤੋਂ ਵੱਧ ਕੇਸ ਹੋਏ। ਜਦੋਂ ਕਿ 1995 ਵਿਚ ਤਾਮਿਲਨਾਡੂ ਵਿਚ ਇਕ ਸਰਵੇਖਣ ਵਿਚ ਇਕੱਲੇ ਰਾਜ ਵਿਚ 125,000 ਬਾਲ ਮਜ਼ਦੂਰ ਮਿਲੇ ਸਨ।

ਇਕ ਸਰਵੇਖਣ ਵਿਚ ਭਾਰਤ ਦੀ 2011 ਦੀ ਮਰਦਮਸ਼ੁਮਾਰੀ ਦਰਸਾਉਂਦੀ ਹੈ ਕਿ 5 ਤੋਂ 14 ਸਾਲਾਂ ਦੀ ਉਮਰ ਗਰੁੱਪ ਵਿਚ 1.02 ਕਰੋੜ ਤੋਂ ਵੱਧ " ਬਾਲ ਮਜ਼ਦੂਰ ਆਰਥਿਕ ਤੌਰ ਤੇ ਕਿਰਿਆਸ਼ੀਲ" ਬੱਚੇ ਸਨ। ਉਹਨਾਂ ਵਿਚੋਂ 56 ਲੱਖ ਮੁੰਡੇ ਅਤੇ 45 ਲੱਖ ਲੜਕੀਆਂ,ਅੱਠ ਲੱਖ ਬੱਚੇ ਦਿਹਾਤੀ ਖੇਤਰਾਂ ਵਿਚ ਕੰਮ ਕਰਦੇ ਸਨ, ਅਤੇ 20 ਲੱਖ ਸ਼ਹਿਰੀ ਖੇਤਰਾਂ ਵਿੱਚ, ਹਾਲਾਂਕਿ ਪੇਂਡੂ ਸੰਬਧ ਵਿੱਚ 2001 ਅਤੇ 2011 ਦੇ ਅੰਕੜਿਆਂ ਦੇ ਦੌਰਾਨ, 1 ਲੱਖ ਤੋਂ 80 ਲੱਖ ਤੱਕ ਅੰਕੜਾ ਹੈ,ਇਸੇ ਸਮੇਂ ਦੌਰਾਨ, ਸ਼ਹਿਰੀ ਖੇਤਰਾਂ ਵਿੱਚ ਕੰਮ ਕਰਨ ਵਾਲੇ ਬੱਚਿਆਂ ਦੀ ਗਿਣਤੀ 13 ਲੱਖ ਤੋਂ ਵਧਾ ਕੇ 20 ਲੱਖ ਹੋ ਗਈ ਸੀ।

**ਭਾਰਤ ਵਿਚ ਬਾਲ ਸੁਰੱਖਿਆ ਕਾਨੂੰਨ**

ਭਾਰਤ ਵਿਚ ਬਾਲ ਮਜ਼ਦੂਰੀ ਨੂੰ ਰੋਕਣ ਲਈ ਬਣਾਏ ਗਏ ਆਰੰਭਿਕ ਨਿਯਮ ਅੰਗਰੇਜ਼ਾਂ ਨੇ ਚਾਈਲਡ ਐਕਟ, 1938 ਨੂੰ ਪਾਸ ਕੀਤਾ। ਪਰ ਇਹ ਕਾਨੂੰਨ ਬੁਰੀ ਤਰ੍ਹਾਂ ਅਸਫਲ ਰਿਹਾ ਕਿਉਂਕਿ ਇਹ ਗਰੀਬੀ ਦੇ ਕਾਰਨ ਇਸ ਨੂੰ ਹੱਲ ਕਰਨ ਵਿਚ ਅਸਫਲਤਾ ਮਿਲੀ। ਕਿਉਂਕਿ ਇਹ ਗਰੀਬੀ ਹੀ ਤਾਂ ਹੈ ਕਿ ਮਾਪੇ ਬੱਚਿਆਂ ਨੂੰ ਜ਼ਬਰਦਸਤੀ ਮਜ਼ਦੂਰੀ ਵਿੱਚ ਲਿਆਉਂਦੇ ਹਨ।

ਭਾਰਤ ਵਿੱਚ ਬਾਲ ਮਜ਼ਦੂਰੀ ਦੀ ਸਮੱਸਿਆ ਬੜੇ ਲਮੇਂ ਸਮੇਂ ਤੋਂਇੱਕ ਚਿੰਤਾ ਦਾ ਮੁੱਦਾ ਬਣ ਰਹੀ ਹੈ। ਆਜ਼ਾਦੀ ਤੋਂ ਬਾਅਦ ਭਾਰਤ ਦੇ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਇਸ ਸਬੰਧ ਵਿਚ ਬਹੁਤ ਚੰਗੀਆਂ ਸਿਫਾਰਿਸ਼ਾਂ ਕੀਤੀਆਂ।

ਜਦੋਂ 20 ਵੀ ਸਦੀ ਵਿਚ ਬਾਲ ਮਜ਼ਦੂਰੀ ਇੰਨੀ ਬਦਨਾਮ ਹੋ ਗਈ ਕਿ ਫੈਕਟਰੀਆਂ ਦੇ ਖ਼ਤਰੇ ਅਤੇ ਅਣਭੋਲ ਬੱਚਿਆਂ ਦੇ ਜੀਵਨ ਨੂੰ ਖੋਹਣ ਦੀਆਂ ਖ਼ਬਰਾਂ, ਅਖ਼ਬਾਰਾਂ ਵਿਚ ਆਲੇ-ਦੁਆਲੇ ਚਾਰੇ ਪਾਸੇ ਫੈਲੀਆਂ ਹੋਈਆਂ ਸਨ, ਫਿਰ ਇਹ ਸਮਾਂ ਸੀ, ਕਾਨੂੰਨ ਦੀ ਜ਼ਰੂਰਤ ਅਤੇ ਨਿਯਮ ਦੀ ਲੋੜ ਮਹਿਸੂਸ ਕੀਤੀ ਗਈ। ਇਸ ਦੇ ਛਿੱਟੇ ਵਜੋਂ ਅੱਜ, ਬਾਲ ਮਜ਼ਦੂਰਾਂ ਦੀ ਅਲਾਮਤ ਨੂੰ ਖਤਮ ਕਰਨ ਅਤੇ ਰੋਕਣ ਲਈ ਕਾਫ਼ੀ ਸਾਰੇ ਕਾਨੂੰਨ ਹਨ। ਭਾਰਤੀ ਸੰਸਦ ਨੇ ਸਮੇਂ ਸਮੇਂ ਤੇ ਬਾਲ ਮਜ਼ਦੂਰਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਾਨੂੰਨ ਪਾਸ ਕੀਤੇ।14 ਸਾਲ ਦੀ ਉਮਰ ਤੋਂ ਘੱਟ ਉਮਰ ਦੇ ਬਾਲ ਮਜ਼ਦੂਰਾਂ ਨੂੰ ਕਿਸੇ ਵੀ ਕਾਰਖਾਨੇਖਦਾਨ ਚ ਜਾਂ ਆਰਟੀਕਲ 24ਦੇ ਤਹਿਤ ਕਿਸੇ ਵੀ ਖਤਰਨਾਕ ਕੰਮ ਨਾਲ ਜੁੜੇ ਹੋਏ ਰੁਜ਼ਗਾਰ ਨਾਲ, ਇਸ ਤੋਂ ਇਲਾਵਾ, ਇਹ ਧਾਰਾ 21-ਏ ਦੇ ਤਹਿਤ ਵੀਛੇ ਸਾਲ ਦੀ ਉਮਰ ਤੋਂ 14 ਸਾਲ ਤੱਕ ਦੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਲਈ ਸਰੋਤ ਮੁਹੱਈਆ ਕਰਾਉਂਣਾ ਬੁਨਿਆਦੀ ਢਾਂਚਾ ਬਨਵਾਉਣਾ। ਵਿਧਾਨ ਅਧੀਨ ਬਾਲ ਮਜ਼ਦੂਰਾਂ ਦੇ ਬੱਚਿਆਂ ਦੀ ਸੁਰੱਖਿਆ ਲਈ ਕਾਨੂੰਨ ਬਣਾਏ ਗਏ ਹਨ।

**1948 ਦੇ ਫੈਕਟਰੀ ਐਕਟ:**

ਇਹ ਐਕਟ ਕਿਸੇ ਵੀ ਫੈਕਟਰੀ ਵਿੱਚ 14 ਸਾਲ ਤੋਂ ਘੱਟ ਦੇ ਬੱਚਿਆਂ ਦੀ ਰੁਜ਼ਗਾਰ ਨੂੰ ਮਨ੍ਹਾ ਕਰਦਾ ਹੈ. ਕਾਨੂੰਨ ਦੁਆਰਾ ਇਸ ਦੇ ਵੀ ਨਿਯਮ ਲਾਗੂ ਕੀਤੇ ਹਨ ਕਿ 15-20 ਸਾਲ ਦੀ ਉਮਰ ਤੇ, ਕਿੰਨੇ ਸਮੇਂ ਤੱਕ ਪ੍ਰੀ-ਬਾਲਗ ਕਿਸੇ ਵੀ ਫੈਕਟਰੀ ਵਿੱਚ ਕੰਮ ਤੇ ਕਿਦਾਂ ਲੱਗ ਸਕਦੇ ਹਨ।

**1952 ਦੇ ਖਾਣਾ ਚ ਰੁਜ਼ਗਾਰ ਸਬੰਧੀ ਐਕਟ:**

ਇਹ ਕਾਨੂੰਨ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਖਾਣਾਂ ਵਿਚ ਰੁਜ਼ਗਾਰ ਪ੍ਰਾਪਤ ਕਰਨ ਨੂੰ ਮਨ੍ਹਾ ਕਰਦਾ ਹੈ. ਖਨਨ ਸਭ ਤੋਂ ਖ਼ਤਰਨਾਕ ਰੁਜ਼ਗਾਰਾਂ ਵਿਚੋਂ ਇਕ ਹੈ, ਜਿਸ ਵਿਚ ਪਹਿਲਾਂ ਬਹੁਤ ਸਾਰੇ ਬੱਚਿਆਂ ਦੀ ਜਾਨ ਲੈਣ ਵਾਲੇ ਵੱਡੇ ਹਾਦਸੇ ਹੋਏ ਹਨ ਉਹਨਾਂ ਲਈ ਪੂਰੀ ਤਰ੍ਹਾਂ ਤੇ ਪਾਬੰਦੀ ਲਗਾਈ ਗਈ ਹੈ।

**1986 ਦੇ ਬਾਲ ਮਜ਼ਦੂਰੀ (ਮਨਾਹੀ ਅਤੇ ਨਿਯਮ) ਐਕਟ:**

ਕਾਨੂੰਨ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਾਨੂੰਨ ਦੁਆਰਾ ਖਤਰਨਾਕ ਕਿੱਤਿਆਂ ਦੀ ਸੂਚੀ ਵਿੱਚ ਰੱਖੇ ਗਏ ਰੁਜ਼ਗਾਰ ਦੀ ਮਨਾਹੀ ਕਰਦਾ ਹੈ. ਇਹ ਸੂਚੀ 2006 ਵਿੱਚ ਅਤੇ ਫਿਰ 2008 ਵਿੱਚ ਵਧਾ ਦਿੱਤੀ ਗਈ ਸੀ।

ਐਕਟ 2000 ਦੇ ਬਾਲ ਐਕਸ਼ਨ ਦੇ ਬਾਲ ਨਿਆਂ ਐਕਟ 2000 ਦੇ ਬਾਲ ਐਕਸ਼ਨ ਦੇ ਬਾਲ ਨਿਆਂ (ਕੇਅਰ ਅਤੇ ਪ੍ਰੋਟੈਕਸ਼ਨ) ਨੇ ਬੱਚਿਆਂ ਦੀ ਰੁਜ਼ਗਾਰ ਨੂੰ ਇਕ ਸਜ਼ਾਯੋਗ ਅਪਰਾਧ ਵਜੋਂ ਮੰਨਿਆ ਗਿਆ ਹੈ।

**ਜੁਵੈਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈਕਸ਼ਨ) ਬੱਚਿਆਂ ਦੀ ਐਕਟ -2000:**

ਇਸ ਕਾਨੂੰਨ ਨੇ ਇਸ ਨੂੰ ਅਪਰਾਧ ਦੀ ਸਰੈਣੀ ਚ ਦਾਖਲ ਕੀਤਾ ਹੈ, ਜੇ ਕਰ ਕੋਈ ਵਿਅਕਤੀ ਕਿਸੇ ਬਾਲਕ ਨੂੰ ਖਤਰਨਾਕ ਰੁਜ਼ਗਾਰ ਜਾਂ ਬੰਧਨ ਵਿਚ ਨੌਕਰੀ ਦੇਣ ਲਈ ਰਖਦਾ ਹੈ ਤਾਂ ਉਸ ਨੂੰ ਇਕ ਮਿਆਦ ਦੀ ਜੇਲ੍ਹ ਦੀ ਸਜ਼ਾ ਯੋਗ ਹੋ ਸਕਦੀ ਹੈ।ਇਹ ਐਕਟ ਉਹਨਾਂ ਲੋਕਾਂ ਨੂੰ ਸਜਾ ਦਿੰਦਾ ਹੈ ਜੋ ਬੱਚਿਆਂ ਨੂੰ ਖਤਰਨਾਕ ਕੰਮ ਕਰਨ ਲਈ ਰਖਦੇ ਹਨ ਅਤੇ ਕਾਨੂੰਨ ਦੀ ਉਲੰਘਣਾ ਕਰਦੇ ਹਨ।

**ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ 2009 ਦਾ ਕਾਨੂੰਨ:**

ਕਾਨੂੰਨ 6 ਤੋਂ 14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਦਾ ਹੈ. ਇਹ ਕਾਨੂੰਨ ਇਹ ਵੀ ਲਾਜ਼ਮੀ ਕਰਦਾ ਹੈ ਕਿ ਹਰੇਕ ਪ੍ਰਾਈਵੇਟ ਸਕੂਲ ਵਿਚ 25 ਪ੍ਰਤੀਸ਼ਤ ਸੀਟਾਂ ਘੱਟ ਗਿਣਤੀ ਦੇ ਬੱਚਿਆਂ ਅਤੇ ਸਰੀਰਕ ਤੌਰ ਤੇ ਅਪਾਹਜ ਬੱਚਿਆਂ ਲਈ ਰੱਖੀਆਂ ਜਾਣੀਆਂ ਚਾਹੀਦੀਆਂ ਹਨ।

**ਖ਼ਤਰਨਾਕ ਕਾਰਗੁਜ਼ਾਰੀ (ਖ਼ਤਰਨਾਕ ਕਿੱਤੇ)**

"ਚਾਈਲਡ ਲੇਬਰ (ਮਨਾਹੀ ਅਤੇ ਰੈਗੂਲੇਸ਼ਨ) ਐਕਟ 1986 ਦੇ ਭਾਗ (ਸੀ) 'ਕੁਝ ਖਾਸ ਕਿੱਤਿਆਂ ਅਤੇ ਪ੍ਰਕਿਰਿਆਵਾਂ ਵਿੱਚ ਬੱਚਿਆਂ ਦੇ ਰੁਜ਼ਗਾਰ ਨੂੰ ਰੋਕਣ' ਲਈ ਪ੍ਰਦਾਨ ਕਰਦਾ ਹੈ. ਅਨੁਸੂਚੀ ਦੁਆਰਾ ਦੋ ਹਿੱਸਿਆਂ ਵਿੱਚ ਖ਼ਤਰਨਾਕ ਕਿੱਤਿਆਂ ਦੀ ਸੂਚੀ ਦਿੱਤੀ ਜਾਂਦੀ ਹੈ; ਏ ਅਤੇ ਬੀਪ੍ਰਦਾਨ ਕਰਦਾ ਹੈ।

**ਭਾਗ ੳ-**

ਕਿਸੇ ਵੀ ਬੱਚੇ ਨੂੰ ਇਹਨਾਂ ਵਿੱਚੋਂ ਕਿਸੇ ਵੀ ਕਿੱਤੇ ਵਿੱਚ ਕੰਮ ਕਰਨ ਲਈ ਨੌਕਰੀ ਜਾਂ ਆਗਿਆ ਨਹੀਂ ਦਿੱਤੀ ਜਾਏਗੀ:

1. ਮੁਸਾਫਰਾਂ ਦੀਵਸਤਾਂ ਰੇਲਵੇਜਾਂਮੇਲ ਦੁਆਰਾ ਟ੍ਰਾਂਸਪੋਰਟ ਦਾ ਕੰਮ;
2. ਅਧਜਲੇ ਕੋਲੇ ਦਾ ਚੁੱਕਣਾ, ਇੱਕ ਰਾਖ ਦੇ ਟੋਏ ਸਾਫ਼ ਕਰਨਾ ਜਾਂਰੇਲਵੇ ਦੇ ਖੇਤਰ ਵਿੱਚ ਬਿਲਡਿੰਗ ਦਾ ਕੰਮ ਕਾਰ
3. ਕਿਸੇ ਰੇਲਵੇ ਸਟੇਸ਼ਨ 'ਤੇ ਵਿਕ੍ਰੇਤਾ ਜਾਂ ਕਿਸੇ ਹੋਰ ਕਰਮਚਾਰੀ ਨੂੰ ਇਕ ਪਲੇਟਫਾਰਮ ਤੋਂ ਦੂਜੇ ਤੱਕ ਜਾਂ ਚਲਦੀ ਰੇਲ ਗੱਡੀ ਵਿਚ ਜਾਂ ਬਾਹਰ ਕੱਢਣ ਨਾਲ ਰੇਲਵੇ ਸਟੇਸ਼ਨ' ਤੇ ਕੇਟਰਿੰਗ ਦਾ ਕੰਮ ਕਰਨਾ.
4. ਰੇਲਵੇ ਸਟੇਸ਼ਨ ਦੇ ਨਿਰਮਾਣ ਜਾਂ ਕਿਸੇ ਹੋਰ ਕੰਮ ਨਾਲ ਸੰਬੰਧਤ ਕੰਮ, ਜਿੱਥੇ ਇਹ ਕੰਮ ਰੇਲਵੇ ਲਾਈਨਾਂ ਦੇ ਜਾਂ ਉਸ ਦੇ ਨੇੜੇ ਜਾਂ ਨੇੜੇ ਹੋਵੇ.
5. ਕਿਸੇ ਪੋਰਟ ਦੀ ਸੀਮਾ ਦੇ ਅੰਦਰ ਪੋਰਟ ਅਥਾਰਟੀ ਦਾ ਕੰਮ.
6. ਆਰਜ਼ੀ ਲਾਇਸੈਂਸਾਂ ਦੇ ਨਾਲ ਦੁਕਾਨਾਂ ਵਿਚ ਪਟਾਕੇ ਅਤੇ ਫਾਇਰ ਵਰਕਸ ਵੇਚਣ ਸੰਬੰਧੀ ਕੰਮ
7. ਬਟਾਲੀਅਨ K ਬੁੱਚੜ ਖਾਨੇ
8. ਆਟੋਮੋਬਾਈਲ ਵਰਕਸ਼ਾਪਾਂ ਅਤੇ ਗੈਰਾਜ.
9. ਢਲਾਈ ਕਾਰਖਾਨੇ
10. ਟੈਕਸੀਆਂ ਦੀ ਸਾਂਭ ਸੰਭਾਲ ਜਾਂ ਜਲਣਸ਼ੀਲ ਪਦਾਰਥ ਜਾਂ ਵਿਸਫੋਟਕ ਦੀ ਸੰਭਾਲ ਕਰਨੀ
11. ਹੱਥਖੱਡੀ ਅਤੇ ਬੁਣਕਰ ਕਾਰਖਾਨੇ
12. ਖਨਨ ਦਾ ਕੰਮ (ਭੂਮੀ ਅਤੇ ਹੇਠਲੇ ਪਾਣੀ) ਅਤੇ ਕੋਲੇ ਦਾ ਕੰਮ ਕਾਰ

(ਬਾਕੀ ਅਗਲੇ ਸਫੇ ਤੇ)

ਕਹਾਣੀ

# ਉਡਾਰੀ





**ਜਤਿੰਦਰ ਕੌਰ ਰੰਧਾਵਾ**
**647-982-2390**

ਅੱਜ ਫੇਰ ਸ਼ੁਭ ਸ਼ਿਕਾਇਤ ਕਰ ਰਹੀ ਸੀ।

"ਮੋਮ ਯੂ ਨੇਵਰ ਲਾਇਕ ਮਾਈ ਪੋਇਮਜ਼ ! ਲੁਕ, ਮਾਈ ਟੀਚਰ ਲੌਵਡ ਇੱਟ

ਉਸਨੇ ਕਿੰਨਾ ਸੋਹਣਾ ਲਿਖਿਆ ਹੈ, ਮੇਰੀ ਕਵਿਤਾ ਬਾਰੇ । "

"ਹਾਂ ਲਿਖਿਆ ਤੇ ਹੈ" ਮੈਂ ਹੌਲੀ ਦੇਣੇ ਕਿਹਾ।

"ਕਵਿਤਾ ਤੇ ਸੋਹਣੀ ਹੈ, ਪਰ ਤੈਨੂੰ ਪਤਾ ? ਮੈਂ ਕਿਉਂ ਨਹੀਂ ਸੋਹਣੀ ਆਖੀ"

"ਕਿਉਂ ?" ਉਸ ਡਾਢੀ ਉਤ-ਸੁੱਕਤਾ ਨਾਲ ਪੁੱਛਿਆ।

ਮੈਂ ਇਕ ਪਲ ਭਰ ਲਈ ਠਠੰਬਰ ਜਿਹੀ ਗਈ, ਆਪਣੇ ਹੀ ਡਰ ਬਾਰੇ ਸੋਚ ਕੇ ।

ਤੇ ਫੇਰ ਉਸ ਦੀ ਕਵਿਤਾ ਮਨ ਹੀ ਮਨ ਦੁਹਰਾਉਣ ਲੱਗੀ

"ਆਇ ਹੈਡ ਆਲਵੇਜ਼ ਨੋਨ ਦੈਟ
ਮਾਈ ਹੋਮ ਵਾਜ਼ ਨੌਟ ਦਾ
ਪਲੇਸ ਫਾਰ ਮੀ
ਆਇ ਐਮ ਸੋ ਲੌਵੇਡ ਹੇਅਰ,
ਈਵਨ ਮਾਈ ਸਮਾਲ ਸਨੀਜ਼
ਡੱਸ ਨਾਟ ਗੋ ਅੰਨ-ਅਟੇਂਡਡ
ਬਟ, ਡੂ ਨੋਟ ਬਲੇਮ ਮੀ ,
ਵਹੇਨ ਆਇ ਵਾਨੱਟ ਟੁ ਲੀਵ
ਏ ਬਰਡ ਕੁੱਡ ਲਿਵ ਇਨ
ਮੋਸਟ ਬੀਅਉਟੀਫੁਲ ਕੇਜ
ਸੁਰੌਂਡੇਡ ਬਾਈ ਲੌਵਿੰਗ ਪੀਪਲ
ਬਟ ਇਟਸ ਫਰਸਟ ਲਵ ਵੁਡ
ਆਲਵੇਸ ਬੀ ਫਲਾਈਂਗ"

ਇੱਕ ਇੱਕ ਸ਼ਬਦ ਰੂਹ ਨੂੰ ਫੂੰਡਦਾ ਜਾ ਰਿਹਾ ਸੀ।

ਉਹ ਕਿਉਂ ਘਰ ਛੱਡਣਾ ਚਾਹੁੰਦੀ ਹੈ? ਕਿਹੜਾ ਆਕਾਸ਼ ਉਸਨੂੰ ਆਵਾਜ਼ਾਂ ਮਾਰ ਰਿਹਾ ? ਮੇਰੇ ਸਵਾਲ ਮੇਰੀਆਂ ਅੱਖਾਂ ਚੋਂ ਅੱਥਰੂ ਬਣ ਵੱਗ ਤੁਰੇ। ਉਸ ਮੇਰੀਆਂ ਬਾਹਾਂ ਹਲੂਣਦਿਆਂ ਕਿਹਾ,

"ਟੈਲ ਮੀ ਮਾਮ ਵਹਾਏ ਯੂ ਡਿੱਡ ਨੌਟ ਲਾਇਕ ਦੈਟ"

ਮੇਰੇ ਚਿਹਰੇ ਵੱਲ ਵੇਖਕੇ ਉਹ ਇੱਕ ਪਲ ਡਰ ਗਈ, ਪਰ ਛੇਤੀ ਹੀ ਸੰਭਲ ਉਹ ਆਖਣ ਲੱਗੀ

"ਨੋ ਮੇਲੋਡਰਾਮਾ, ਮੋਮ ਪਲੀਜ਼, ਟੈਲ ਮੀ ਦ ਟਰੁਥ"

"ਤੂੰ ਨਹੀਂ ਸਮਝੇਂਗੀ", ਮੈਂ ਠੰਡੀ ਸਾਹ ਭਰਦਿਆਂ ਆਖਿਆ।

"ਪਤਾ ਹੈ ਨਾਂਹ, ਮਦਰ ਬਰਡ ਕਿੰਨੀ ਮੁਸ਼ਕਿਲ ਨਾਲ ਨੇਸਟ ਬਣਾਉਂਦੀ ਹੈ, ਉਹ ਦੇਖ ਲੈ।" ਮੈਂ ਉਸਨੂੰ ਬੈਕ ਯਾਰਡ ਵਾਲੇ ਪਾਸੇ, ਬਾਥਰੂਮ ਦੇ ਅਗਜੌਸਟ ਫੈਨ ਵਾਲੇ ਘੁਰੇ ਜਿਹੇ ਵਿੱਚ ਇੱਕ ਟੁੱਟਾ ਫੁੱਟਾ ਜਿਹਾ ਪੰਛੀ ਦਾ ਆਲ੍ਹਣਾ ਵਿਖਾਉਂਦਿਆਂ ਆਖਿਆ , "ਜਿਓਂ ਹੀ ਉਸਦੇ ਬੱਚੇ ਉੱਡ ਜਾਂਦੇ ਹਨ ਤੇ ਇਹ ਆਲ੍ਹਣਾ ਇੰਜ ਉੱਜੜ ਜਾਂਦਾ ਹੈ ਤੇ ਖੰਡਰ ਜਿਹਾ ਬਣ ਜਾਂਦਾ ਹੈ ਤੇ ਮਦਰ ਬਰਡ ਵਿਚਾਰੀ ਪਤਾ ਨਹੀਂ ਕਿੱਥੇ ਹੋਊ ਤੇ ਕਿਵੇਂ ਹੋਊ" ਆਖਦੀ ਮੈਂ ਹੋਰ ਵੀ ਭਾਵੁਕ ਹੋ ਗਈ ।

"ਮੋਮ ਤੁਸੀਂ ਵੀ ਨਾ ! ਹਮੇਸ਼ਾ ਕਿਸੇ ਕੋਲ਼ ਕੋਈ ਨਹੀਂ ਰਹਿੰਦਾ ਹਰ ਕੋਈ ਉੱਡਦਾ ਹੈ , ਐਕਸਪਲੋਰ ਕਰਦਾ ਹੈ। ਦੁਨੀਆਂ ਦੇਖਦੀ ਹੈ, ਮਦਰ ਬਰਡ ਵੀ ਉੱਡ ਜਾਏਗੀ ਇੱਕ ਦਿਨ । ਇਹੀ ਲਾਈਫ ਹੈ"

"ਹਾਂ ਇਹੀ ਲਾਈਫ ਹੈ", ਮੈਂ ਵੀ ਠੰਢਾ ਸਾਹ ਭਰਦਿਆਂ ਕਹਿ ਦਿੱਤਾ।

"ਪਰ ਤੁਸੀਂ ਫੇਰ ਵੀ ਨਹੀਂ ਦੱਸਿਆ ਕਿ ਤੁਹਾਨੂੰ ਮੇਰੀ ਕਵਿਤਾ ਪਸੰਦ ਕਿਉਂ ਨਹੀਂ ਆਈ ?" ਉਸ ਬਾਲ ਹਠ ਨਾਲ਼ ਪੁੱਛਿਆ'

"ਤੂੰ ਹਾਲੇ ਵੀ ਨਹੀਂ ਸਮਝੀ ? ਰਹਿਣ ਦੇ ਫਿਰ ਇਹ ਮਾਂ ਦੇ ਦਿਲ ਦੀ ਗੱਲ ਹੈ ਜਦੋਂ ਮਾਂ ਬਣੇਂਗੀ, ਆਪੇ ਸਮਝ ਜਾਏਂਗੀ।" ਉਹ ਜਿਦ ਛੱਡ ਆਪਣੇ ਕਮਰੇ ਵੱਲ ਚੱਲੀ ਗਈ। ਤੇ ਮੈਂ ਸੋਚੀਂ ਪੈ ਗਈ , ਅਸੀਂ ਪੰਛੀ ਵਾਂਗ ਨਿਰਸਵਾਰਥ ਕਿਉਂ ਨਹੀਂ ਹੋ ਸਕਦੇ ।

# ਬਾਲ ਮਜ਼ਦੂਰੀ

**(ਸਫਾ 15 ਦੀ ਬਾਕੀ)**

13. ਪਲਾਸਟਿਕ ਇਕਾਈਆਂ ਅਤੇ ਫਾਈਬਰ ਗਲਾਸ ਵਰਕਸ਼ਾਪ

**ਭਾਗ-ਬੀ**

ਇਹ ਮੁਹੱਈਆ ਕਰਦਾ ਹੈ ਕਿ, ਹੇਠ ਲਿਖੀਆਂ ਕੋਈ ਵੀ ਪ੍ਰਕਿਰਿਆਵਾਂ ਵਿੱਚੋ ਕਿਸੇ ਵੀ ਬੱਚੇ ਨੂੰ ਹੇਠ ਲਿਖੀਆਂ ਵਰਕਸ਼ਾਪਾਂ ਵਿੱਚ ਰੁਜਗਾਰ ਜਾਂ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ ।

1. ਬੀਡੀ ਬਨਾਉਣਾ
2. ਕਾਲੀਨ, ਗਲੀਚੇ ਬੁਣਾਈ
3. ਸੀਮੈਂਟ ਨਿਰਮਾਣ,ਸੀਮੈਂਟ ਦੇਦੂਜੇ ਕੰਮ ਸਮੇਤ
4. ਕੱਪੜਾ ਛਪਾਈ, ਰੰਗਾਈ ਅਤੇ ਬੁਣਾਈ
5. ਮਾਚਸਾਂ, ਵਿਸਫੋਟਕ ਅਤੇ ਆਤਸ਼ਬਾਜ਼ੀਆਂ ਦਾ ਨਿਰਮਾਣ.
6. ਮਾਇਕਾ ਦਾ ਕੱਟਣਾ ਅਤੇ ਵਢੱਣਾ
7. ਕੱਚੇਧਾਤੂ ਉਤਪਾਦਨ
8. ਸਾਬਣ ਦਾ ਉਤਪਾਦਨ
9. ਸੁਰੰਗਾਂ ਦੀ ਖੁਦਾਈ
10. ਉੂਨ ਦੀ ਸਫਾਈ
11. ਇਮਾਰਤਾਂ ਅਤੇ ਨਿਰਮਾਣ ਉਦਯੋਗ
12. ਸਲੇਟ, ਪੈਂਸਿਲਾਂ ਦਾ ਨਿਰਮਾਣ (ਪੈਕਿੰਗ ਸਮੇਤ)
13. ਗਹਿਣਿਆਂ ਦਾ ਉਤਪਾਦਨ
14. ਜ਼ਹਿਰੀਲੇ ਧਾਤਾਂ ਅਤੇ ਪਦਾਰਥਾਂ ਜਿਵੇਂ ਕਿ ਸਿੱਕਾ, ਮਰਕਰੀ, ਮੈਗਨੀਜ, ਕ੍ਰੋਮੀਅਮ, ਕੈਡਮੀਅਮ, ਬੇਂਜੀਨ, ਕੀਟਨਾਸ਼ਕਾਂ ਅਤੇ ਐਸਬੈਸਟਸ ਦੀ ਵਰਤੋਂ ਨਾਲ ਦੇ ਨਿਰਮਾਣ ਕਾਰਜ
15. ਸਾਰੇ ਖ਼ਤਰਨਾਕ ਪ੍ਰਕਿਰਿਆ ਦੀ ਧਾਰਾ 2 (ਸੀਬੀ) ਅਤੇ ਖ਼ਤਰਨਾਕ ਆਪਰੇਸ਼ਨਾਂ ਵਿਚ ਪਰਿਭਾਸ਼ਤ ਕੀਤਾ ਹੈ, ਜਿਵੇਂ ਕਿ ਫੈਕਟਰੀਆਂ ਐਕਟ 1948 ਦੀ ਧਾਰਾ 87 ਦੇ ਤਹਿਤ ਬਣੇ ਨਿਯਮ ਵਿਚ ਨੋਟੀਫਾਈਡ ਕੀਤੀ ਗਈ
16. ਛਪਾਈ (ਜਿਵੇਂ ਕਿ ਫੈਕਟਰੀਆਂ ਐਕਟ 1948 ਦੇ ਭਾਗ 2 (ਕੇ) ਵਿਚ ਪਰਿਭਾਸ਼ਿਤ ਕੀਤਾ ਗਿਆ ਹੈ
17. ਲਕੱੜੀ ਦੇ ਕੰਮ ਕਾਜ ਅਤੇ ਕਟਾਈ ਅਤੇ ਪ੍ਰੋਸੈਸਿੰਗ
18. ਇਲੈਕਟ੍ਰਾਨਿਕ ਉਦਯੋਗਾਂ ਵਿੱਚ ਟੰਕੇ ਲਾਣ ਦੀ ਪ੍ਰਕਿਰਿਆ
19. ਅਗਰਬੱਤੀ ਨਿਰਮਾਣ
20. ਆਟੋਮੋਬਾਈਲ ਮੁਰੰਮਤ ਅਤੇ ਰੱਖ-ਰਖਾਵ (ਅਰਥਾਤ ਵੈਲਡਿੰਗ ਸਲੇਡਰ ਵਰਕ, ਡੇਟ ਬੈਟਿੰਗ ਅਤੇ ਪ੍ਰਿੰਟਿੰਗ)
21. ਇੱਟ ਭੱਠੇ ਅਤੇ ਛੱਤ ਬਨਾਣ ਦੀਆਂ ਇਕਾਈਆਂ
22. ਕਪਾਹ ਕਾਰਖਾਨੇ ਅਤੇ ਹੋਜ਼ਰੀ ਮਾਲ ਦੇ ਪ੍ਰੋਸੈਸਿੰਗ ਅਤੇ ਉਤਪਾਦਨ
23. ਕਪੜੇ ਧੋਣ ਦਾ ਸਰਫ ਸਾਬਣ ਬਨਾਣ ਦਾ ਕੰਮ
24. ਨਿਰਮਾਣ ਵਰਕਸ਼ਾਪ (ਲੋਹੇ ਅਤੇ ਗੈਰ-ਧਾਗਾ)
25. ਰਤਨ ਅਤੇ ਹੀਰੇ ਕੱਟਣ ਅਤੇ ਪੋਲਿਸ਼ ਕਰਨਾ
26. ਕੱਚੇ ਰਸਾਇਣਾਂ ਦਾ ਕੰਮਕਾਜ ਕਰਨਾ
27. ਸ਼ਣ ਦੇ ਕਾਰਖਾਨੇ, ਸਣ ਨਿਰਮਾਣ ਅਤੇ ਸਬੰਧਤ ਕੰਮ ਕਾਰ
28. ਚੂੰਨਾ ਭੱਠੀ ਅਤੇ ਚੂਨੇ ਦਾ ਨਿਰਮਾਣ
29. ਤਾਲੇ ਬਣਾਉਣੇ
30. ਨਿਰਮਾਣ ਪ੍ਰਕਿਰਿਆ ਜਿਸ ਨਾਲ ਪ੍ਰਾਇਮਰੀ ਅਤੇ ਸੈਕੰਡਰੀ ਸੁੱਰਖਿਆ, ਵੈਲਡਿੰਗ ਆਦਿ ਦੀ ਕਿਰਤ ਕੀਤੀ ਜਾ ਸਕਦੀ ਹੈ.
31. ਕੱਚ ਦਾ ਉਤਪਾਦਨ, ਚੂੜੀਆਂ ਫਲੋਰਸੈਂਟ ਟਿਊਬਾਂ ਦੇ ਬਲਬ ਅਤੇ ਹੋਰ ਸਮਾਨ ਕੱਚ ਉਤਪਾਦਾਂ ਸਮੇਤ ਸ਼ੀਸ਼ੇ ਦੇ ਬਰਤਨ
32. ਸੀਮੈਂਟ ਪਾਈਪਾਂ, ਸੀਮੈਂਟ ਉਤਪਾਦਾਂ ਅਤੇ ਹੋਰ ਸਬੰਧਤ ਕੰਮਾਂ ਦਾ ਨਿਰਮਾਣ.
33. ਰੰਗ ਰੰਗਾਈ ਅਤੇ ਰੰਗਤ ਵਸਤਾਂ ਦਾ ਉਤਪਾਦਨ
34. ਕੀਟਨਾਸ਼ਕਾਂ ਅਤੇ ਕੀਟਨਾਸ਼ਕ ਦਵਾਈਆਂ ਦੇ ਨਿਰਮਾਣ ਜਾਂ ਪ੍ਰਬੰਧਨ
35. ਇਲੈਕਟ੍ਰਾਨਿਕ ਉਦਯੋਗ ਵਿਚ ਖਰਾਦ ਅਤੇ ਜ਼ਹਿਰੀਲੇ ਪਦਾਰਥਾਂ, ਧਾਤ ਦੀ ਸਫਾਈ ਅਤੇ ਫੋਟੋ ਨੂੰ ਵਧਾਉਣਾ ਅਤੇ ਸਿਲੰਡਰ ਕਾਰਜਾਂ ਦਾ ਨਿਰਮਾਣ ਜਾਂ ਪ੍ਰੋਸੈਸਿੰਗ ਅਤੇ ਪ੍ਰਬੰਧਨ।
36. ਕੋਲਾ ਅਤੇ ਕੋਲੇ ਦੀ ਭੰਨਣ ਨੂੰ ਸਾੜਨ ਦਾ ਨਿਰਮਾਣ
37. ਸਿੰਥੈਟਿਕ ਸਮੱਗਰੀਆਂ, ਰਸਾਇਣਾਂ ਅਤੇ ਚਮੜੇ ਨਾਲ ਸੰਬੰਧਿਤ ਖੇਡਾਂ ਦੇ ਸਮਾਨ ਦਾ ਨਿਰਮਾਣ
38. ਫਾਈਬਰਗਲਾਸ ਅਤੇ ਪਲਾਸਟਿਕ ਦੇ ਮੋਲਡਿੰਗ ਅਤੇ ਪ੍ਰੋਸੈਸਿੰਗ
39. ਤੇਲ ਐਕਸਲ ਅਤੇ ਰਿਫਾਇਨਰੀ
40. ਕਾਗਜ ਨਿਰਮਾਣ
41. ਮਿੱਟੀ ਦੇ ਬਰਤਨ ਅਤੇ ਸਬੰਧਤ ਉਦਯੋਗ
42. ਪੋਲਿਸ਼ਿੰਗ, ਮੋਲਡਿੰਗ, ਵੈਲਡਿੰਗ ਨੂੰ ਕੱਟਣਾ ਅਤੇ ਪੀਸਣਾ, ਵਸਤੂਆਂ ਦਾ ਨਿਰਮਾਣ ਸਾਰੇ ਰੂਪਾਂ ਵਿਚ ਕਰਨਾ
43. ਖੇਤੀਬਾੜੀ ਦੀ ਪ੍ਰਕਿਰਿਆ ਜਿਥੇ ਟਰੈਕਟਰ, ਥ੍ਰੈ-ਸ਼ਿਰ ਅਤੇ ਕਟਾਈ ਮਸ਼ੀਨਾਂ ਵਰਤੀਆਂ ਜਾਂਦੀਆਂ ਹਨ ਅਤੇ ਵੱਢਣ ਲਈ ਵਰਤੀਆਂ ਜਾਂਦੀਆਂ ਹਨ
44. ਲੱਕੜ ਚੀਰਨ ਦਾ ਕੰਮ
45. ਰਸੋਈ ਦਾ ਕੰਮ
46. ਚਮੜੇ ਅਤੇ ਚਮੜੇ ਦੇ ਉਤਪਾਦਾਂ ਦੇ ਨਿਰਮਾਣ ਲਈ ਚਮਕਾਈ ਅਤੇ ਪ੍ਰਕਿਰਿਆ
47. ਪੱਥਰ ਤੋੜਨਾ ਅਤੇ ਪੱਥਰ ਪੀਸਣਾ
48. ਤੰਬਾਕੂ ਦੀ ਪ੍ਰਕਿਰਿਆ ਸਮੇਤ ਤੰਬਾਕੂ, ਤੰਬਾਕੂ ਦੇ ਪੇਸਟ ਅਤੇ ਕਿਸੇ ਵੀ ਰੂਪ ਵਿਚ ਤੰਬਾਕੂ ਦੇ ਪ੍ਰਬੰਧਨ ਦਾ ਨਿਰਮਾਣ
49. ਟਾਇਰ ਬਣਾਉਣ ਦੀ ਮੁਰੰਮਤ, ਮੁੜ ਕਾਰੋਬਾਰ ਕਰਨ ਅਤੇ ਗਰਾਫਾਈਟ ਕੰਮ ਕਾਰ
50. ਧਾਤ ਦੇ ਬਰਤਨ ਬਨਾਣਾ ਅਤੇ ਮੈਟਲ ਬਫਿੰਗ ਬਣਾਉਣ ਵਾਲੇ ਬੈਂਟਿੰਗ
51. ਜ਼ਰੀ ਗੋਟੇ ਕੰਮ ਕਾਰ (ਸਾਰੇ ਪ੍ਰਕਿਰਿਆ)

**ਬਾਲ ਮਜ਼ਦੂਰੀ ਦੇ ਕੰਮ ਦੀ ਮਿਆਦ ਅਤੇ ਕੰਮ ਦੇ ਘੰਟੇ**

ਨਿਰਧਾਰਤ ਘੰਟੇ ਦੇ ਵੱਧ ਤੋਂ ਵੱਧ ਕਿਸੇ ਵੀ ਅਦਾਰੇ ਵਿੱਚ ਕਿਸੇ ਬੱਚੇ ਤੋਂ ਕੰਮ ਨਹੀਂ ਲੈ ਸਕਦੇ ਜਾਂ ਕਿਸੇ ਨੂੰ ਇਸ ਦੀ ਅਨੁਮਤੀ ਨਹੀਂ ਦਿੱਤੀ ਜਾਵੇਗੀ (ਸੈਕਸ਼ਨ -7) ਹਰੇਕ ਦਿਨ ਕੰਮ ਦੀ ਮਿਆਦ ਤਿੰਨ ਘੰਟਿਆਂ ਤੋਂ ਵੱਧ ਨਹੀਂ ਹੋਣੀ ਚਾਹੀਦੀ ਅਤੇ ਕੋਈ ਵੀ ਬੱਚਾ ਘੱਟੋ ਘੱਟ ਇਕ ਘੰਟਾ ਲਈ ਆਰਾਮ ਦੇ ਅੰਤਰਾਲ ਤੋਂ ਪਹਿਲਾਂ ਤਿੰਨ ਘੰਟਿਆਂ ਤੋਂ ਵੱਧ ਕੰਮ ਨਹੀਂ ਕਰਦਾ. ਕਿਸੇ ਬੱਚੇ ਨੂੰ 7 ਸਾਮਅਤੇ 8 ਵਜੇ ਸਵੇਰ ਦੇ ਵਿਚਕਾਰ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ..ਕਿਸੇ ਬੱਚੇ ਨੂੰ ਇਜਾਜ਼ਤ ਨਹੀਂ ਹੋਣੀ ਚਾਹੀਦੀ ਜਾਂ ਉਸ ਨੂੰ ਓਵਰਟਾਈਮ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਏਗੀ. (ਸੈਕਸ਼ਨ - 7)।

**ਉਲੰਘਣਾ ਕਰਨ ਤੇ ਸਜਾ ਅਤੇ ਜੁਰਮਾਨੇ**

ਧਾਰਾ -3 ਤਹਿਤ ਉਲੰਘਣਾ ਕਰਨ ਵਾਲੇ ਨੂੰ ਕੈਦ ਦੀ ਸਜ਼ਾ ਦਿੱਤੀ ਜਾਏਗੀ ਜੋ ਤਿੰਨ ਮਹੀਨਿਆਂ ਤੋਂ ਘੱਟ ਨਹੀਂ ਹੋ ਸਕਦੀ, ਜੋ ਇੱਕ ਸਾਲ ਤਕ ਹੋ ਸਕਦੀ ਹੈ ਜਾਂ ਜੁਰਮਾਨਾ ਹੋ ਸਕਦਾ ਹੈ, ਜੋ ਦਸ ਹਜ਼ਾਰ ਰੁਪਿਆ ਤੋਂ ਘੱਟ ਨਹੀਂ ਹੋਵੇਗਾ, ਪਰ ਇਹ ਵੀਹ ਹਜ਼ਾਰ ਰੁੱਪਏ ਤਕ ਜਾਂ ਦੋਵੇ ਵੀ ਨਾਲ ਹੀ ਹੋ ਸਕਦੇ ਹਨ । ਧਾਰਾ (3) ਦੇ ਤਹਿਤ ਜਾਰੀ ਅਪਰਾਧ ਨੂੰ ਸਜ਼ਾ ਲਈ ਸਜ਼ਾ ਦਿੱਤੀ ਜਾਏਗੀ ਜੋ ਕਿ ਛੇ ਮਹੀਨਿਆਂ ਤੋਂ ਘੱਟ ਨਹੀਂ ਪਰ ਜਿਹੜੀ ਦੋ ਸਾਲਾਂ ਤਕ ਹੋ ਸਕਦੀ ਹੈ।

ਐਕਟ ਦੇ ਅਧੀਨ ਕੋਈ ਹੋਰ ਉਲੰਘਣਾ ਸਧਾਰਨ ਕੈਦ ਹੋਣ ਕਰਕੇ ਸਜ਼ਾ ਯੋਗ ਹੋਵੇਗਾ, ਜੋ ਇਕ ਮਹੀਨੇ ਤੱਕ ਸਜਾ ਜਾਂ ਜੁਰਮਾਨਾ ਹੋ ਸਕਦੀ ਹੈ, ਜੋ ਦਸ ਹਜ਼ਾਰ ਰੁਪਏ ਤਕ ਹੋ ਸਕਦੀ ਹੈ ਜਾਂ ਦੋਵੇ ਵੀ ਨਾਲ ਹੀ ਹੋ ਸਕਦੇ ਹਨ ।

**ਬਾਲ ਮਜ਼ਦੂਰਾਂ ਦੇ ਖਾਤਮੇ ਲਈ ਪਾਲਸੀ ਫਰੇਮਵਰਕ**

ਬਾਲ ਮਜ਼ਦੂਰੀ ਨਾਲ ਨਜਿੱਠਣ ਲਈ ਮਹੱਤਵਪੂਰਨ ਅੰਤਰਰਾਸ਼ਟਰੀ ਕਾਨੂੰਨਾਂ ਵਿਚ 1973 (ਆਈ.ਐਲ.ਓ. ਕਨਵੈਨਸ਼ਨ -138) ਦੇ ਰੁਜ਼ਗਾਰ ਅਤੇ ਸਭ ਤੋਂ ਵੱਡੇ ਫਾਰਮ 'ਤੇ ਦਾਖ਼ਲੇ ਲਈ ਘੱਟੋ ਘੱਟ ਉਮਰ' ਤੇ ਬਾਲ ਅਧਿਕਾਰ 1989 (ਸੀ.ਆਰ.ਸੀ.) ਅਤੇ ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਆਈ.ਐਲ.ਓ.) ਸੰਮੇਲਨਾਂ 'ਤੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਸ਼ਾਮਲ ਹੈ. 1999 ਦੇ ਬਾਲ ਮਜ਼ਦੂਰੀ (ਆਈ.ਐਲ.ਓ ਕਨਵੈਨਸ਼ਨ 182) ਭਾਰਤ ਨੇ ਦੋ ਆਈ.ਐਲ.ਓ. ਕਨਵੈਨਸ਼ਨਾਂ ਦੀ ਪੁਸ਼ਟੀ ਨਹੀਂ ਕੀਤੀ ਅਤੇ ਸੋਧ ਦੇ ਸਮੇਂ ਸੀ ਆਰ ਸੀ ਦੇ ਆਰਟੀਕਲ 32 ਨੂੰ ਰਿਜ਼ਰਵੇਸ਼ਨ ਦਿੱਤੀ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਇਸਦੇ ਕੌਮੀ ਵਿਧਾਨ ਅਤੇ ਅੰਤਰਰਾਸ਼ਟਰੀ ਵਚਨਬੱਧਤਾ ਅਨੁਸਾਰ, ਘੱਟੋ ਘੱਟ ਉਮਰ ਤੱਕਇਹ ਇਕ ਪ੍ਰੋਗਰੈਸਿਵ ਤਰੀਕੇ ਨਾਲ ਆਰਟੀਕਲ ਨੂੰ ਲਾਗੂ ਕਰੇਗਾ।

**ਭਾਰਤ ਸਰਕਾਰ ਦੁਆਰਾ ਬਾਲ ਮਜ਼ਦੂਰੀ ਨੂੰ ਨਿਯੰਤ੍ਰਣ ਕਰਨ ਲਈ ਕੋਸ਼ਿਸ਼ਾਂ**

ਬਾਲ ਮਜ਼ਦੂਰੀ (ਮਨਾਹੀ ਅਤੇ ਨਿਯਮ) ਐਕਟ 1986 ਨੇ 16 ਕਿੱਤਿਆਂ ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 68 ਖਤਰਨਾਕ ਪ੍ਰਕਿਰਿਆ ਜੋ ਬੱਚਿਆਂ ਦੇ ਜੀਵਨ ਅਤੇ ਸਿਹਤ ਲਈ ਖ਼ਤਰਨਾਕ ਹਨ, ਦੇ ਰੁਜ਼ਗਾਰ ਦੀ ਸਖਤ ਮਨਾਹੀ ਹੈ ।ਭਾਰਤ ਵਿਚ ਤਕਰੀਬਨ ਸਾਰੇ ਹੀ ਸੂਬਿਆਂ ਨੇ ਜ਼ਿਲਾ ਪੱਧਰ 'ਤੇ ਬਾਲ ਮਜ਼ਦੂਰੀ ਦੇ ਮੁੜ ਵਸੇਬੇ-ਕਾਮੇ-ਕਲਿਆਣ ਫੰਡਾਂ ਦਾ ਗਠਨ ਕੀਤਾ ਹੈ ਅਤੇ ਇਸ ਮੁੱਦੇ ਨੂੰ ਸੁਲਝਾਉਣ ਲਈ ਵੱਖਰੇ ਕਿਰਤ ਸੈੱਲ ਬਣਾਏ ਜਾ ਰਹੇ ਹਨ. ਗੈਰ-ਰਸਮੀ ਸਿੱਖਿਆ ਅਤੇ ਪ੍ਰੀ-ਵੋਕੇਸ਼ਨਲ ਹੁਨਰ ਪ੍ਰਦਾਨ ਕਰਨ ਲਈ 1988 ਤੋਂ ਰਾਜਾਂ ਵਿੱਚ ਕੇਂਦਰੀ ਬਾਲ ਮਜ਼ਦੂਰੀ ਪ੍ਰੋਜੈਕਟ ਲਾਗੂ ਕੀਤੇ ਗਏ ਹਨ । 2001 ਤੋਂ, ਸਰਵ ਸਿਖਸ਼ਾ ਅਭਿਆਨ ਹਰ ਰਾਜ ਵਿਚ ਗਰੀਬ ਅਤੇ ਰੁਜ਼ਗਾਰ ਬੱਚਿਆਂ ਨੂੰ ਸਿੱਖਿਆ ਦੇਣ ਲਈ ਸ਼ੁਰੂ ਕੀਤਾ ਗਿਆ ਹੈ । ਔਰਤਾਂ ਅਤੇ ਬਾਲ ਵਿਕਾਸ ਮੰਤਰਾਲਾ ਗੈਰ-ਰਸਮੀ ਸਿੱਖਿਆ ਅਤੇ ਕਿੱਤਾਕਾਰੀ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ । ਆਂਗਨਵਾੜੀਆਂ ਦੀ ਸਥਾਪਨਾ ਬੱਚਿਆਂ ਦੀ ਭਲਾਈ ਲਈ ਅਤੇ ਉਨ੍ਹਾਂ ਦੀ ਸਰੀਰਕ, ਮਾਨਸਿਕ ਅਤੇ ਵਿਦਿਅਕ ਵਿਕਾਸ ਲਈ ਇਕ ਵੱਡਾ ਕਦਮ ਹੈ ।

**ਬਾਲ ਮਜ਼ਦੂਰੀ ਖ਼ਤਮ ਕਿਵੇਂ ਹੋਵੇ**

ਬਾਲ ਤਸਕਰੀ ਖਤਮ ਕਰਨਾ, ਗਰੀਬੀ ਦੇ ਖਾਤਮੇ, ਮੁੱਕਤ ਅਤੇ ਲਾਜ਼ਮੀ ਸਿੱਖਿਆ ਅਤੇ ਜੀਵਨ ਪੱਧਰ ਦੇ ਬੁਨਿਆਦੀ ਮਿਆਰ ਸਮੱਸਿਆ ਨੂੰ ਬਹੁਤ ਹੱਦ ਤੱਕ ਘਟਾ ਸਕਦੇ ਹਨ । ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਵਿਕਾਸਸ਼ੀਲ ਦੇਸ਼ਾਂ ਨੂੰ ਕਰਜ਼ਾ ਦੇ ਕੇ ਗਰੀਬੀ ਨੂੰ ਖ਼ਤਮ ਕਰਨ ਵਿੱਚ ਮਦਦ ਕਰਦਾ ਆ ਰਿਹਾ ਹੈ । ਜਦੋਂ ਤਕ ਵਿਕਾਸਸ਼ੀਲ ਦੇਸ਼ ਇਸ ਸਮਸਿਆ ਨੂੰ ਖਤਮ ਕਰਨ ਲਈ ਇਮਾਨਦਾਰ ਨਹੀ ਹੁੰਦੇ, ਕੋਈ ਹੱਲ ਨਹੀ ਹੋ ਸਕਦਾ । ਮੁਦਰਾ ਫੰਡ ਰਾਸ਼ਟਰੀ ਹੋਵੇ ਜਾਂ ਅੰਤਰਰਾਸ਼ਟਰੀ ਕਦੀ ਵੀ ਪੂਰਾ ਗਰੀਬੀ ਖਤਮ ਕਰਨ ਲਈ ਨਹੀ ਲਗਦਾ, ਇੱਛਾ ਸ਼ਕਤੀ ਦੀ ਘਾਟ ਹੈ ।

ਸਵਦੇਸ਼ੀ, ਵਦੇਸ਼ੀਕੰਪਨੀਆਂ ਜਾਂ ਮਲਟੀਨੈਸ਼ਨਲ ਕੰਪਨੀਆਂ ਦੁਆਰਾ ਸ਼ੋਸ਼ਣ ਨੂੰ ਰੋਕਣ ਲਈ ਕਿਰਤ ਕਾਨੂੰਨਾਂ ਦਾ ਸਖ਼ਤ ਨਿਯਮ ਜੋ ਵੀ ਹਨ, ਇਮਾਨਦਾਰੀ ਅਤੇ ਇੱਛਾ ਸਕਤੀ ਨਾਲ ਕਾਨੂੰਨ ਨੂੰ ਲਾਗੂ ਕਰਨ ਦੀ ਲੋੜ ਹੈ । ਕੋਈ ਵੀ ਸਮਸਿਆ ਆ ਜਾਵੇ ਅਸੀਂ ਭਾਰਤੀ ਕਾਨੂੰਨ ਬਨਾਉਣ ਦੀ ਦੌੜ ਲਗਾ ਦੀਦੇ ਹਾਂ । ਅਸੀਭਾਰਤੀ ਲੋਕੀ ਟੌਪ 10 ਦੇਸ਼ਾ ਵਿਚ ਹੋ ਸਕਦੇ ਹਾਂ ਜੋ ਆਪਣੇ ਬਣਾਏ ਕਾਨੂੰਨਾਂ ਦੀ ਪਾਲਣਾ ਕਰਨ ਦੀ ਆਪ ਹੀ ਕੋ-ਤਾਹੀ ਕਰਦੇ ਹਾਂ। ਇਹ ਸਾਡੇ ਦੇਸ਼ ਲਈ ਮੰਗਭਾਗੀ ਹੈ । ਭਾਰਤ ਵਿਚ ਕਾਨੂੰਨ ਤਾਂ ਬਹੁਤ ਹਨ, ਲਾਗੂ ਕਰਨ ਜਾਂ ਕਰਾਉਣ ਵਿਚ ਉਚੇ ਔਹਦਿਆਂ ਤੇ ਬੈਠੇ ਭਾਰਤੀ ਵੱਧ ਜਿਮੇਵਾਰ ਹਨ । ਜਦੋਂ ਕਾਨੂੰਨ ਲਾਗੂ ਕਰਨ ਚ ਉਚੇ ਔਹਦਿਆਂ ਤੇ ਬੈਠੇ ਭਾਰਤੀ ਇਮਾਨਦਾਰ ਹੋ ਜਾਣਗੇ ਸਾਰੀਆਂ ਸਮਸਿਆਵਾਂ ਹੱਲ ਹੋ ਜਾਣਗੀਆਂ ।

ਭਾਰਤ ਵਿਚ ਹਰ ਮਾੜੀ ਘਟਨਾ ਉਤੇ ਕਾਨੂੰਨ ਘਾੜੇ ਇਕ ਨਵਾਂ ਕਾਨੂੰਨ ਘੜ ਦਿੰਦੇ ਹਨ, ਘਟਨਾਵਾਂ ਤਾਂ ਫਿਰ ਉਸ ਦੇ ਪਿੱਛੋਂ ਵਾਪਰਦੀਆਂ ਹੀ ਰਹਿੰਦੀਆਂ ਹਨ । ਜੋ ਭਾਰਤੀ ਕਾਨੂੰਨ ਘਾੜੇ ਹਨ ਉਹਨਾਂ ਬਹੁਤ ਸਾਰਿਆਂ ਉਤੇ ਕਾਨੂੰਨ ਤੋੜਨ ਦੇ ਦੋਸ਼ ਹਨ, ਹੋਰ ਬਹੁਤ ਸਾਰੇ ਕਾਰਨਾਂ ਵਿਚੋਂ ਇਕ ਕਾਰਨ ਬਣਦਾ ਹੈ । ਇਹ ਹੀ ਇਕ ਪਾਣੀ ਦੇ ਭਰੇ ਘੜੇ ਵਿਚ ਸੁਰਾਖ ਦਾ ਕੰਮ ਕਰਦਾ ਰਹਿੰਦਾ ਹੈ ਅਤੇ ਕਾਨੂੰਨ ਇਹ ਲਾਗੂ ਨਹੀਂ ਹੁੰਦੇ । ਕਾਨੂੰਨ ਲਾਗੂ ਕਰਨ ਦਾ ਸੁਹਿਰਦਿਤਾ ਦੀ ਘਾਟ ਪੂਰਾ ਕਰਨ ਵਾਲੇ ਲੋਕਾਂ ਨੂੰ ਕਾਨੂੰਨ ਘਾੜੇ ਅਤੇ ਲਾਗੂ ਕਰਨ ਵਾਲੇ ਬਣਾਉਣ ਦੀ ਲੋੜ ਹੈ । ਰਾਜਨੀਤਿਕ ਅਤੇ ਸਮਾਜਿਕ ਸੁਧਾਰ ਕਰਨ ਦੀ ਸੁਰੂਆਤ ਲੋਕਾਂ ਨੂੰ ਖੁੱਦ ਤੋਂ ਹੀ ਕਰਨੀ ਹੋਵੇਗੀ । ਅੱਛੇ ਆਚਰਣ ਵਾਲੇ, ਬੇਦਾਗ, ਪੜੇ ਲਿਖੇ, ਇਮਾਨਦਾਰ ਨੇਤਾ ਹੀ ਇਹ ਕੰਮ ਕਰ ਸਕਦੇ ਹਨ । ਸੰਸਦ ਰੂਪੀ ਹਾਂਡੀ ਵਿਚ ਅਸੀ ਲੋਕੀ ਜਿਹੋ ਜਿਹਾ ਮਿਰਚ ਮਸ਼ਾਲਾ ਪਾਵਾਂਗੇ, ਤਰਕਾਰੀ ਦਾ ਉਹ ਜਿਹਾ ਹੀ ਸਵਾਦ ਆਵੇਗਾ । ਕੁੱਝ ਸਾਡੇ ਚਲਾਕ ਕਿਸਮ ਦੇ ਲੋਕੀ ਕਾਨੂੰਨ ਨੂੰ ਮੱਕੜੀ ਦਾ ਜਾਲ ਹੀ ਦਸਦੇ ਹਨ ਜਿਸ ਨੂੰ ਹਾਥੀ ਤੋੜ ਕੇ ਲੰਘ ਜਾਂਦਾ ਹੈ ਪਰ ਨਿੱਕੇ ਜੀਵ ਕਾਨੂੰਨ ਰੂਪੀ ਜਾਲ਼ ਵਿਚ ਫਸ ਜਾਂਦੇ ਹਨ, ਇਹ ਸੱਚ ਵੀ ਲਗਦਾ ਹੈ । ਜਿਸ ਕੀ ਲਾਠੀ, ਉਸ ਕੀ ਬੈਂਸ । 99 % ਭਾਰਤੀ ਸਿਸ਼ਟਮ ਦਾ ਵਰਤਾਰਾ ਇਹੋ ਹੈ ਬਦਲਣ ਦੀ ਲੋੜ ਹੈ।

ਕਾਨੂੰਨ ਦੀ ਕਿਦਾਂ ਤੋੜ ਮਰੋੜ, ਖਰੀਦੋ ਫਰੋਖਤ, ਜਾਤੀ ਅਤੇ ਰੁਤਬੇ ਦੀ ਧੌਂਸ, ਪੈਸਾ, ਦਬਾ ਨਾਲ ਇਨਸਾਫ ਨੂੰ ਕਮਜੋਰ, ਗਰੀਬਾਂ ਕੋਲੋਂ ਖੋਹਿਆ ਜਾਂਦਾ ਹੈ, ਰੱਬ ਨੂੰ ਮਨਣ ਵਾਲੇ ਲੋਕੀ ਉਸ ਸਮੇ ਰੱਬ ਦਾ ਵੀ ਮੁਜਾਕ ਬਣਾਉਂਦੇ ਲਗਦੇ ਹਨ । ਲਾਚਾਰ ਲੋਕ ਅਤੇ ਉਹਨਾਂ ਰੱਬ ਦਾ ਮੁਜਾਕ ਬਣਦਾ ਦਿਖਾਈ ਦਿੰਦਾ ਹੈ, ਅਤੇ ਉਹ ਅਦਾਲਤਾਂ ਵਿਚ ਜਾਣ ਦੀ ਹਿੰਮਤ ਵੀ ਨਹੀਂ ਕਰ ਪਾਉਂਦੇ ।

ਸਾਡੇ ਲੋਕ ਤਾਂਤਰਿਕ ਦੇਸ਼ ਹੋਣ ਨਾਤੇ ਵੀ ਅਸੀਂ ਭਾਰਤੀ ਪੁੱਲਿਸ ਸਟੇਸਨਾਂ ਵਿਚ ਗਰੀਬ ਲੋਕੀ ਇਕ ਰਿਪੋਰਟ ਲਿਖਾਣ ਇਨਸਾਫ ਪਾਣ ਲਈ ਧਰਨੇ, ਮਜਾਹਰੇ ਆਮ ਦੇਖ ਸਕਦੇ ਹਾਂ, ਇਨਸਾਫ ਤਾਂ ਦੂਰ ਗਲ ਰਹੀ, ਲੋਕ ਰਾਜ ਲਈ ਇਹ ਬੜੇ ਹੀ ਸ਼ਰਮ ਦੀ ਗਲ ਹੈ, ਭਾਰਤੀ ਪੁੱਲਿਸ ਸਟੇਸਨਾਂ ਵਿਚ ਕੋਈ ਵਦੇਸ਼ੀ ਬੈਠੇ ਹੋਣ ਦਾ ਅਨੁਭਵ ਹੋਣ ਲਗਦਾ ਹੈ। ਇਸ ਤਰਾਂ ਕਾਨੂੰਨ ਦਾ ਹੋਣਾ ਇਕ ਮੁੱਜਾਕ ਬਣਕੇ ਰਹਿ ਜਾਂਦਾ ਹੈ ।

**ਕਿਸੇ ਕਵੀ ਨੇ ਲਿਖਿਆ ਸੀ**

ਬਚੀਂ ਨੀ ਬਚੀਂ ਭੈਣੇ ਅਤੀ ਟੇਡੇ ਮੋੜ ਤੋਂ, ਹਲਕਿਆ ਫਿਰਦੈ ਜਾਨੂੰਨ ।
ਪਿੱਛੇ ਪਿੱਛੇ ਓਸ ਦੇ ਮੋਢਿਆਂ ਤੇ ਹੱਥ ਧਰੀਂ, ਕੋਡਾ ਕੋਡਾ ਫਿਰਦੈ ਕਾਨੂੰਨ ।

ਭਾਰਤ ਵਿਚ ਤਕਰੀਬਨ ਦੁਨੀਆਂ ਦੇ ਸਾਰੇ ਹੀ ਧਰਮਾਂ ਦੇ ਲੋਕ ਰਹਿੰਦੇ ਹਨ । ਪਰ ਹੈਰਾਨੀ ਦੀ ਗਲ ਹੈ ਕਿ ਧਰਮ ਦੀ ਆੜ ਵਿਚ ਅਦਾਲਤਾਂ ਵਿਚ ਕਸਮਾਂ ਖਾਂਦੇ ਲੋਕੀ ਕਾਨੂੰਨ ਤੋਂ ਬਚ ਨਿਕਲਣ ਲਈ ਹਰ ਹੀਲਾ ਵਰਤਦੇ ਹਨ ਅਤੇ ਆਪਣੇ ਰੱਬ ਨੂੰ ਭੁੱਲ ਹੀ ਨਹੀ ਜਾਂਦੇ ਸਗੋਂ ਧੋਖਾ ਦਿੰਦੇ ਹਨ ।ਚੋਣਾਂ ਤੋਂ ਪਹਿਲਾਂ ਕੀਤੇ ਵਾਧੇ, ਗੁਰੂ ਘਰਾਂ ਚ ਖਾਧੀਆਂ ਕਸ਼ਮਾਂ, ਮੰਦਰਾਂ, ਮਸਜਿਦਾਂ ਚ ਲਏ ਪ੍ਰਣ ਅਤੇ ਚੋਣਾਂ ਜਿੱਤਣ ਲਈ ਕਰਾਏ ਪਾਠ ਪੂੱਯਾ, ਜਿੱਤ ਜਾਣ ਪਿਛੋਂ ਸਾਇਦ ਕੋਈ ਵਿਰਲਾ ਹੀ ਯਾਦ ਰਖਦਾ ਹੋਵੇ। ਸਵਿਧਾਨ ਦੁਆਰਾ ਬਣੇ, ਸਵਿਧਾਨ ਦੀ ਸੌਂਹ ਖਾਣ ਵਾਲੇ, ਹਮੇਸ਼ਾ ਜਿੱਤਣ ਤੋਂ ਪਿੱਛੋਂ ਭੁੱਲਜਾਂਦੇ ਹਨ ਕਿ ਹਿਣ ਉਹ ਇਕਲੇ ਆਪਣੀ ਰਾਜਨੀਤਿਕ ਪਾਰਟੀ ਦੇ ਹੀ ਨੇਤਾ ਨਹੀ ਸਗੋਂ ਸਰਵ ਸਮਾਜ਼ ਦੇ ਨੇਤਾ ਹੋ ਜਾਂਦੇ ਹਨ । ਇਹ ਯਾਦ ਰੱਖਣਾ ਬਣਦਾ ਹੈ ਕਿਭਾਰਤੀ ਸਵਿਧਾਨ ਅਤੇ ਹਰ ਇਕ ਨਾਗਰਿਕ ਅਤੇ ਸਭ ਦੇ ਹੱਕਾਂ ਦੀ ਰਾਖੀ ਉਹਦਾ ਪਹਿਲਾ ਫਰਜ਼ ਹੈ ।

ਇਹਨਾਂ ਮੰਦਭਾਗੇ ਹਲਾਤਾਂ ਨੂੰ ਬਦਲਣ ਲਈ ਅਤੇ ਦੇਸ਼ ਦੇ ਭਵਿੱਖ ਨੂੰ ਸਵਾਰਨ ਲਈ ਇੱਕਲੇ ਨੇਤਾ ਹੀ ਨਹਈ ਹਰ ਇਕ ਨੂੰ ਆਪਣੇ ਹੀ ਤੌਰ ਤੇ ਇਮਾਨਦਾਰ ਕਦਮ ਚੁੱਕਣ ਨਾਲ ਹੀ ਬਾਲ ਮਜ਼ਦੂਰੀਦੀ ਅਲਾਮਤ ਨੂੰਖਤਮ ਕੀਤਾ ਜਾ ਸਕਦਾ ਹੈ । ਦੁਨੀਆਂ ਦਾ ਕੋਈ ਵੀ ਇਨਸਾਨ ਆਪਣੀ ਔਲਾਦ ਤੋਂ ਮਜ਼ਦੂਰੀ ਕਰਾਉਣੀ ਨਹੀ ਚਾਹੁੰਦਾ, ਮਜ਼ਬੂਰੀ ਵੱਸ ਹੀ ਕਰਾਉਂਦੇ ਹਨ । ਸਖਤ ਕਾਨੂੰਨ ਦੇ ਨਾਲ ਨਾਲ, ਇਸ ਲਈ ਸਾਡੀ ਸਰਕਾਰ ਨੂੰ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਲਈ ਹਲਾਤ ਬਿਹਤਰ ਬਨਾਉਣੇ ਪੈਣਗੇ।

# ਆਤਮ ਦਰਸ਼ੀ ਸਤਿਗੁਰੂ ਵਾਲਮੀਕ



ਸ਼ਾਮ ਸੌਂਧੀ
sondhisham@yahoo.com

**ਸਤਿਗੁਰੂ ਵਾਲਮੀਕ ਜੀ** ਆਤਮ ਦਰਸ਼ੀ ਸਨ। ਆਪ ਆਤਮਾ ਦੇ ਪੁਜਾਰੀ ਸਨ, ਇਸ ਲਈ ਬਾਲ ਕਾਂਡ ਦੇ ਆਰੰਭ ਵਿਚ ਕਿਹਾ ਹੈ:

ਯਸਯ ਬੁਧਿਰਯ ਜਾਤਾ ਵਾਲਮੀਕ ਕੇਰ ਭਵਿਵਧੁਮਨ,
ਕ੍ਰਿਤ ਸਨੰ ਰਾਮਾਇਯਣ ਕਾਵਿਯ ਭੀਦਰਸੈ ਕਰਾਵਣਯਹਮ।

ਰਾਮਾਇਣ ਦੇ ਇਸ ਸ਼ਲੋਕ ਤੋਂ ਸਪਸ਼ਟ ਹੁੰਦਾ ਹੈ ਕਿ ਵਾਲਮੀਕ ਨੇ ਸੋਚਿਆ ਕਿ ਮੈਂ ਆਤਮਾ ਦਾ ਚਿੰਤ ਕਰਕੇ ਰਮਾਇਣ ਦੀ ਰਚਨਾ ਕਰਾਂ। ''ਕਰੇਤ ਭਵਨੇ ਰਾਜਯੰ ਵਿਸ਼ਤਵ ਭੇਦ ਮਮ ਬਣਾ ਨਾਤ ਮਲਾ ਮਾਦ ਤੇ ਜਾਤਰ ਵਿਸ਼ਮਤਿ ਮ੍ਰਿਦਿਗ ਭਯਤਿ, ਆਤਮਾਮ ਲੋਕ ਨੇਯਤਕ: ਕਰਤਬੋ ਭਤ ਮਿਛਤ ਸਰਵ ਦੁਖੀ ਕਸ਼ਰ ਚ ਛੇਦ ਆਦਤਾ ਲੋਕੰ ਜਾਯਤੇ''। ਸਤਿਗੁਰੂ ਵਾਲਮੀਕ ਜੀ ਕਹਿੰਦੇ ਹਨ ਕਿ ਭਾਵੇਂ ਤੀਨ ਲੋਕ ਦਾ ਰਾਜ ਮਿਲ ਜਾਵੇ, ਚਾਹੇ ਸਮੁੰਦਰ ਵਿਚ ਸੁਰੱਖਿਅਕ ਰਹਿਣ ਦੀ ਸਫਲਤਾ ਮਿਲ ਜਾਵੇ, ਪਰ ਆਤਮਾ ਦੀ ਸ਼ਾਂਤੀ ਫਿਰ ਵੀ ਨਹੀਂ ਹੁੰਦੀ। ਜਦ ਤੱਕ ਆਤਮ ਗਿਆਨ ਨਾ ਹੋਵੇ, ਇਸ ਲਈ ਪ੍ਰਾਣੀ ਨੂੰ ਪ੍ਰਯਤਨਸ਼ੀਲ ਹੋਣਾ ਚਾਹੀਦਾ ਹੈ, ਕਿਉਂਕਿ ਆਤਮਾ ਦੇ ਗਿਆਨ ਤੋਂ ਬਿਨਾ ਦੁਖਾਂ ਦਾ ਨਾਸ਼ ਨਹੀਂ ਹੋ ਸਕਦਾ।

''ਘਟੇ ਪਟੇ ਤਟੇ ਕੂਪੇ ਸਪੰਦ ਮਾਨੰ ਸਦਾ ਤਨੌ
ਜਾਗ੍ਰਤ ਯਪਿ ਸੁਸ਼ਪਤ ਸਥੰ ਚਿਤਾਤਮਕ ਮੁਪਾ ਸਮਹੇ''।।

ਨਿਰਵਾਣ ਪ੍ਰਕ੍ਰਣ ਸਰਗ 10 ਸ਼ਲੋਕ 36 ਵਿਚ ਆਤਮਾ ਦੀ ਪੂਜਾ ਲਈ ਕਿਹਾ ਗਿਆ ਹੈ ਕਿ ਘਟ ਪਟ ਤਟ ਏਵੇਂ ਭੂਮ ਅਮੰਦ ਵਿਚ ਸਿਥਤ ਚਤਰ ਵਿਦ ਜੀਵਾਂ ਵਿਚ ਸਪਦਨ ਸ਼ੀਲ ਏਵੇਂ ਜਾਗਰਤ ਅਵਿਵਸਥਾ ਵਿਚ ਸੁਸ਼ਪਤੀ ਦੇ ਸਮਾਨ ਅਵਿਸ਼ਥਾਨ ਕਰਨ ਵਾਲਾ ਜੋ ਚਿਦਾਕਾਰ ਆਤਮਾ ਹੈ, ਅਸੀਂ ਉਸ ਦੀ ਉਪਾਸ਼ਨਾ ਕਰਦੇ ਹਾਂ। ਇਸ ਤੋਂ ਸਪਸ਼ਟ ਹੈ ਕਿ ਸਤਿਗੁਰੂ ਵਾਲਮੀਕ ਜੀ ਆਤਮਾ ਦੇ ਉਪਾਸ਼ਕ ਸਨ। ਮੋਕਸ਼ ਪ੍ਰਕ੍ਰਣ ਸਰਗ 3 ਸ਼ਲੋਕ 2-3 ਵਿਚ ਕਿਹਾ ਹੈ ਕਿ ਕਰਮਾਂ ਨਾਲ ਹੀ ਅੰਤਰ ਆਤਮਾ ਦੀ ਪੂਜਾ ਹੁੰਦੀ ਹੈ, ਆਤਮਾ ਹੀ ਦੇਵੀ ਦੇਵਤਾ ਹੈ। ਸਥਿਤੀ ਪ੍ਰਕ੍ਰਣ ਸਰਗ 3 ਸ਼ਲੋਕ 10 ਵਿਚ ਆਇਆ ਹੈ ਕਿ ਆਤਮਾ ਦੀ ਪ੍ਰਾਪਤੀ ਪੁਰਸ਼ਾਰਥ (ਯਤਨ) ਨਾਲ ਹੁੰਦੀ ਹੈ ਅਤੇ ਸ਼ਾਸਤਰ ਦੁਆਰਾ ਕੀਤਾ ਜਾਣ ਵਾਲਾ ਪੁਰਸ਼ਾਰਥ ਲਾਭਦਾਇਕ ਹੁੰਦਾ ਹੈ। ਪੁਰਸ਼ਾਰਥ ਨਾਲ ਮਨੁੱਖ ਨੂੰ ਅਵਿਸ਼ ਹੀ ਰਿਧੀ, ਸਿਧੀ ਪ੍ਰਾਪਤ ਹੋ ਜਾਇਆ ਕਰਦੀ ਹੈ।

''ਸਮਯਵ ਪੁਰਯੁਕਤਾ ਸਰਵੇਣ ਪੌਰ ਸ਼ਾਰਤ ਸਮ ਵਨ ਯਤੇ''।

ਸਤਿਗੁਰੂ ਵਾਲਮੀਕ ਜੀ ਦੇ ਇਸ ਵਾਕ ਅਨੁਸਾਰ ਪੁਰਸ਼ਾਰਥ (ਯਤਨ) ਕਰਨ ਨਾਲ ਹੀ ਸਭ ਕੁਝ ਮਿਲਦਾ ਹੈ। ਪੁਰਸ਼ਾਰਥ ਹੀ ਦੇਵੀ ਦੇਵਤਾ ਹੈ, ਹੋਰ ਕੋਈ ਦੇਵੀ ਦੇਵਤਾ ਨਹੀਂ ਹੈ।

ਜੈਮੁਨੀ ਅਸ਼ਮੇਧ ਵਿਚ ਵਾਲਮੀਕ ਜੀ ਨੂੰ ਦਿਵ ਜੋਤੀ ਕਿਹਾ ਗਿਆ ਹੈ, ਕਿਉਂਕਿ ਆਪ ਆਤਮ ਜੋਤੀ ਸਰੂਪ ਨੂਰਾਨੀ ਨੂਰ ਸਨ। ਆਤਮਾ ਦੇ ਅਭਿਆਸ ਨਾਲ ਸਹਿਜ ਅਵਿਸ਼ਥਾ ਪ੍ਰਾਪਤ ਹੁੰਦੀ ਹੈ, ਇਸ ਲਈ ਸਤਿਗੁਰੂ ਵਾਲਮੀਕ ਜੀ ਆਤਮਾ ਦਾ ਚਿੰਤਨ (ਅਭਿਆਸ) ਕਰਿਆ ਕਰਦੇ ਸਨ।

ਆਤਮਾ ਅਨਾਤਮਾ ਦੇ ਭੇਦ ਨੂੰ ਜਾਨਣਾ ਹੀ ਆਤਮਾ ਨੂੰ ਜਾਨਣਾ ਹੈ, ਆਤਮਿਕ ਗਿਆਨ ਬ੍ਰਹਮ ਗਿਆਨ ਹੈ, ਮੈਂ ਦੀ ਖੋਜ ਆਤਮਾ ਦੀ ਖੋਜ ਹੈ। ਆਤਮ ਦੇ ਜਾਣਨ ਵਾਲੇ ਨੂੰ ਆਤਮ ਦਰਸ਼ੀ ਜਾਂ ਆਤਮ ਵੇਤਾ ਕਿਹਾ ਜਾਂਦਾ ਹੈ। ਸਤਿਗੁਰੂ ਵਾਲਮੀਕ ਜੀ ਨੇ ਆਤਮਾ ਨੂੰ ਜਾਣਿਆ ਸੀ, ਇਸ ਲਈ ਉਸ ਨੂੰ ਆਤਮ ਦਰਸ਼ੀ, ਆਤਮ ਵੇਤਾ ਅਥਵਾ ਦਰਸ਼ਨ ਵੇਤਾ ਕਿਹਾ ਜਾਂਦਾ ਹੈ।

''ਜੋ ਬ੍ਰੈਹ ਮੰਡੇ ਸੋਈ ਪਿੰਡੇ ਜੋ ਖੋਜੇ ਸੋ ਪਾਵੈ''

ਗੁਰਬਾਣੀ ਵਿਚ ਕਿਹਾ ਗਿਆ ਹੈ ਕਿ ਜੋ ਤੁਸੀਂ ਸੰਸਾਰ ਵਿਚ ਵੇਖਦੇ ਹੋ ਉਹ ਸਭ ਕੁਛ ਤੁਹਾਡੀ ਦੇਹ ਅੰਦਰ ਮੌਜੂਦ ਹੈ, ਜਿਸ ਦਾ ਖੋਜ ਕਰਨ ਤੇ ਪਤਾ ਚਲਦਾ ਹੈ। ਉਤਪਤੀ ਪ੍ਰਕ੍ਰਣ ਸਰਗ 3 ਸ਼ਲੋਕ 10 ਵਿਚ ਸਤਿਗੁਰੂ ਵਾਲਮੀਕ ਜੀ ਆਖਦਾ ਹੈ। ਮਨ ਦਾ ਕਰਮ ਸੰਕਲਪ ਕਰਨਾ ਹੈ। ਸੰਕਲਪ ਹੀ ਮਨ ਹੈ, ਇਹੋ ਜੀਵ ਆਤਮਾ ਹੈ। ਇਸ ਦੀ ਉਤਪਤੀ ਸੰਕਲਪ ਨਾਲ ਹੋਈ। ਜੀਵ ਚਿਤ ਚੇਤ ਮਨ ਮਾਯਾ ਤੇ ਪ੍ਰਕ੍ਰਿਤੀ ਇਹ ਸਭ ਜੀਵ ਦੇ ਹੀ ਨਾਂ ਹਨ।

ਸਭ ਤੋਂ ਪਹਿਲਾਂ ਮਨ ਦੀ ਸਿਰਜਣਾ ਹੋਈ, ਇਸ ਦੁਆਰਾ ਜਗਤ ਦਾ ਵਿਸਤਾਰ ਹੋਇਆ। ਬ੍ਰਹਮ ਕਾਰਨ ਹੈ, ਤੇ ਜੀਵ ਕਾਰਜ। ਇਨ੍ਹਾਂ ਦੋਹਾਂ ਵਿਚ ਜਿੰਦਾ ਆਤਮਾ (ਗਿਆਨ ਸਰੂਪ) ਬ੍ਰਹਮ ਤੇ ਜੀਵ ਵਿਚ ਕੋਈ ਭੇਦ ਨਹੀਂ ਮਨ ਦਾ ਕਾਰਨ ਜੀਵ ਆਤਮਾ ਹੈ। ਜਦ ਜੀਵ ਸੰਕਲਪ ਕਰਦਾ ਹੈ, ਤਾਂ ਮਨ ਦਾ ਸਿਰਜਣ ਹੁੰਦਾ ਹੈ।

ਮਨ ਆਤਮਾ ਦੀ ਅਦਭੁਤ ਸ਼ਕਤੀ ਹੈ, ਜਿਸ ਦੁਆਰਾ ਜੀਵ ਦੇ ਅੰਦਰ ਸੰਕਲਪ ਵਿਕਲਪ ਤਰੰਗ ਉਠਦੇ ਹਨ ਅਤੇ ਖਿਆਲਾਂ ਦੇ ਮਜਮੂਏ ਦਾ ਨਾਂ ਮਨ ਹੈ। ਸੋਚ ਵਿਚਾਰ ਨਾਲ ਮਨ ਪੈਦਾ ਹੁੰਦਾ ਹੈ। ਦਿਮਾਗ ਸਮਝ ਖਿਆਲਾਂ ਵਿਚਾਰਾਂ ਦਾ ਆਲਾ ਹੈ। ਸੋਚ ਸ਼ਕਤੀ ਦਿਮਾਗ ਦੀ ਪੈਦਾਵਾਰ ਹੈ।

ਯੋਗ ਵਸ਼ਿਸ਼ਟ ਗ੍ਰੰਥ ਵਿਚ ਵਾਲਮੀਕ ਜੀ ਕਹਿੰਦਾ ਹੈ ਕਿ ਦ੍ਰਿਸ਼ਟੀ ਪਾਉਣ ਨਾਲ ਹੀ ਸੰਸਾਰ ਦੀ ਉਤਪੱਤੀ ਹੁੰਦੀ। ਦ੍ਰਿਸ਼ਟ ਦਾ ਅਰਥ ਦੇਖਣਾ ਹੈ, ਸ੍ਰਿਸ਼ਟੀ ਦਾ ਅਰਥ ਸੰਸਾਰ ਹੈ। ਤੁਸੀਂ ਦੇਖਦੇ ਹੋ ਤਾਂ ਸੰਸਾਰ ਦੀ ਹੋਂਦ ਹੈ।

''ਮਨ ਚਿਤ ਬੁਧ ਤੇ ਅਹੰਕਾਰ'' ਇਹ ਚਾਰ ਅੰਤਸ਼ ਕਰਣ ਹੈ, ਮਨ ਸੋਚਦਾ ਹੈ, ਚਿਤ ਵਿਚਾਰਦਾ ਹੈ, ਬੁਧੀ ਫੈਸਲਾ ਕਰਦੀ ਹੈ, ਅਭਿਮਾਨ ਕਰਨਾ ਅਹੰਕਾਰ ਹੈ।

ਮਨ ਤੇ ਪ੍ਰਾਣ ਦਾ ਸਥਾਨ ਹਿਰਦਾ ਹੈ, ਅਹੰਕਾਰ ਵੀ ਇੱਥੇ ਹੀ ਰਹਿੰਦਾ ਹੈ। ਮਨ ਦਸਾਂ ਇੰਦਰੀਆਂ ਦੇ ਚੱਕਰ ਵਿਚ ਭੱਜਾ ਫਿਰਦਾ ਰਹਿੰਦਾ ਹੈ। ਇਸ ਲਈ ਮਨ ਨੂੰ ਵੱਸ ਵਿਚ ਕੀਤਾ ਜਾਣਾ ਚਾਹੀਦਾ ਹੈ।

ਪ੍ਰਾਣੀ ਉਦੋਂ ਤੱਕ ਬ੍ਰਹਮ ਗਿਆਨੀ ਨਹੀਂ ਬਣ ਸਕਦਾ, ਜਦ ਤੱਕ ਮਨ ਦੀ ਭਟਕਣ ਖਤਮ ਨਹੀਂ ਹੁੰਦੀ। ਮਨ ਇਕ ਸਰਦਾਰ ਹੈ, ਜੋ ਇੰਦਰੀਆਂ ਤੋਂ ਸਾਰੇ ਕੰਮ ਕਰਾਉਂਦਾ ਹੈ। ਚੇਤਨ ਆਤਮਾ ਦੀ ਉਪਾਧੀ ਹੈ। ਜਦੋਂ ਮਨ ਗਿਆਨ ਇੰਦਰੀਆਂ ਸਹਿਤ ਆਤਮਾ ਵਿਚ ਸਥਿਤ ਹੁੰਦਾ ਹੈ, ਬੁੱਧੀ ਚੇਸ਼ਟਾ ਨਹੀਂ ਕਰਦੀ, ਇਸ ਅਵਸਥਾ ਨੂੰ ਪ੍ਰਮ ਗਤੀ ਕਿਹਾ ਜਾਂਦਾ ਹੈ।

ਸੰਕਲਪ ਵਿਕਲਪ ਵਿਰਤੀ ਤੋਂ ਰਹਿਤ ਇਕਾਗਰਤਾ ਨੂੰ ਬ੍ਰਹਮ ਕਹਿੰਦੇ ਹਨ। ਸੋ ਜਿਸ ਨੇ ਮਨ ਉਤੇ ਕਾਬੂ ਪਾ ਲਿਆ, ਉਸ ਨੇ ਸੰਸਾਰ ਨੂੰ ਜਿੱਤ ਲਿਆ। ਤਤਵ ਗਿਆਨ ਮਨ ਦਾ ਵਿਨਾਸ਼ ਤੇ ਵਾਸ਼ਨਾ ਦਾ ਖੈਹ। ਇਹ ਤਿੰਨੇ ਇਕ-ਦੂਜੇ ਦੇ ਕਾਰਨ ਹਨ। ਇਸ ਲਈ ਸਤਿਗੁਰੂ ਵਾਲਮੀਕ ਜੀ ਕਹਿੰਦਾ ਹੈ ਕਿ ਆਤਮਾ ਦਾ ਗਿਆਨ ਸਤ ਪੁਰਸ਼ਾਂ ਦਾ ਸੰਗ ਤੇ ਵਾਸ਼ਨਾ ਦਾ ਖੈਹ ਇਹ ਤਿੰਨੋ ਮਨ ਦੀ ਵਿਜੈ ਕਰਨ ਦੀਆਂ ਸ਼ਕਤੀਆਂ ਹਨ। ਇਸ ਲਈ ਕਿਹਾ ਹੈ ''ਮਨ ਜੀਤ ਤੇ ਜਗ ਜੀਤ''

ਪੰਜ ਤੱਤ

ਅਕਾਸ਼, ਪੌਣ, ਅਗਨੀ, ਪਾਣੀ, ਪ੍ਰਿਥਵੀ

ਪੱਜਾਂ ਤੱਤਾਂ ਦੀਆਂ 25 ਵਿਕ੍ਰਤਾਂ

ਅਕਾਸ਼ ਦੀਆਂ- ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ।

ਪੌਣ ਦੀਆਂ- ਦੌੜਨਾ, ਚਲਨਾ, ਗੰਢਣਾ, ਸੁੰਗੜਨਾ, ਪਸਰਨਾ।

ਅਗਨੀ ਦੀਆਂ- ਭੁੱਖ, ਪਿਆਸ, ਨੀਂਦ, ਕਾਨਤ, ਆਲਸ।

ਪਾਣੀ ਦੀਆਂ- ਬੀਰਜ, ਮਗਜ਼, ਧਰਨ, ਮੂਤ, ਥੁਕ।

ਪ੍ਰਿਥਵੀ ਦੀਆਂ- ਹੱਡ, ਮਾਸ, ਚਮੜੀ, ਨਾੜੀਆਂ, ਦਮ।

ਦਸ ਇੰਦਰੇ

ਗਿਆਨ ਇੰਦਰੇ- ਅੱਖ, ਕੰਨ, ਨਾਸਾਂ, ਜੀਭ, ਚਮੜੀ

ਅੱਖਾਂ ਰੰਗ ਰੂਪ ਦੇਖਦੀਆਂ ਹਨ।

ਨਾਸਾਂ ਵਾਸ਼ਨਾ ਪਰਖਦੀਆਂ ਹਨ।

ਕੰਨ ਚੰਗੀ-ਮੰਦੀ ਆਵਾਜ਼ ਸੁਣਦੇ ਹਨ।

ਜੀਭ ਖੱਟਾ ਮਿੱਠਾ ਸੁਆਦ ਪਰਖਦੀ ਹੈ।

ਚਮੜੀ ਤੱਤਾ-ਠੰਡਾ ਦੱਸਦੀ ਹੈ।

ਕਰਮ ਇੰਦਰੇ- ਮੂੰਹ, ਹੱਥ, ਪੈਰ, ਗੁਦਾ, ਲਿੰਗ।

ਮੂੰਹ ਖਾਣ ਤੇ ਬੋਲਣ ਦਾ ਕੰਮ ਕਰਦਾ ਹੈ।

ਹੱਥ ਵਸਤੂ ਦੇ ਪਕੜਨ ਦਾ ਕੰਮ ਕਰਦੇ ਹਨ।

ਪੈਰਾਂ ਨਾਲ ਪ੍ਰਾਣੀ ਤੁਰਦਾ ਫਿਰਦਾ ਹੈ।

ਲਿੰਗ ਨਾਲ ਮੂਤਰਾ ਤੇ ਸੰਤਾਨ ਪੈਦਾ ਕਰਦਾ ਹੈ।

ਗੁਦਾ ਰਾਹੀਂ ਖਾਧਾ ਪਦਾਰਥ ਵਿਸ਼ਟਾ ਬਣਾ ਕੇ ਬਾਹਰ ਕੱਢਦਾ ਹੈ।

ਚਾਰ ਬਾਣੀਆਂ

ਪਰਾ, ਪਸੰਤੀ, ਮਧਮਾ ਤੇ ਬੈਖਰੀ।

ਨਾਭੀ ਤੋਂ ਉਠੀ ਧੁਨ ਪਰਾ ਕਹਾਉਂਦੀ ਹੈ।

ਹਿਰਦੇ ਵਿਚ ਆ ਕੇ ਉਹ ਪਸੰਤੀ ਬਣ ਜਾਂਦੀ ਹੈ।

ਕੰਠ ਵਿਚ ਮਧਮਾ, ਤੇ ਮੂੰਹ 'ਚੋਂ ਨਿਕਲ ਕੇ ਬੈਖਰੀ ਬਣਦੀ ਹੈ।

ਪੰਜ ਕੋਸ਼

ਸਾਡਾ ਸਰੀਰ ਪੰਜਾਂ ਕੋਸ਼ਾਂ ਦਾ ਬਣਿਆ ਹੋਇਆ ਹੈ।

ਅੰਨਮਯ ਕੋਸ਼, ਪ੍ਰਾਨਮਧ ਕੋਸ਼, ਮਨਮਧ ਕੋਸ਼, ਵਗਿਯਾਨ ਮਧ ਕੋਸ਼ ਤੇ ਆਨੰਦਮਧ ਕੋਸ਼।

ਅੰਨਮਯ ਕੋਸ਼- ਅੰਨ ਤੋਂ ਰਸ, ਰਸ ਤੋਂ ਖੂਨ, ਖੂਨ ਤੋਂ ਚਰਬੀ, ਚਰਬੀ ਤੋਂ ਵੀਰਜ, ਵੀਰਜ ਤੋਂ ਇਨਸਾਨ ਬਣਿਆ। ਇਸ ਲਈ ਭ੍ਰਿਗੂ ਮੁਨੀ ਅੰਨ ਨੂੰ ਹੀ ਪ੍ਰਾਣਾ ਦਾ ਆਧਾਰ ਮੰਨਦਾ ਸੀ, ਕਿਉਂਕਿ ਅੰਨ ਤੋਂ ਬਿਨਾਂ ਪ੍ਰਾਣੀ ਜਿਉਂਦਾ ਨਹੀਂ ਰਹਿ ਸਕਦਾ।

ਪ੍ਰਾਨਮਯ ਕੋਸ਼- ਪ੍ਰਾਨ, ਅਪਾਨ, ਸਮਾਨ, ਵਿਧਾਨ, ਉਦਾਨ, ਵਿਯਾਨ, 10 ਪੌਣਾਂ ਸਰੀਰ ਵਿਚ ਕੰਮ ਕਰਦੀਆਂ ਹਨ। ਆਪਾਨ ਅੰਦਰੋਂ ਬਾਹਰ ਨਿਕਲਦੀ ਹੈ।

ਸਮਾਨ ਮਲ ਮੂਤਰ ਦੀ ਕਿਰਿਆ ਕਰਦੀ ਹੈ। ਵਿਧਾਨ ਖਾਣਾ ਭੇਜਦੀ ਹੈ, ਵਿਯਾਨ ਖਾਣਾ ਹਜ਼ਮ ਕਰਦੀ ਹੈ। ਉਦਾਨ ਮ੍ਰਿਤੂ ਵੇਲੇ ਨਿਕਲਦੀ ਹੈ। ਪ੍ਰਾਣ ਹਿਰਦੇ ਵਿਚ ਅਪਾਨ ਗੁਦਾ ਵਿਚ, ਸਮਾਨ ਨਾਂਭੀ ਵਿਚ, ਉਦਾਨ ਕੰਠ ਵਿਚ, ਵਿਆਨ ਸਾਰੇ ਸਰੀਰ ਵਿਚ ਕੰਮ ਕਰਦੀ ਹੈ। ਨਾਗ ਉਦਰ ਵਿਚ, ਕੂਰਮ ਨੇਤਰਾਂ ਵਿਚ, ਕਰਕਲ ਭੁੱਖ ਪਿਆਸ ਲਗਾਉਂਦੀ ਹੈ। ਦੇਵ ਦਤ ਨਾਲ ਉਭਾਸੀ ਆਉਂਦੀ ਹੈ ਤੇ ਧਨਜੇ ਬੋਲਣ ਦਾ ਕੰਮ ਕਰਦੀ ਹੈ।

ਮਨਮਧ ਕੋਸ਼- ਇਸ ਵਿਚ ਮਨ ਤੇ ਦਸ ਇੰਦਰੇ ਕੰਮ ਕਰਦੇ ਹਨ।

ਵਗਿਯਾਨ ਮਧ ਕੋਸ਼- ਅੰਤਸ਼ ਕਰਣ ਤੇ ਗਿਆਨ ਇੰਦਰੇ ਕੰਮ ਕਰਦੇ ਹਨ।

ਆਨੰਦ ਮਧ ਕੋਸ਼- ਅਗਿਯਾਨ ਸਰੂਪ ਸਰੀਰ ਅਵਿਦਯਾ, ਕਰਤਾ, ਕਰਨ, ਕਾਰਨ, ਕਾਰਜ, ਮਨੁੱਖੀ ਸਰੀਰ ਦੇ ਢਾਂਚੇ ਵਿਚ ਜੀਵ ਆਤਮਾ ਨਿਵਾਸ ਕਰਦਾ ਹੈ। ਮਨੁੱਖ ਦੇ ਢਾਂਚੇ ਵਿਚ ਨੌਂ ਦਰਵਾਜ਼ੇ ਹਨ। ਬੇਣੀ ਸਾਹਿਬ ਇਸ ਬਾਰੇ ਆਖਦੇ ਹਨ।

''ਨੌਦਰ ਠਾਕੇ ਧਾਵਤ ਰਹਾਏ ਦਸਮੇਂ ਨਿਝ ਘਰ ਵਾਸਾ ਪਾਏ
ਉਥੇ ਅਨਹਦ ਸ਼ਬਦ ਵਜਹਿ ਦਿਨ ਰਾਤੀ
ਗੁਰਮਤੀ ਅਨਹਦ ਸ਼ਬਦ ਵਜਾਵਣਿਆ
ਇੜਾ ਪਿੰਗੁਲਾ ਔਰ ਸੁਖਮਨਾ ਤੀਨ ਵਸੇ ਇਕ ਠਾਈ
ਬੇਣੀ ਸੰਗਮ ਤਹ ਪ੍ਰਾਗਮਨ ਮੰਜਨ ਕਰੇ ਤਥਾਈ
ਸੰਤੋ ਤਾਹਾਂ ਨਰੰਜਨ ਰਾਮ ਹੈ ਗੁਰਗਮ ਚੀਨ ਬਿਰਲਾ ਕੋਏ''

ਜਿਵੇਂ ਪ੍ਰਾਗਰਾਜ (ਅਲਾਹਾਬਾਦ) ਗੰਗਾ ਜਮਨਾ ਸਰਸਵਤੀ ਤਿੰਨ ਨਦੀਆਂ ਦਾ ਸੰਗਮ ਹੈ, ਤਿਵੇਂ ਮਨੁੱਖ ਦੀ ਦੇਹ ਵਿਚ ਦੋ ਅੱਖਾਂ ਦੇ ਵਿਚਾਲੇ ਇੜਾ, ਪਿੰਗਲਾ, ਸੁਖਮਨਾ ਤਿੰਨ ਨਾੜੀਆਂ ਦਾ ਸੰਗਮ ਹੈ।

ਇੱਥੇ ਅਨਹਦ ਸ਼ਬਦ ਦਾ ਆਵਾਜ਼ਾ ਆਉਂਦਾ ਹੈ। ਸਾਡੇ ਸਰੀਰ ਵਿਚ 72 ਹਜ਼ਾਰ ਨਾੜੀਆਂ 'ਚੋਂ 24 ਖਾਸ ਨਾੜੀਆਂ ਹਨ। ਇਹਨਾਂ ਵਿਚੋਂ ਇੜਾ, ਪਿੰਗੁਲਾ ਤੇ ਸੁਖਮਨਾ ਤਿੰਨ ਖਾਸ ਨਾੜੀਆਂ ਕੰਮ ਕਰਦੀਆਂ ਹਨ।

ਇੜਾ ਦਸਮ ਦੁਆਰ ਦੀ ਨਾੜੀ ਹੈ। ਇਹ ਦੁਆਰ ਗੁਪਤ ਹੈ। ਇਸ ਨੂੰ ਸ਼ਿਵਨੇਤ੍ਰ ਕਿਹਾ ਜਾਂਦਾ ਹੈ। ਇਹ ਕਿਸੇ ਮਹਾਂਪੁਰਸ਼ ਲਈ ਖੁੱਲ੍ਹਦਾ ਹੈ। ਦੋ ਅੱਖਾਂ, ਦੋ ਕੰਨ, ਮੂੰਹ, ਦੋ ਨਾਸਾਂ, ਗੁਦਾ ਤੇ ਲਿੰਗ ਇਹ 9 ਦਰਵਾਜ਼ੇ ਹਨ। ਦਸਵਾਂ ਦਰਵਾਜ਼ਾ ਗੁਪਤ ਹੈ, ਇਹ ਮਹਾਂਰਿਸ਼ੀ ਵਾਲਮੀਕ ਲਈ ਖੁੱਲ੍ਹਿਆ ਸੀ। ਇਸ ਲਈ ਤੁਲਸੀ ਦਾਸ ਨੇ ਰਾਮ ਦੇ ਸ਼ਬਦਾਂ ਵਿਚ ਵਾਲਮੀਕ ਨੂੰ ਤ੍ਰੈਕਾਲ ਦਰਸ਼ੀ ਕਿਹਾ ਹੈ।

ਕਿਉਂਕਿ ਉਸ ਨੂੰ ਨਾ ਸਿਰਫ ਆਪਣੇ ਆਪਦੀ ਬਲਕਿ ਤੀਨ ਲੋਕ ਦੀ ਲੋਅ ਹੋ ਗਈ ਸੀ, ਇਸ ਕਰਕੇ ਉਸ ਨੂੰ ਆਤਮ ਦਰਸ਼ੀ ਕਿਹਾ ਜਾਂਦਾ ਹੈ।

## ਗਜ਼ਲ



ਪਲ ਦੋ ਪਲ ਦਾ ਕੋਈ ਸ਼ਾਇਰ ਨਹੀਂ,
ਬਲਕਿ ਉਮਰਾਂ ਤੋਂ ਵੱਡੀ ਕਹਾਣੀ ਹੈ।

ਇਹ ਵੱਖਰੀ ਗੱਲ ਹੈ ਕਿ ਸੱਜਣੋ,
ਕਿਸੇ ਦੀ ਕਲਮ ਹੀ ਰਹੀ ਨਿਮਾਣੀ ਹੈ।

ਸ਼ਾਇਰ ਸਿਰ 'ਤੇ ਸੂਰਜ ਰੱਖੀ ਫਿਰਦੇ ਈ,
ਨਾਲੇ ਉਸ ਤੋਂ ਮੰਗਦਾ ਵੀ ਪਾਣੀ ਹੈ।

ਆਸਾਂ ਦੀ ਲੜੀ ਲੰਮੀ ਟੁੱਟਨੀ ਨੀ,
ਜਿਨਾ ਚਿਰ ਦਿਲ 'ਤੇ ਸ਼ਬਦਾਂ ਦੀ ਢਾਣੀ ਹੈ।

ਮੇਰੀ ਕਵਿਤਾ ਦੇ ਬਹੁਤੇ ਤੱਤ ਲੁਕੇ ਅਜੇ,
ਨਾ ਹੀ ਕੱਢਣ ਲਈ ਫੇਰੀ ਮਧਾਣੀ ਹੈ।

ਬੁਢਾਪੇ 'ਚ ਪਲ ਦੋ ਪਲ ਦੱਸਦਾ ਚਾਹੇ,
ਜਵਾਨੀ 'ਚ ਕਹਿੰਦਾ, ਅੰਬਰ ਦਾ ਹੀ ਹਾਣੀ ਹੈ।

ਚਾਹੇ ਸੁਪਨੇ ਪੂਰੇ ਚਾਹੇ ਨੇ ਅਧੂਰੇ 'ਕਮਲ'
ਜੱਗ 'ਤੇ ਸ਼ਾਇਰਾਂ ਦੀ ਲੰਬੀ ਕਹਾਣੀ ਹੈ।

-ਕਮਲ ਬੰਗਾ, ਸੈਕਰਾਮੈਂਟੋ
916-897-8570

# ਹਨੀਪ੍ਰੀਤ ਜ਼ੀਰਕਪੁਰ-ਪਟਿਆਲਾ ਸੜਕ ਤੋਂ ਕੀਤੀ ਗ੍ਰਿਫਤਾਰ

(ਸਫਾ 7 ਦੀ ਬਾਕੀ)

ਗਿਆ ਕਿ ਕੀ ਹਰਿਆਣਾ ਪੁਲਿਸ ਨੂੰ ਮੁਲਜ਼ਮ ਦੀਆਂ ਗਤੀਵਿਧੀਆਂ ਬਾਰੇ ਪੰਜਾਬ ਪੁਲਿਸ ਤੋਂ ਸੂਚਨਾ ਮਿਲੀ ਤਾਂ ਸ੍ਰੀ ਚਾਵਲਾ ਨੇ ਕਿਹਾ ਕਿ ਇਸ ਮੌਕੇ ਉਹ ਇਹ ਗੱਲ ਨਹੀ ਦੱਸ ਸਕਦੇ ਕਿ ਜਾਣਕਾਰੀ ਕਿੱਥੋਂ ਮਿਲੀ।

ਗ੍ਰਿਫ਼ਤਾਰੀ ਤੋਂ ਪਹਿਲਾਂ ਹਨੀਪ੍ਰੀਤ ਦੇ ਪੰਜਾਬ ਪੁਲਿਸ ਦੀ ਹਿਰਾਸਤ ਵਿੱਚ ਹੋਣ ਦੀਆਂ ਰਿਪੋਰਟਾਂ ਬਾਰੇ ਉਨ੍ਹਾਂ ਕੋਈ ਸਿੱਧਾ ਜਵਾਬ ਨਹੀਂ ਦਿੱਤਾ। ਫਿਰ ਵੀ ਮੁਹਾਲੀ ਦੇ ਐਸਐਸਪੀ ਕੁਲਦੀਪ ਚਾਹਲ ਨੇ ਇਨ੍ਹਾਂ ਰਿਪੋਰਟਾਂ ਨੂੰ ਗੁਮਰਾਹਕੁਨ ਦੱਸਿਆ। ਮੁਲਜ਼ਮ ਨੂੰ ਕਿਸ ਥਾਣੇ ਵਿੱਚ ਰੱਖਿਆ ਗਿਆ? ਦੇ ਸਵਾਲ ਉਤੇ ਸ੍ਰੀ ਚਾਵਲਾ ਨੇ ਕਿਹਾ ਕਿ ਇਹ ਕਾਰਵਾਈ ਦਾ ਵੇਰਵਾ ਹੈ, ਜੋ ਉਹ ਸਾਂਝੀ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਹਿੰਸਾ ਸਬੰਧੀ ਹਨੀਪ੍ਰੀਤ ਤੋਂ ਪੁੱਛ-ਪੜਤਾਲ ਤਰਜੀਹ ਹੋਵੇਗੀ। ਇਸ ਤੋਂ ਇਲਾਵਾ ਆਪਣੀ ਫਰਾਰੀ ਦੌਰਾਨ ਉਹ ਕਿੱਥੇ ਲੁਕੀ ਅਤੇ ਕਿਸ ਨੇ ਸ਼ਰਨ ਦਿੱਤੀ, ਬਾਰੇ ਵੀ ਸਵਾਲ ਪੁੱਛੇ ਜਾਣਗੇ। ਪੁਲੀਸ ਕਮਿਸ਼ਨਰ ਨੇ ਕਿਹਾ ਕਿ ਰਾਮ ਰਹੀਮ ਦੇ ਕਰੀਬੀ ਸਿਆਸਤਦਾਨ ਰਿਸ਼ਤੇਦਾਰ ਦੀ ਭੂਮਿਕਾ ਵੀ ਜਾਂਚ ਦੇ ਘੇਰੇ ਵਿੱਚ ਆਏਗੀ। ਇਸ ਦੌਰਾਨ ਪਤਾ ਚੱਲਿਆ ਕਿ ਹਨੀਪ੍ਰੀਤ ਨੂੰ ਪੰਚਕੂਲਾ ਦੇ ਸੈਕਟਰ 28 ਘੱਗਰ ਪਾਰ ਥਾਣੇ ਲੈ ਜਾਇਆ ਗਿਆ। ਪੁਲੀਸ ਕਮਿਸ਼ਨਰ ਏ.ਐਸ. ਚਾਵਲਾ, ਡੀਸੀਪੀ ਮਨਦੀਪ ਸਿੰਘ ਤੇ ਮਹਿਲਾ ਪੁਲੀਸ ਅਫ਼ਸਰਾਂ ਦੀ ਟੀਮ ਉਸ ਕੋਲੋਂ ਫਰਾਰੀ ਤੋਂ ਹੁਣ ਤੱਕ ਦੇ ਸਮੇਂ ਬਾਰੇ ਪੁੱਛ-ਪੜਤਾਲ ਕਰ ਰਹੀ ਹੈ। ਉਸ ਨਾਲ ਫੜੀ ਔਰਤ ਤੋਂ ਵੀ ਪੜਤਾਲ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ ਹਰਿਆਣਾ ਪੁਲੀਸ ਨੇ ਪਹਿਲੀ ਸਤੰਬਰ ਨੂੰ ਹਨੀਪ੍ਰੀਤ ਇੰਸਾਂ ਅਤੇ ਅਦਿੱਤਿਆ ਇੰਸਾਂ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਸੀ। ਰਿਪੋਰਟਾਂ ਸਨ ਕਿ ਉਹ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਸਕਦੇ ਹਨ। ਹਨਪ੍ਰੀਤ ਤੇ ਡੇਰੇ ਦੇ ਮੁੱਖ ਅਹੁਦੇਦਾਰਾਂ ਅਦਿੱਤਿਆ ਇੰਸਾਂ ਤੇ ਪਵਨ ਇੰਸਾਂ ਖ਼ਿਲਾਫ਼ ਪੰਚਕੂਲਾ ਅਦਾਲਤ ਨੇ ਗ੍ਰਿਫ਼ਤਾਰੀ ਵਾਰੰਟ ਵੀ ਜਾਰੀ ਕੀਤੇ ਸਨ। ਪੁਲੀਸ ਨੇ ਉਸ ਦੀ ਭਾਲ ਵਿੱਚ ਕਈ ਥਾਈਂ ਟੀਮਾਂ ਭੇਜੀਆਂ, ਜਿਨ੍ਹਾਂ ਵਿੱਚ ਭਾਰਤ-ਨੇਪਾਲ ਸਰਹੱਦ ਵੀ ਸ਼ਾਮਲ ਹੈ। 26 ਸਤੰਬਰ ਨੂੰ ਦਿੱਲੀ ਹਾਈ ਕੋਰਟ ਨੇ ਹਨੀਪ੍ਰੀਤ ਦੀ ਟਰਾਂਜ਼ਿਟ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕੀਤੀ ਸੀ।

**ਹਨੀਪ੍ਰੀਤ ਦੀ ਮਦਦ ਦੇ ਦੋਸ਼ ਝੂਠੇ: ਪੰਜਾਬ ਸਰਕਾਰ**

ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਡੇਰਾ ਸਿਰਸਾ ਮੁਖੀ ਦੀ 'ਗੋਦ ਲਈ ਧੀ' ਹਨੀਪ੍ਰੀਤ ਨੂੰ ਨਾ ਤਾਂ ਪੰਜਾਬ ਪੁਲੀਸ ਨੇ ਹਿਰਾਸਤ ਵਿੱਚ ਲਿਆ ਅਤੇ ਨਾ ਉਸ ਦੀ ਕੋਈ ਮਦਦ ਕੀਤੀ। ਪੰਜਾਬ ਪੁਲੀਸ ਤੇ ਇੰਟੈਲੀਜੈਂਸ ਵੱਲੋਂ ਸਬੰਧਤ ਹੋਰ ਖ਼ੁਫ਼ੀਆ ਜਾਣਕਾਰੀ ਗੁਆਂਢੀ ਸੂਬਿਆਂ ਦੀ ਪੁਲੀਸ ਨਾਲ ਸਾਂਝੀ ਕੀਤੀ ਜਾਂਦੀ ਰਹੀ ਹੈ ਅਤੇ ਕਿਸੇ ਅਪਰਾਧੀ ਦੀ ਮਦਦ ਕਰਨ ਜਾਂ ਸ਼ਹਿ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

**ਜ਼ੀਰਕਪੁਰ ਤੋਂ ਫੜਨ ਦੇ ਦਾਅਵੇ ਦੀ ਖੁੱਲ੍ਹੀ ਪੋਲ**

ਪੁਲਿਸ ਸੂਤਰ ਦਾਅਵਾ ਕਰ ਰਹੇ ਹਨ ਕਿ ਹਨੀਪ੍ਰੀਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸਮਰਪਣ ਕਰਨ ਜਾ ਰਹੀ ਸੀ, ਜਿਸ ਦੌਰਾਨ ਪੁਲਿਸ ਨੇ ਉਸ ਨੂੰ ਰਾਹ ਵਿੱਚ ਜ਼ੀਰਕਪੁਰ ਤੋਂ ਗ੍ਰਿਫ਼ਤਾਰ ਕੀਤਾ ਪਰ ਇਹ ਦਾਅਵਾ ਜ਼ਮੀਨੀ ਹਕੀਕਤ ਨਾਲ ਮੇਲ ਨਹੀਂ ਖਾ ਰਿਹਾ। ਪੁਲੀਸ ਵੱਲੋਂ ਜਿਹੜੀ ਥਾਂ ਤੋਂ ਗ੍ਰਿਫ਼ਤਾਰੀ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਥੇ ਮੌਜੂਦ ਲੋਕ ਦੁਪਹਿਰ ਤਿੰਨ ਵਜੇ ਪੁਲਿਸ ਦੀ ਕੋਈ ਹਰਕਤ ਨਾ ਹੋਣ ਦਾ ਦਾਅਵਾ ਕਰ ਰਹੇ ਹਨ।

ਮੁਹਾਲੀ ਦੇ ਐਸਐਸਪੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਪੰਚਕੂਲਾ ਪੁਲਿਸ ਵੱਲੋਂ ਸਵਾ ਤਿੰਨ ਵਜੇ ਲਿਖਤੀ ਸੂਚਨਾ ਦਿੱਤੀ ਕਿ ਉਨ੍ਹਾਂ ਬਾਅਦ ਦੁਪਹਿਰ ਤਿੰਨ ਵਜੇ ਪਟਿਆਲਾ ਰੋਡ 'ਤੇ ਗੁਰਦੁਆਰਾ ਨਾਭਾ ਸਾਹਿਬ ਨੇੜੇ ਤੋਂ ਹਨੀਪ੍ਰੀਤ ਅਤੇ ਤਕਰੀਬਨ 40 ਸਾਲਾ ਸੁਖਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਇਕ ਇਨੋਵਾ ਗੱਡੀ ਵਿੱਚ ਸਵਾਰ ਸਨ। ਪੰਚਕੂਲਾ ਪੁਲਿਸ ਦੀ ਸੂਚਨਾ 'ਤੇ ਜ਼ੀਰਕਪੁਰ ਥਾਣੇ ਵਿੱਚ ਡੀਡੀਆਰ ਦਰਜ ਕਰ ਲਈ ਹੈ। ਸ੍ਰੀ ਚਾਹਲ ਨੇ ਕਿਹਾ ਕਿ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਕਰਨ ਬਾਰੇ ਉਨ੍ਹਾਂ ਕੋਲ ਅਗਾਊਂ ਕੋਈ ਜਾਣਕਾਰੀ ਨਹੀਂ ਸੀ, ਸਗੋਂ ਪੰਚਕੂਲਾ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਨ ਮਗਰੋਂ ਇਸ ਦੀ ਜਾਣਕਾਰੀ ਦਿੱਤੀ ਗਈ। ਮੌਕੇ 'ਤੇ ਸਥਾਨਕ ਲੋਕਾਂ ਨੂੰ ਕੋਈ ਸੂਚਨਾ ਨਾ ਹੋਣ ਬਾਰੇ ਉਨ੍ਹਾਂ ਕਿਹਾ ਕਿ ਇਹ ਪੰਚਕੂਲਾ ਪੁਲੀਸ ਦੀ ਗੁਪਤ ਕਾਰਵਾਈ ਸੀ, ਜਿਸ ਬਾਰੇ ਉਹ ਕੁਝ ਨਹੀਂ ਕਹਿ ਸਕਦੇ।

ਹਨੀਪ੍ਰੀਤ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਸਾਰਾ ਦਿਨ ਸਬ ਡਿਵੀਜ਼ਨ ਡੇਰਾਬਸੀ ਵਿੱਚ ਭੰਬਲਭੂਸਾ ਬਣਿਆ ਰਿਹਾ। ਪਹਿਲਾ ਅਫ਼ਵਾਹ ਫੈਲੀ ਕਿ ਪੰਜਾਬ ਪੁਲਿਸ ਨੇ ਹਨੀਪ੍ਰੀਤ ਨੂੰ ਹਰਿਆਣਾ-ਪੰਜਾਬ ਹੱਦ 'ਤੇ ਲਾਲੜੂ ਤੋਂ ਗ੍ਰਿਫ਼ਤਾਰ ਕਰ ਲਿਆ ਹੈ ਪਰ ਇਹ ਝੂਠ ਸਾਬਤ ਹੋਇਆ, ਜਿਸ ਮਗਰੋਂ ਡੇਰਾਬਸੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਡੇਰਾਬਸੀ ਡੀਐਸਪੀ ਦਫ਼ਤਰ ਮੁਬਾਰਿਕਪੁਰ ਵਿਖੇ ਲੈ ਜਾਣ ਦੀ ਅਫਵਾਹ ਫੈਲ ਗਈ। ਇਸ ਮਗਰੋਂ ਜ਼ੀਰਕਪੁਰ ਤੋਂ ਗ੍ਰਿਫ਼ਤਾਰ ਕਰਨ ਬਾਰੇ ਪਤਾ ਲੱਗਿਆ। ਇਸ ਤੋਂ ਇਲਾਵਾ ਹਨੀਪ੍ਰੀਤ ਦਾ ਮੈਡੀਕਲ ਕਰਵਾਉਣ ਨੂੰ ਲੈ ਕੇ ਸਾਰਾ ਦਿਨ ਮੀਡੀਆ ਕਰਮੀ ਢਕੋਲੀ ਕਮਿਊਨਿਟੀ ਸੈਂਟਰ ਅਤੇ ਡੇਰਾਬਸੀ ਸਿਵਲ ਹਸਪਤਾਲ ਵਿੱਚ ਖੱਜਲ ਹੁੰਦੇ ਰਹੇ ਪਰ ਦੇਰ ਸ਼ਾਮ ਤੱਕ ਇੱਥੇ ਨਾ ਲਿਆਉਣ ਦੀ ਸੂਚਨਾ ਮਿਲੀ।

ਇਲਾਕੇ ਵਿੱਚ ਪੂਰਾ ਦਿਨ ਇਹ ਚਰਚਾ ਹੁੰਦੀ ਰਹੀ ਕਿ ਹਨੀਪ੍ਰੀਤ ਜ਼ੀਰਕਪੁਰ ਵਿੱਚ ਲੁਕੀ ਹੋਈ ਸੀ। ਕਿਹਾ ਜਾ ਰਿਹਾ ਹੈ ਕਿ ਹਨੀਪ੍ਰੀਤ ਨੇ ਪ੍ਰਾਈਵੇਟ ਟੈਲੀਵਿਜ਼ਨ ਚੈਨਲ ਨੂੰ ਇੰਟਰਵਿਊ ਵੀ ਜ਼ੀਰਕਪੁਰ ਦੇ ਨੇੜੇ-ਤੇੜੇ ਹੀ ਦਿੱਤਾ ਹੈ। ਚੈਨਲ 'ਤੇ ਇੰਟਰਵਿਊ ਨਸ਼ਰ ਹੋਣ ਮਗਰੋਂ ਪੰਚਕੂਲਾ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਇਧਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸਿਰਸਾ ਮੁਖੀ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਨੂੰ ਕਿਹਾ ਹੈ ਕਿ ਉਹ ਰਣਜੀਤ ਸਿੰਘ ਦੇ ਕਤਲ ਸਬੰਧੀ ਜੋ ਕੁੱਝ ਵੀ ਕਹਿਣਾ ਚਾਹੁੰਦਾ ਹੈ, ਉਸ ਬਾਰੇ ਹਲਫ਼ਨਾਮਾ ਦਾਇਰ ਕਰ ਕੇ ਦੱਸੇ। ਅਦਾਲਤ ਦੇ ਇਕ ਮੈਂਬਰੀ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ 6 ਅਕਤੂਬਰ ਉਤੇ ਪਾਈ।

# ਹਲਕਾ ਗੁਰਦਾਸਪੁਰ ਤੋਂ ਮਯੂਸੀ



ਫਰੈਡੀ ਜੋਜ਼ਫ

ਗੁਰਦਾਸਪੁਰ ਲੋਕ ਸਭਾ ਹਲਕੇ ਵਿਚ 12 ਅਕਤੂਬਰ ਨੂੰ ਜ਼ਿਮਨੀ ਚੋਣ ਹੋ ਰਹੀ ਹੈ। ਇਸ ਹਲਕੇ ਵਿਚ ਈਸਾਈਆਂ ਦੀ ਗਿਣਤੀ 10 ਪ੍ਰਤੀਸ਼ਤ ਦੇ ਕਰੀਬ ਹੈ। ਦੋ ਲੱਖ ਦੇ ਕਰੀਬ ਈਸਾਈ ਵੋਟਰ ਹਨ। ਚੋਣਾਂ ਹੀ ਇਕ ਅਜੇਹਾ ਮੌਕਾ ਹੁੰਦਾ ਹੈ ਜਦਕਿ ਸਾਰੀਆਂ ਬਰਾਦਰੀਆਂ ਆਪੋ ਆਪਣੀਆਂ ਮੰਗਾਂ ਨੂੰ ਉਭਾਰ ਕੇ ਆਪੋ ਆਪਣੀ ਬਰਾਦਰੀ ਦੀ ਆਰਥਿਕ, ਸਮਾਜਿਕ ਤੇ ਸਭਿਆਚਾਰਕ ਤੇ ਹੋਰ ਹਰ ਪਖੋਂ ਉਨਤੀ ਦਾ ਰਾਹ ਤਿਆਰ ਕਰਦੀਆਂ ਹਨ। ਜੇਤੂ ਉਮੀਦਵਾਰਾਂ ਦਾ ਆਪੋ ਆਪਣੀ ਬਰਾਦਰੀ ਦੀ ਹਾਲਤ ਵੱਲ ਧਿਆਨ ਦਿਵਾਇਆ ਜਾਂਦਾ ਹੈ ਤੇ ਉਮੀਦਵਾਰ ਨੂੰ ਆਪਣੀ ਬਰਾਦਰੀ ਦੀ ਉਨਤੀ ਦਾ ਪ੍ਰੋਗਰਾਮ ਦਿਤਾ ਜਾਂਦਾ ਹੈ। ਪਰ ਦੁੱਖ ਦੀ ਗੱਲ ਹੈ ਕਿ ਅਜ਼ਾਦੀ ਦੇ ਪਿਛਲੇ 71 ਸਾਲ ਵਿਚ ਈਸਾਈ ਬਰਾਦਰੀ ਹਰ ਪਖੋਂ ਹੇਠਾਂ ਹੀ ਹੇਠਾਂ ਜਾ ਰਹੀ ਹੈ। ਹੁਣ ਤੱਕ ਜਿੱਨੇ ਵੀ ਈਸਾਈ ਸਰਕਾਰੀ ਸੀਟਾਂ ਤੇ ਬੈਠੇ ਹਨ ਉਨ੍ਹਾਂ ਨੇ ਕੌਮ ਨੂੰ ਕੋਈ ਆਰਥਿਕ, ਸਮਾਜਿਕ ਤੇ ਸਭਿਆਚਾਰਕ ਪ੍ਰੋਗਰਾਮ ਨਹੀਂ ਦਿਤਾ। ਸਰਕਾਰ ਦਾ ਮੁਖ ਕੰਮ ਲੋਕਾਂ ਦਾ ਆਰਥਿਕ ਵਿਕਾਸ ਹੀ ਹੁੰਦਾ ਹੈ। ਪਿਛਲੇ 71 ਸਾਲ ਵਿਚ ਈਸਾਈ ਸਮਾਜ ਦੇ ਆਰਥਿਕ ਵਿਕਾਸ ਦੇ ਨਾਂ ਤੇ ਜੋ ਕੁਝ ਹੋਇਆ ਹੈ, ਉਸਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ- ਕੇਵਲ 351 ਈਸਾਈਆਂ ਨੂੰ ਹੀ ਸਰਕਾਰੀ ਨੌਕਰੀਆਂ ਮਿਲੀਆਂ ਜਦਕਿ ਅਬਾਦੀ ਦੇ ਹਿਸਾਬ ਨਾਲ ਹਰ ਪੰਜ ਸਾਲ ਵਿਚ ਈਸਾਈਆਂ ਦਾ ਹਿੱਸਾ 5000 ਨੌਕਰੀਆਂ ਬਣਦਾ ਹੈ। ਇੰਨੇ ਹੀ ਲੋਕਾਂ ਦੇ ਕਾਰੋਬਾਰ ਚਲਾਏ ਜਾਣ, ਉਨ੍ਹਾਂ ਨੂੰ ਕਾਰੋਬਾਰੀ ਲੋਨ, ਕੋਟੇ ਪ੍ਰਸਿਟ ਤੇ ਲਾਇਸੈਂਸ ਦਿੱਤੇ ਜਾਣ ਪਰ ਪਿਛਲੇ 71 ਸਾਲ ਵਿਚ ਲਗਪਰ 100 ਲੋਕਾਂ ਨੂੰ ਹੀ ਕਾਰੋਬਾਰੀ ਲੋਨ ਦਿਤੇ ਗਏ ਉਹ ਵੀ ਛੋਟੇ ਮੋਟੇ ਹਨ। ਇਕ ਵੀ ਕਾਰੋਬਾਰੀ ਅਜੇਹਾ ਨਹੀਂ ਹੈ ਜਿਸ ਕੋਲ 50 ਮੁਲਾਜ਼ਮ ਹੋਣ। ਪੰਜਾਬ ਵਿਚ 50,000 ਦੇ ਕਰੀਬ ਬੇਘਰੇ ਹਨ ਜਿੰਨ੍ਹਾਂ ਵਿਚੋਂ ਹੁਣ ਤਕ ਕੇਵਲ 1200 ਲੋਕਾਂ ਨੂੰ ਘਰ ਬਣਾਉਣ ਲਈ ਪਲਾਟ ਮਿਲੇ ਹਨ।

ਗੱਲ ਕੀ ਸਾਡੀ ਗਰੀਬੀ ਪੀੜ੍ਹੀ ਦਰ ਪੀੜ੍ਹੀ ਚਲ ਰਹੀ ਹੈ, ਚੋਣਾਂ ਦੇ ਦੌਰਾਨ ਸਾਡੇ ਨੇਤਾ ਆਪਣਾ ਨਿੱਜੀ ਅਕਸ ਉਭਾਰਨ ਦਾ ਯਤਨ ਕਰਦੇ ਹਨ। ਇਹੀ ਸਾਡੀ ਗਰੀਬੀ ਦਾ ਇਕੋ ਇਕ ਕਾਰਣ ਹੈ। ਗੁਰਦਾਸਪੁਰ ਵਿੱਚ 25 ਸਤੰਬਰ ਨੂੰ ਕਾਂਗ੍ਰਸੀ ਉਮੀਦਵਾਰ ਸੁਨੀਲ ਜਾਖੜ ਦੇ ਚੋਣ ਦਫਤਰ ਵਿਖੇ 100 ਕੁ ਈਸਾਈਆਂ ਦੀ ਚੋਣ ਵਿਕਤਰਤਾ ਹੋਈ ਜਿਸ ਵਿਚ ਇਕ ਈਸਾਈ ਨੇਤਾ ਨੇ ਪੁਰਾਣੀ ਤਰਜ਼ ਤੇ ਹੀ ਆਪਣਾ ਅਕਸ ਵਧਾਉਣ ਦੀ ਹੀ ਗੱਲ ਕੀਤੀ। ਕੌਮ ਦੀ ਤਰਕੀ ਦੀ ਕੋਈ ਗੱਲ ਨਹੀਂ ਹੋਈ। ਇਸੇ ਤਰ੍ਹਾਂ ਦੀਆਂ ਹੀ ਖਬਰਾਂ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਚੋਣ ਅਖਾੜੇ ਤੋਂ ਆ ਰਹੀਆਂ ਹਨ ਜੋ ਕਿ ਕੌਮ ਲਈ ਬੇਹਦ ਮਯੂਸਕੁੰਨ ਹਨ।

# ਗੁਰਦਾਸਪੁਰ ਜ਼ਿਮਨੀ ਚੋਣ

ਡੈਨੀਅਲ ਥੋਬਾ

ਗੁਰਦਾਸਪੁਰ ਲੋਕ ਸਭਾ ਹਲਕੇ ਲਈ ਜ਼ਿਮਨੀ ਚੋਣ ਦਾ ਐਲਾਨ ਹੋ ਗਿਆ ਹੈ। ਇਹ ਸੀਟ ਇਸ ਹਲਕੇ ਤੋਂ ਤਿੰਨ ਵਾਰ ਸੰਸਦ ਮੈਂਬਰ ਰਹੇ ਸਵਰਗੀ ਵਿਨੋਦ ਖੰਨਾ ਦੇ ਦਿਹਾਂਤ ਕਾਰਨ ਖਾਲੀ ਹੋਈ ਹੈ। ਹਰ ਚੋਣ ਵਾਂਗ ਇਸ ਵਾਰ ਵੀ ਕਾਂਗਰਸ, ਅਕਾਲੀ-ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਇਸ ਹਲਕੇ ਤੋਂ ਖੜੇ ਹੋਏ ਹਨ। ਇਸ ਲਈ ਭਾਜਪਾ ਦੀ ਇਹ ਪੂਰੀ ਕੋਸ਼ਿਸ਼ ਹੋਵੇਗੀ ਕਿ ਉਹ ਇਸ ਸੀਟ ਤੇ ਆਪਣਾ ਕਬਜ਼ਾ ਬਰਕਰਾਰ ਰੱਖੇ। ਕੇਂਦਰ ਵਿੱਚ ਰਾਜ ਵੀ ਉਸਦਾ ਹੈ, ਇਸ ਗੱਲ ਦਾ ਲਾਭ ਵੀ ਉਸ ਨੂੰ ਮਿਲ ਸਕਦਾ ਹੈ। ਕਾਂਗਰਸ ਪਾਰਟੀ ਜਿਸਦੀ ਪੰਜਾਬ ਵਿੱਚ ਸਰਕਾਰ ਹੈ, ਉਹ ਵੀ ਵੱਡੇ ਉਤਸ਼ਾਹ ਨਾਲ ਇਹ ਚੋਣ ਲੜ ਰਹੀ ਹੈ। ਉਹ ਵੀ ਇਹ ਸੀਟ ਭਾਜਪਾ ਤੋਂ ਖੋਹ ਕੇ ਆਪਣੀ ਪਾਰਟੀ ਦੀ ਝੋਲੀ ਵਿੱਚ ਪਾਉਣਾ ਚਾਹੇਗੀ। ਇਸ ਸਮੇਂ ਤੀਜੀ ਮਜ਼ਬੂਤ ਧਿਰ ਆਮ ਆਦਮੀ ਪਾਰਟੀ ਹੈ, ਇਹ ਰਾਜ ਵਿੱਚ ਮੁਖ ਵਿਰੋਧੀ ਪਾਰਟੀ ਹੈ, ਜੋ ਇਸ ਚੋਣ ਮੁਕਾਬਲੇ ਨੂੰ ਤਿਕੋਣਾ ਬਣਾ ਰਹੀ ਹੈ। ਇਹਨਾਂ ਤੋਂ ਇਲਾਵਾ ਕੁਝ ਹੋਰ ਪਾਰਟੀਆਂ ਅਤੇ ਅਜ਼ਾਦ ਉਮੀਦਵਾਰ ਵੀ ਇਸ ਹਲਕੇ ਤੋਂ ਆਪਣੀ ਕਿਸਮਤ ਅਜਮਾ ਰਹੇ ਹਨ। ਗੁਰਦਾਸਪੁਰ ਲੋਕ ਸਭਾ ਸੀਟ ਕਿਸਦੀ ਝੋਲੀ ਵਿੱਚ ਪੈਂਦੀ ਹੈ, ਇਹ ਤਾਂ ਅਜੇ ਭਵਿੱਖ ਦੀ ਬੁੱਕਲ ਵਿੱਚ ਹੈ ਪਰੰਤੂ ਇੱਕ ਗੱਲ ਨੰਗੇ ਚਿੱਟੇ ਦਿਨ ਵਾਂਗ ਸਪੱਸ਼ਟ ਹੈ ਉਹਨਾਂ ਵਿਚੋਂ ਕਿਸੇ ਵੀ ਪਾਰਟੀ ਨੇ ਕਿਸੇ ਈਸਾਈ ਨੂੰ ਆਪਣਾ ਉਮੀਦਵਾਰ ਨਹੀਂ ਬਣਾਇਆ। ਜਦੋਂ ਕਿ ਇਥੇ ਪੰਜਾਬ ਦੇ ਹੋਰ ਹਲਕਿਆਂ ਨਾਲੋਂ ਈਸਾਈ ਵੋਟ ਸਭ ਤੋਂ ਵੱਧ ਹੈ। ਅੱਜ ਤੋਂ ਕੋਈ ਵੀਹ ਕੁ ਸਾਲ ਪਹਿਲਾਂ ਜਦੋਂ ਅਕਾਲੀ ਦਲ ਦਾ ਭਾਜਪਾ ਨਾਲ ਚੋਣ ਗਠਜੋੜ ਨਹੀਂ ਸੀ ਹੁੰਦਾ।

ਉਸ ਸਮੇਂ ਇਥੋਂ ਈਸਾਈ ਨੇਤਾ ਸ਼੍ਰੀ ਆਈਜ਼ਕ ਬੀ. ਦਾਸ ਨੇ ਅਕਾਲੀ ਦਲ ਵਲੋਂ ਲੋਕ ਸਭਾ ਦੀ ਚੋਣ ਲੜੀ ਸੀ। ਪ੍ਰੰਤੂ ਜਦੋਂ ਦਾ ਅਕਾਲੀ ਦਲ ਦਾ ਭਾਜਪਾ ਨਾਲ ਚੋਣ ਸਮਝੌਤਾ ਹੋਇਆ ਹੈ। ਇਹ ਸੀਟ ਭਾਜਪਾ ਦੇ ਕੋਟੇ ਵਿੱਚ ਚਲੀ ਗਈ ਹੈ। ਇਸ ਲਈ ਇਥੋਂ ਸਿਆਸੀ ਪਿੜ ਵਿੱਚ ਸਾਡੀ ਪੁੱਛ ਪ੍ਰਤੀਤ ਪਹਿਲਾਂ ਨਾਲੋਂ ਵੀ ਘਟ ਗਈ ਹੈ। ਬੇਸ਼ੱਕ ਇਸ ਹਲਤੇ ਤੋਂ ਵੱਡੀ ਗਿਣਤੀ ਵਿੱਚ ਈਸਾਈ ਕਾਂਗਰਸ ਨਾਲ ਵੀ ਜੁੜੇ ਰਹੇ ਹਨ ਪ੍ਰੰਤੂ ਕਾਂਗਰਸ ਨੇ ਕਦੇ ਵੀ ਇਥੋਂ ਕਿਸੇ ਈਸਾਈ ਨੂੰ ਆਪਣਾ ਉਮੀਦਵਾਰ ਨਹੀਂ ਬਣਾਇਆ। ਆਮ ਆਦਮੀ ਪਾਰਟੀ ਤਾਂ ਅਜੇ ਨਵੀਂ ਨਵੀਂ ਹੋਂਦ ਵਿੱਚ ਆਈ ਹੈ। ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘਟ ਗਿਣਤੀਆਂ ਦੇ ਹੱਕ ਵਿੱਚ ਖਲੋਣ ਦਾ ਦਾਅਵਾ ਕਰਨ ਵਾਲੀ ਬਹੁਜਨ ਸਮਾਜ ਪਾਰਟੀ ਨੇ ਵੀ ਇਸ ਹਲਕੇ ਤੋਂ ਕਿਸੇ ਈਸਾਈ ਨੂੰ ਆਪਣਾ ਉਮੀਦਵਾਰ ਬਣਾਉਣ ਤੋਂ ਸੰਕੋਚ ਹੀ ਕੀਤਾ ਹੈ। ਹਾਲਾਂਕਿ ਇਸ ਪਾਰਟੀ ਦੀ ਕਾਰਗੁਜ਼ਾਰੀ ਇੱਕ ਵਾਰ ਨੂੰ ਛੱਡ ਕੇ ਜਦੋਂ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕੀਤਾ ਸੀ, ਪੰਜਾਬ ਵਿੱਚ ਢਿਲੀ ਰਹੀ ਹੈ। ਇਸ ਦੁਆਰਾ ਖੜੇ ਕੀਤੇ ਗਏ 109 ਉਮੀਦਵਾਰਾਂ ਵਿਚੋਂ 108 ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਕੇਵਲ ਸ. ਅਵਤਾਰ ਸਿੰਘ ਕਰੀਮਪੁਰੀ ਹੀ ਆਪਣੀ ਜ਼ਮਾਨਤ ਬਚਾਉਣ ਵਿੱਚ ਸਫਲ ਰਹੇ ਹਨ, ਪ੍ਰੰਤੂ ਫਿਰ ਵੀ ਇਹ ਈਸਾਈਆਂ ਨੂੰ ਸੀਟਾਂ ਦੇਣ ਸਮੇਂ ਆਪਣਾ ਹੱਥ ਘੁੱਟ ਕੇ ਰੱਖਦੀ ਹੈ ਜਦੋਂ ਕਿ ਇਹਨਾਂ ਨੂੰ ਨਾਲ ਲੈ ਕੇ ਇਹ ਬਿਹਤਰ ਕਾਰਗੁਜ਼ਾਰੀ ਦਿਖਾ ਸਕਦੀ ਹੈ। ਇਕ ਸਮਾਂ ਸੀ ਜਦੋਂ ਪੰਜਾਬ ਵਿੱਚ ਕਦੇ ਈਸਾਈਆਂ ਦੇ ਹੱਕਾਂ ਜਾਂ ਮੰਗਾਂ ਦੀ ਗੱਲ ਚਲਦੀ ਸੀ ਤਾਂ ਸੰਘਰਸ਼ ਦਾ ਪਹਿਲਾ ਬਿਗਲ ਗੁਰਦਾਸਪੁਰ ਤੋਂ ਹੀ ਵੱਜਦਾ ਸੀ ਇਥੋਂ ਇਹ ਲਹਿਰ ਚੱਲ ਕੇ ਪੰਜਾਬ ਦੇ ਸਾਰੇ ਜ਼ਿਲਿਆਂ ਵਿੱਚ ਆਪਣਾ ਅਸਰ ਦਿਖਾਉਂਦੀ ਸੀ, ਜਿਸਦੇ ਹਾਂ ਪੱਖੀ ਸਿੱਟੇ ਨਿਕਲਦੇ ਸਨ। ਇਹ ਸੰਨ 1972-73 ਦੀ ਗੱਲ ਹੈ ਜਦੋਂ ਰਾਜ ਸਰਕਾਰ ਨੇ ਗੁੱਡ-ਫਰਾਈਡੇ ਦੀ ਛੁੱਟੀ ਬੰਦ ਕਰ ਦਿੱਤੀ। ਦੂਜਾ ਮਸਲਾ ਇਹ ਸੀ ਕਿ ਪੰਜਾਬ ਸਰਕਾਰ ਨੇ ਈਸਾਈਆਂ ਨੂੰ ਪਛੜੀਆਂ ਸ਼੍ਰੇਣੀਆਂ ਦੀ ਸੂਚੀ ਵਿੱਚੋਂ ਬਾਹਰ ਕੱਢ ਦਿੱਤਾ। ਇਥੋਂ ਇਹਨਾਂ ਦਾ ਵਿਰੋਧ ਸ਼ੁਰੂ ਹੋਇਆ, ਫਿਰ ਸਾਰੇ ਈਸਾਈ ਵਸੋਂ ਵਾਲੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਰੈਲੀਆਂ, ਵਿਖਾਵੇ ਆਦਿ ਕੀਤੇ ਗਏ। ਸਿਟੇ ਵਜੋਂ ਉਸ ਸਮੇਂ ਦੀ ਰਾਜ ਸਰਕਾਰ ਨੂੰ ਈਸਾਈਆਂ ਦੀਆਂ ਇਹ ਦੋਵੇਂ ਮੰਗਾਂ ਮੰਨਣ ਲਈ ਮਜਬੂਰ ਹੋਣਾ ਪਿਆ।

ਪ੍ਰੰਤੂ ਹੁਣ ਵੱਖ ਵੱਖ ਸਿਆਸੀ ਪਾਰਟੀਆਂ ਨੇ ਈਸਾਈਆਂ ਨੂੰ ਭਰਮਾਉਣ ਦਾ ਇੱਕ ਬੜਾ ਹੀ ਅਸਾਨ ਰਸਤਾ ਲੱਭ ਲਿਆ ਹੈ ਕਿ ਪੂਰੇ ਪੰਜਾਬ ਵਿੱਚੋਂ ਕੋਈ ਪੰਜ ਸੱਤ ਈਸਾਈ ਲੱਭ ਲਓ। ਜਿਨ੍ਹਾਂ ਨੂੰ ਆਪਣੀ ਪਾਰਟੀ ਜਾਂ ਸਰਕਾਰ ਵਿੱਚ ਕੋਈ ਛੋਟੇ ਮੋਟੇ ਅਹੁਦੇ ਦੇ ਦਿਓ। ਫਿਰ ਤੁਹਾਨੂੰ ਈਸਾਈਆਂ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਕਿਉਂਕਿ ਫਿਰ ਨਾ ਚੋਰ ਲੱਗੇ, ਨਾ ਕੁੱਤੀ ਭੌਂਕੇ ਦੀ ਕਹਾਵਤ ਅਨੁਸਾਰ ਅਜਿਹੇ ਲੋਕ ਆਪ ਹੀ ਈਸਾਈਆਂ ਨੂੰ ਵਰ-ਚਾਉਣ ਲਈ ਇਹ ਪ੍ਰਚਾਰ ਕਰੀ ਜਾਂਦੇ ਹਨ ਕਿ ਈਸਾਈਆਂ ਦੇ ਹਿੱਤ ਸਾਡੀ ਪਾਰਟੀ ਦੇ ਹੱਥਾਂ ਵਿੱਚ ਸੁਰਖਿਅਤ ਹਨ। ਸਾਡੀ ਪਾਰਟੀ ਦੇ ਮੁਖੀ ਈਸਾਈਆਂ ਦੀਆਂ ਮੰਗਾਂ ਲਈ ਬਹੁਤ ਫਿਕਰਮੰਦ ਹਨ ਆਦਿ। ਅਜਿਹੇ ਭਰੋਸਿਆਂ ਨਾਲ ਇਸ ਭਾਈਚਾਰੇ ਨੂੰ ਏਨਾ ਰਜਾ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਲਈ ਸਮੂਹਿਕ ਯਤਨਾਂ ਜਾਂ ਜਦੋ ਜਹਿਦ ਰਾਹੀਂ ਕਿਸੇ ਪ੍ਰਾਪਤੀ ਵਿੱਚ ਕੋਈ ਯਕੀਨ ਨਹੀਂ ਰੱਖਦੇ। ਇਹੋ ਹੀ ਕਾਰਨ ਹੈ ਕਿ ਈਸਾਈਆਂ ਨੂੰ ਅੱਜ ਤੱਕ ਕੋਈ ਵਰਣਨਯੋਗ ਪ੍ਰਾਪਤੀ ਨਹੀਂ ਹੋ ਸਕੀ। ਹੁਣ ਇਸ ਉਪ ਚੋਣ ਸਮੇਂ ਵੀ ਸਾਡੇ ਅਜਿਹੇ ਸਨਮਾਨਯੋਗ ਨੇਤਾ ਈਸਾਈਆਂ ਨੂੰ ਆਪਣੀ ਪਾਰਟੀ ਜਾਂ ਸਰਕਾਰ ਲਈ ਅਪੀਲਾਂ ਕਰਨਗੇ। ਜੇਕਰ ਇਹਨਾਂ ਪੁਰਸ਼ਾਂ ਨੂੰ ਕੋਈ ਪੁੱਛ ਲਵੇ ਕਿ ਉਹ ਜਿਹੜੇ ਤੁਸੀਂ ਹਰ ਘਰ ਵਿੱਚ ਇਕ ਰੁਜਗਾਰ, ਰਿਹਾਇਸ਼ੀ ਪਲਾਟਾਂ ਅਤੇ ਬੇਰੁਜ਼ਗਾਰੀ ਭੱਤੇ ਵਰਗੇ ਵਾਅਦੇ ਕੀਤੇ ਸੀ, ਉਹਨਾਂ ਦਾ ਕੀ ਬਣਿਆ ਹੈ? ਤਾਂ ਇਹਨਾਂ ਦਾ ਘੜਿਆ ਘੜਾਇਆ ਇਹੋ ਉੱਤਰ ਹੋਵੇਗਾ ਕਿ ਅਜੇ ਤਾਂ ਸਰਕਾਰ ਨਵੀਂ ਨਵੀਂ ਬਣੀ ਹੈ, ਪਿਛਲੀ ਸਰਕਾਰ ਨੇ ਖਜ਼ਾਨਾ ਖਾਲੀ ਕਰ ਛੱਡਿਆ ਹੈ, ਪ੍ਰੰਤੂ ਜਨਤਾ ਇਹਨਾਂ ਨੂੰ ਇਹ ਪੁੱਛਣ ਦਾ ਅਧਿਕਾਰ ਰੱਖਦੀ ਹੈ, ਤੁਹਾਨੂੰ ਪਹਿਲਾਂ ਹੀ ਪਤਾ ਸੀ ਕਿ ਖਜ਼ਾਨੇ ਵਿੱਚ ਕੁਝ ਨਹੀਂ ਹੋਣਾ ਤਾਂ ਤੁਸੀਂ ਏਨੇ ਵੱਡੇ ਵਾਅਦੇ ਕਿਉਂ ਕਰ ਲਏ?ਉਹ ਫਿਰ ਇਹੋ ਕਹਿਣਗੇ ਨਹੀਂ ਇੱਕ ਵਾਰ ਇਹ ਚੋਣ ਜਿੱਤਾ ਦਿਓ ਫਿਰ ਤੁਹਾਡੇ ਸਾਰੇ ਮਸਲੇ ਹੱਲ ਸਮਝੋ। ਜਦੋਂ ਚੋਣ ਜਿੱਤੀ ਗਈ ਫਿਰ 'ਤੂੰ ਕੌਮ ਹੈ' ਈਸਾਈਆਂ ਨਾਲ ਇਹ ਤਮਾਸ਼ਾ 70 ਸਾਲਾਂ ਤੋਂ ਹੋ ਰਿਹਾ ਹੈ। ਜੇਕਰ ਖਾਲੀ ਖਜ਼ਾਨੇ ਵਾਲੀ ਗੱਲ ਨੂੰ ਸਹੀ ਵੀ ਮੰਨ ਲਿਆ ਜਾਵੇ ਤਾਂ ਈਸਾਈਆਂ ਦੇ ਕੁਝ ਮਸਲੇ ਅਜਿਹੇ ਹਨ ਜਿਨ੍ਹਾਂ ਬਾਰੇ ਸਾਡੀ ਲੀਡਰਸ਼ਿਪ ਵੀ ਗੰਭੀਰ ਨਹੀਂ ਹੈ।

ਇਹਨਾਂ ਵਿੱਚ ਪਹਿਲਾਂ ਮਸਲਾ ਹੈ ਰਾਜ ਸਰਕਾਰ ਵਲੋਂ ਛਾਪੀਆਂ ਜਾਂਦੀਆਂ ਪਾਠ ਪੁਸਤਕਾਂ ਵਿੱਚ ਪ੍ਰਭੂ ਯਿਸੂ ਬਾਰੇ ਲੇਖ ਦੇਣਾ ਅਤੇ ਦੂਜਾ ਅਕਾਸ਼ਵਾਣੀ ਅਤੇ ਦੂਰਦਰਸ਼ਨ ਤੋਂ ਮਸੀਹੀ ਪ੍ਰੋਗਰਾਮ ਪੇਸ਼ ਕਰਨੇ। ਇਹਨਾਂ ਮੰਗਾਂ ਦੇ ਪੂਰੇ ਹੋਣ ਨਾਲ ਸਾਰੇ ਫਿਰਕਿਆਂ ਵਿੱਚ ਆਪਸੀ ਸਾਂਝ ਹੋਰ ਵਧੇਗੀ। ਇਹ ਇੱਕ ਵੱਖਰੀ ਗੱਲ ਹੈ ਕਿ ਸਾਡੀਆਂ ਕੁਝ ਸੰਸਥਾਵਾਂ ਆਪਣੇ ਕੋਲੋਂ ਪੈਸੇ ਖਰਚ ਕੇ ਅਜਿਹੇ ਪ੍ਰੋਗਰਾਮ ਪੇਸ਼ ਕਰ ਰਹੀਆਂ ਹਨ। ਖੁਦਾ ਅਜਿਹੇ ਲੋਕਾਂ ਦੇ ਕੰਮ ਨੂੰ ਹੋਰ ਵਧਾਏ। ਪ੍ਰੰਤੂ ਜਦੋਂ ਦੂਜੇ ਭਾਈਚਾਰਿਆਂ ਨਾਲ ਸੰਬੰਧਤ ਪ੍ਰੋਗਰਾਮ ਅਕਾਸ਼ਵਾਣੀ ਤੋਂ ਪੇਸ਼ ਹੁੰਦੇ ਹਨ ਤਾਂ ਸਾਡੇ ਨਾਲ ਇਹ ਵਿਤਕਰਾ ਕਿਉਂ? ਇਸ ਉਪ ਚੋਣ ਸਮੇਂ ਸਾਡੇ ਲੋਕਾਂ ਨੂੰ ਇਹਨਾਂ ਮਸਲਿਆਂ ਨੂੰ ਵੀ ਰੋਸ਼ਨੀ ਵਿੱਚ ਲਿਆਉਣਾ ਚਾਹੀਦਾ ਹੈ। ਪੰਜਾਬ ਵਿੱਚ ਹਰ ਵਾਰ ਕੁਝ ਈਸਾਈ ਉਮੀਦਵਾਰ ਵੀ ਚੋਣਾਂ ਵਿੱਚ ਖੜੇ ਹੁੰਦੇ ਹਨ।

ਹੋ ਸਕਦਾ ਹੈ ਇਸ ਜ਼ਿਮਨੀ ਚੋਣ ਵਿੱਚ ਵੀ ਕੋਈ ਈਸਾਈ ਵੀ ਇਹ ਚੋਣ ਲੜੇ। ਪ੍ਰੰਤੂ ਕਈ ਵਾਰ ਕੁਝ ਅਜਿਹੇ ਸਾਡੇ ਭਰਾ ਵੀ ਚੋਣਾਂ ਵਿੱਚ ਆਪਣੇ ਕਾਗਜ ਭਰ ਦਿੰਦੇ ਹਨ। ਜਿਨ੍ਹਾਂ ਦਾ ਈਸਾਈਆਂ ਵਿੱਚ ਕੋਈ ਕੰਮ ਨਾ ਹੋਣ ਕਰਕੇ ਨਾ ਤਾਂ ਉਹਨਾਂ ਦੀ ਕੋਈ ਸਾਖ ਹੁੰਦੀ ਹੈ ਅਤੇ ਨਾ ਹੀ ਉਹਨਾਂ ਨੂੰ ਕਿਸੇ ਚਰਚ ਦਾ ਕੋਈ ਸਮਰਥਨ ਹੁੰਦਾ ਹੈ। ਇੱਕ ਵਾਰ ਇੱਕ ਜੋਗਿੰਦਰ ਸਿੰਘ ਧਰਤੀ ਪਕੜ ਨਾਂ ਦਾ ਇੱਕ ਵਿਅਕਤੀ ਹੁੰਦਾ ਸੀ ਜੋ ਆਪਣੀ ਮੌਤ ਤੱਕ ਹਰ ਵਾਰ ਰਾਸ਼ਟਰੀਪਤੀ ਦੀ ਚੋਣ ਲੜਦਾ ਰਿਹਾ ਪ੍ਰੰਤੂ ਉਸਨੂੰ ਕਿਸੇ ਵੀ ਧਿਰ ਦਾ ਸਮਰਥਨ ਨਾ ਹੋਣ ਕਾਰਣ ਕਦੀ ਸਫਲਤਾ ਦਾ ਮੂੰਹ ਨਾ ਵੇਖ ਸਕਿਆ। ਏਸੇ ਤਰ੍ਹਾਂ ਹੀ ਸਾਡੇ ਅਜਿਹੇ ਸੱਜਣ ਜਿੰਨ੍ਹਾਂ ਨੂੰ ਹਰ ਵਾਰ ਚੋਣ ਲੜਨ ਦਾ ਸ਼ੌਕ ਹੁੰਦਾ ਹੈ। ਜਦੋਂ ਅਜਿਹੇ ਲੋਕਾਂ ਦੀ ਵੋਟਾਂ ਦੀ ਗਿਣਤੀ ਹੁੰਦੀ ਹੈ ਤਾਂ ਉਨੀਆਂ ਕੁ ਵੋਟਾਂ ਨਾਲ ਪਿੰਡ ਦਾ ਸਰਪੰਚ ਵੀ ਨਹੀਂ ਬਣਦਾ। ਇਸ ਕਿਸਮ ਦੇ ਲੀਡਰਾਂ ਨੇ ਈਸਾਈਆਂ ਵਿੱਚ ਇੱਕ ਕਿਸਮ ਦੀ ਅਜਿਹੀ ਬੇਇਤਬਾਰੀ ਪੈਦਾ ਕਰ ਦਿੱਤੀ ਹੈ ਕਿ ਅੱਜ ਜੇਕਰ ਕੋਈ ਈਸਾਈ ਪੂਰੀ ਗੰਭੀਰਤਾ ਨਾਲ ਵੀ ਚੋਣ ਲੜੇ ਤਾਂ ਸਾਡੇ ਲੋਕ ਉਸ ਤੇ ਵੀ ਯਕੀਨ ਨਹੀਂ ਕਰਦੇ ਅਤੇ ਫਿਰ ਉਹਨਾਂ ਲੋਕਾਂ ਦੇ ਹੱਕ ਵਿੱਚ ਹੀ ਭੁਗਤ ਜਾਂਦੇ ਹਨ ਜੋ ਈਸਾਈਆਂ ਦੇ ਹੱਕ ਵਿੱਚ ਇੱਕ ਵੀ ਸ਼ਬਦ ਨਹੀਂ ਬੋਲਦੇ। ਅਸੀਂ ਇਹ ਗੱਲਾਂ ਚੋਣਾਂ ਲੜਨ ਵਾਲੇ ਈਸਾਈ ਭਰਾਵਾਂ ਦਾ ਹੌਸਲਾ ਢਾਹੁਣ ਜਾਂ ਦਿਲ ਤੋੜਨ ਵਾਸਤੇ ਨਹੀਂ ਲਿਖ ਰਹੇ ਸਗੋਂ ਇਸ ਲਈ ਲਿਖ ਰਹੇ ਹਾਂ ਕਿ ਹੁਣ ਜਦੋਂ ਸਾਡੀ ਬਰਾਦਰੀ ਦੂਜੀਆਂ ਪਾਰਟੀਆਂ ਦੀ ਦੀਵਾਨੀ ਹੋ ਚੁੱਕੀ ਹੈ ਤਾਂ ਈਸਾਈ ਉਮੀਦਵਾਰਾਂ ਵਲੋਂ ਪਹਿਲਾਂ ਤਿਆਰੀ ਅਤੇ ਸਹਿਮਤੀ ਨਾਲ ਚੋਣਾਂ ਲ਼ੜਨਾ ਹੀ ਸਿਆਣਪ ਹੋਵੇਗੀ।

ਉਦਾਹਰਣ ਦੇ ਤੌਰ ਤੇ ਇਸ ਜ਼ਿਮਨੀ ਚੋਣ ਨੂੰ ਹੀ ਲੈ ਲਈਏ। ਲੋਕ ਸਭਾ ਚੋਣ ਜਿਸ ਵਿੱਚ ਲੱਖਾਂ ਵੋਟ ਪੋਲ ਹੁੰਦੀ ਹੈ। ਇਸ ਹਲਕੇ ਵਿੱਚ ਈਸਾਈ ਵੋਟ ਢਾਈ ਤੋਂ ਤਿੰਨ ਲੱਖ ਤੱਕ ਹੈ। ਜੇਕਰ ਕੋਈ ਈਸਾਈ ਚੋਣ ਲੜਦਾ ਹੈ ਤਾਂ ਉਸਦੀ ਵੋਟ ਘੱਟੋ ਘੱਟ ਇੱਕ ਲੱਖ ਤੋਂ ਵੱਧ ਨਿਕਲਣੀ ਚਾਹੀਦੀ ਹੈ। ਕਿਉਂਕਿ ਇਸ ਨਾਲ ਜਿੱਤ ਅਤੇ ਹਾਰਨ ਵਾਲੀਆਂ ਦੋਵੇਂ ਧਿਰਾਂ ਵਿੱਚ ਸੋਚਣ ਲਈ ਮਜਬੂਰ ਹੋਣਗੀਆਂ ਕਿ ਅਜਿਹਾ ਈਸਾਈ ਵੋਟ ਕਾਰਨ ਹੀ ਹੈ। ਜੇਕਰ ਅਜਿਹੇ ਵਿਅਕਤੀ ਨੂੰ ਵੋਟ ਦੋ ਚਾਰ ਹਜ਼ਾਰ ਮਿਲੇ ਤਾਂ ਇਸ਼ ਨਾਲ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਹੋਵੇਗੀ। ਆਸ ਕਰਦੇ ਹਾਂ ਕਿ ਗੁਰਦਾਸਪੁਰ ਜ਼ਿਮਨੀ ਚੋਣ ਈਸਾਈ ਸਿਆਸਤ ਦੀ ਲੀਹੋ ਲੱਥੀ ਗੱਡੀ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰੇਗੀ।

# ਅਛੂਤ ਸਮਾਜ ਕਦੋਂ ਸਮਝੇਗਾ?

ਕੇਵਲ ਸਿੰਘ ਹੀਰ
91-75298-74945

ਭਾਰਤ ਦੇਸ਼ 1947 ਤੋਂ ਪਹਿਲਾਂ ਅੱਜ ਵਾਲਾ ਭਾਰਤੀ ਨਹੀਂ ਸੀ ਉਸ ਸਮੇਂ ਭਾਰਤ ਵਿੱਚ ਜਿਥੇ ਕਦੀ ਮੁਗਲਾਂ ਨੇ ਰਾਜ ਕੀਤਾ ਅਤੇ ਉਸ ਤੋਂ ਬਾਅਦ ਅੰਗਰੇਜ਼ਾਂ ਨੇ ਰਾਜ ਕੀਤਾ ਪਰ ਦੋਨਾਂ ਨੇ ਹੀ ਆਪਣੀ ਮੌਜ ਮਸਤੀ ਹੀ ਕੀਤੀ। ਮੁਗਲ ਬਾਦਸ਼ਾਹਾਂ ਨੂੰ ਤਾਂ ਆਪਣੇ ਐਸ਼ੋ ਅਰਾਮ ਵਿੱਚੋਂ ਹੀ ਫੁਰਸਤ ਨਹੀਂ ਮਿਲਦੀ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਉਹਨਾਂ ਕੋਲੋਂ ਰਾਜ ਸਤਾ ਖੁਸ ਕੇ ਅੰਗਰੇਜ਼ਾਂ ਦੇ ਹੱਥ ਆ ਗਈ। ਪਰ ਭਾਰਤ ਵਿੱਚ ਦੋਨਾਂ ਦੇ ਸਮੇਂ ਵਿੱਚ ਰਾਜਾ ਸ਼ਾਹੀ ਹੀ ਲਾਗੂ ਰਹੀ ਰਹਿੰਦੀ ਵੀ ਕਿਉਂ ਨਾ ਉਹਨਾਂ ਨੂੰ ਰਾਜਾ ਸ਼ਾਹੀ ਦਾ ਹੀ ਤਾਂ ਫਾਇਦਾ ਸੀ ਇਸੇ ਕਰਕੇ ਹੀ ਤਾਂ ਦੇਸ਼ ਵਾਰ ਵਾਰ ਗੁਲਾਮ ਹੁੰਦਾ ਰਿਹਾ। ਪਰ ਦੇਸ਼ ਚਾਹੇ ਮੁਗਲਾਂ ਦਾ ਗੁਲਾਮ ਹੋਵੇ ਜਾਂ ਅੰਗਰੇਜ਼ਾਂ ਦਾ ਅਛੂਤ ਕਹੇ ਜਾਣ ਵਾਲੇ ਸਮਾਜ ਦੀ ਕਿਸੇ ਨੇ ਵੀ ਬਾਂਹ ਨਾ ਫੜੀ ਜਿਸ ਕਰਕੇ ਇਸ ਸਮਾਜ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਇਸ ਸਮਾਜ ਦੀ ਗੁਲਾਮੀ ਦਾ ਮੂਲ ਕਾਰਨ ਸੀ ਇਸ ਦੇਸ਼ ਦੀ ਸਦੀਆਂ ਪੁਰਾਣੀ ਸਮਾਜਿਕ ਵਿਵਸਥਾ ਜੋ ਇਨਸਾਨ ਨੂੰ ਚਾਰ ਹਿੱਸਿਆਂ ਵਿੱਚ ਵੰਡੀ ਬੈਠੀ ਹੈ, ਬ੍ਰਾਹਮਣ, ਕੱਸ਼ਤਰੀ, ਵੈਸ਼ ਅਤੇ ਸ਼ੂਦਰ ਜਿਸ ਨੂੰ ਪਿੰਡਾਂ ਵਿੱਚ ਰਹਿਣ ਦਾ ਹੁਕਮ ਨਹੀਂ ਸੀ ਇਹ ਪਿੰਡਾਂ ਤੋਂ ਬਾਹਰ ਨੀਵੇਂ ਪਾਸੇ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਸਨ। ਇਥੋਂ ਤੱਕ ਕਿ ਇਸ ਸਮਾਜ ਨੂੰ ਕੋਈ ਵੀ ਇਨਸਾਨੀ ਹਕੂਕ ਨਹੀਂ ਸੀ ਨਾਂ ਤਾਂ ਇਹ ਲੋਕ ਪੜ੍ਹ ਲਿਖ ਸਕਦੇ ਹਨ ਨਾ ਹੀ ਚੰਗਾ ਕੱਪੜਾ ਪਾ ਸਕਦੇ ਸਨ, ਨਾ ਹੀ ਚੰਗਾ ਖਾ ਸਕਦੇ ਸਨ ਅਤੇ ਨਾ ਹੀ ਆਪਣੇ ਘਰ ਬਣਾ ਕੇ ਰਹਿ ਸਕਦੇ ਸਨ। ਇਹ ਸਿਲਸਿਲਾ ਹਜ਼ਾਰਾਂ ਸਾਲਾਂ ਤੋਂ ਚੱਲਿਆ ਆ ਰਿਹਾ ਸੀ।

ਇਤਿਹਾਸ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਤ੍ਰੇਤਾ ਯੁਗ ਵਿੱਚ ਕ੍ਰਿਸ਼ਨ ਨੇ ਅਵਤਾਰ ਧਾਰਿਆ। ਆਮ ਕਥਾਵਾਂ ਸੁਣਨ ਨੂੰ ਮਿਲਦੀਆਂ ਹਨ ਕਿ ਉਹ ਬਹੁਤ ਦਿਆਲੂ ਸਭਾਅ ਦਾ ਸੀ ਕਹਿੰਦੇ ਹਨ ਕਿ ਇਕ ਦਿਨ ਉਸ ਦੇ ਦਰਬਾਰ ਵਿੱਚ ਇੱਕ ਬਹੁਤ ਹੀ ਗਰੀਬ ਬੰਦਾ ਆ ਗਿਆ ਪਰ ਉਸ ਕੋਲੋਂ ਆਪਣੀ ਗੱਲ ਕਰਨ ਦੀ ਹਿੰਮਤ ਨਾ ਹੋਈ ਤਾਂ ਕ੍ਰਿਸ਼ਨ ਨੇ ਆਪ ਜਾ ਕਿ ਉਸ ਨੂੰ ਫ਼ੜ ਕੇ ਆਪਣੇ ਨਾਲ ਆਪਣੇ ਆਸਣ ਤੇ ਬਿਠਾ ਲਿਆ ਕਹਿੰਦੇ ਹਨ ਇਹ ਉਸ ਦਾ ਬਚਪਨ ਦਾ ਦੋਸਤ ਸੁਦਾਮਾ ਸੀ ਜੋ ਕਿ ਬ੍ਰਾਹਮਣ ਜਾਤੀ ਦਾ ਸੀ।

ਜਦੋਂ ਮੈਂ ਇਸ ਕਹਾਣੀ ਨੂੰ ਸੁਣਦਾ ਹਾਂ ਤਾਂ ਮੈਨੂੰ ਤਾਂ ਇਸ ਵਿਚ ਕੋਈ ਅਨੋਖੀ ਗੱਲ ਨਹੀਂ ਲਗਦੀ ਕਿਉਂਕਿ ਹਰ ਜੁੱਗ ਵਿੱਚ ਬ੍ਰਾਹਮਣ ਤਾਂ ਸ਼ਰੇਸ਼ਟ ਹੀ ਹੈ ਇਸੇ ਕਰਕੇ ਕ੍ਰਿਸ਼ਨ ਨੇ ਉਸ ਨੂੰ ਆਪਣੇ ਨਾਲ ਬਿਠਾ ਲਿਆ ਪਰ ਜਦੋਂ ਇਸ ਯੁੱਗ ਵਿੱਚ ਸ਼ੁਦਰ ਇਕਲੱਵਿਆ ਦਰੋਣਾਚਾਰਿਆ ਦੇ ਆਸ਼ਰਮ ਵਿੱਚ ਵਿਦਿਆ ਦੀ ਪ੍ਰਾਪਤ ਲਈ ਜਾਂਦਾ ਹੈ ਤਾਂ ਉਸ ਨੂੰ ਇਹ ਕਹਿ ਕੇ ਆਸ਼ਰਮ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਕਿ ਤੂੰ ਸ਼ੂਦਰ ਜਾਤੀ ਦਾ ਹੈ। ਕਿਉਂਕਿ ਤੈਨੂੰ ਵਿਦਿਆ ਪੜ੍ਹਨ ਦਾ ਕੋਈ ਹੱਕ ਨਹੀਂ ਹੈ। ਇਥੇ ਇਹ ਗੱਲ ਦੱਸਣ ਬਹੁਤ ਜ਼ਰੂਰੀ ਹੈ ਕਿ ਉਹਨਾਂ ਸਮਿਆਂ ਵਿੱਚ ਵਿਦਿਆ ਪ੍ਰਾਪਤੀ ਦੇ ਅੱਜ ਵਰਗੇ ਸਾਧਨ ਨਹੀਂ ਸੀ। ਵਿਦਿਆ ਸਿਰਫ ਆਸ਼ਰਮਾਂ ਵਿੱਚ ਹੀ ਦਿੱਤੀ ਜਾਂਦੀ ਸੀ। ਉਹ ਵੀ ਸਿਰਫ ਉਹਨਾਂ ਨੂੰ ਜਿਨਾਂ ਨੂੰ ਵਿਦਿਆ ਪ੍ਰਾਪਤੀ ਦਾ ਅਧਿਕਾਰ ਸੀ। ਆਮ ਲੋਕ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ ਸਨ। ਇਸੇ ਕਰਕੇ ਹੀ ਇਕਲਵਿਆ ਨੂੰ ਵੀ ਕਿਸੇ ਵੀ ਤਰਾਂ ਦਾ ਵਿਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ। ਪਰ ਉਸ ਦੇ ਮਨ ਵਿੱਚ ਵਿਦਿਆ ਪ੍ਰਾਪਤੀ ਦੀ ਪ੍ਰਬਲ ਇੱਛਾ ਸੀ।

ਇਸੇ ਕਰਕੇ ਉਸਨੇ ਜੰਗਲ ਵਿੱਚ ਜਾ ਕੇ ਦਰੋਣਾਚਾਰੀਆਂ ਦੀ ਇਕ ਮੂਰਤੀ ਬਣਾ ਲਈ ਤੇ ਉਸ ਤੋਂ ਆਦੇਸ਼ ਲੈ ਕੇ ਆਪਣੇ ਕੰਮ ਵਿੱਚ ਲੱਗ ਗਿਆ। ਜਿਸ ਵੇਲੇ ਉਹ ਆਪਣੀ ਮੇਹਨਤ ਨਾਲ ਆਪਣੇ ਕੰਮ ਵਿੱਚ ਤਰੱਕੀ ਕਰ ਰਿਹਾ ਸੀ ਤਾਂ ਉਸੇ ਸਮੇਂ ਅੰਦਰ ਅਰਜਨ ਜੋ ਉਸ ਸਮੇਂ ਦਰੋਣਾਚਾਰੀਆ ਦੇ ਮੁਤਾਬਿਕ ਇਕ ਬਹੁਤ ਹੀ ਕੁਸ਼ਲ ਤੀਰ ਅੰਦਾਜ ਸੀ ਦਰੋਣਾਚਾਰੀਆ ਦਾ ਉਹ ਵਧੀਆ ਸ਼ਿਸ਼ ਸੀ। ਦਰੋਣਾਚਾਰੀਆ ਉਸ ਨੂੰ ਕਹਿੰਦਾ ਹੈ ਕਿ ਜੋ ਵਿਦਿਆ ਮੈਂ ਤੈਨੂੰ ਸਿਖਾਈ ਹੈ ਉਹ ਹੋਰ ਕਿਸੇ ਕੋਲ ਨਹੀਂ ਹੈ ਇਸ ਲਈ ਤੂੰ ਹੀ ਸਰਵ ਸਰੇਸ਼ਟ ਤੀਰ ਅੰਦਾਜ ਹੈ ਪਰ ਜਦੋਂ ਜੰਗਲ ਵਿੱਚ ਘੁੰਮਦੇ ਘੁਮਾਉਂਦੇ ਉਹ ਇਕਲੱਵਿਆ ਦੇ ਆਸ਼ਰਮ ਦੇ ਕੋਲ ਗਏ ਤਾਂ ਕੀ ਦੇਖਦੇ ਹਨ ਕਿ ਇਕ ਕੁੱਤਾ ਜਿਸ ਦਾ ਮੂੰਹ ਤੀਰਾਂ ਦੇ ਨਾਲ ਪੂਰੀ ਤਰ੍ਹਾਂ ਬੰਦ ਕੀਤਾ ਹੋਇਆ ਸੀ ਉਹ ਵੀ ਬਿਨਾਂ ਖੂਨ ਵਹਾਏ ਤਾਂ ਅਰਜਨ ਝਟ ਆਪਣੇ ਗੁਰੂ ਨੂੰ ਕਹਿੰਦਾ ਹੈ ਕਿ ਉਹ ਦੇਖੋ ਤਾਂ ਦਰੋਣਾਚਾਰੀਆ ਵੀ ਦੇਖ ਕੇ ਹੈਰਾਨ ਰਹਿ ਜਾਂਦਾ ਹੈ ਅਰਜਨ ਕਹਿੰਦਾ ਹੈ ਕਿ ਤੁਸੀਂ ਮੈਨੂੰ ਇਹ ਵਿਦਿਆ ਨਹੀਂ ਸਿਖਾਈ। ਗੁਰੂ ਥੋੜਾ ਸ਼ਰਮਿੰਦਗੀ ਮਹਿਸੂਸ ਕਰ ਕਰਦਾ ਹੈ ਕਿ ਇਹ ਤਾਂ ਮੈਨੂੰ ਵੀ ਨਹੀਂ ਆਉਂਦੀ ਤਾਂ ਫਿਰ ਉਹ ਇਕਲਵਿਆ ਕੋਲ ਪਹੁੰਚ ਜਾਂਦੇ ਹਨ ਜਦੋਂ ਇਕਲੱਵਿਆ ਦਰੋਣਾਚਾਰੀਆ ਨੂੰ ਦੇਖਦਾ ਹੈ ਤਾਂ ਉਸ ਨੂੰ ਪ੍ਰਣਾਮ ਕਰਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਆਪਦੇ ਦਰਸ਼ਨ ਕਰਕੇ ਬਹੁਤ ਖੁਸ਼ ਹੋਇਆ ਹਾਂ ਤਾਂ ਦਰੋਣਾਚਾਰੀਆ ਪੁਛਦਾ ਹੈ ਕਿ ਇਹ ਵਿਦਿਆ ਤੈਨੂੰ ਕਿਸ ਨੇ ਸਿਖਾਈ ਤਾਂ ਇਕਲਵਿਆ ਕਹਿੰਦਾ ਹੈ ਕਿ ਆਪ ਨੇ।

ਇਹ ਸੁਣ ਕੇ ਅਰਜਨ ਅਤੇ ਦਰੋਣਾਚਾਰੀਆ ਹੈਰਾਨ ਹੋ ਜਾਂਦੇ ਹਨ ਤਾਂ ਇਕੱਲਵਿਆ ਆਪਣੀ ਸਾਰੀ ਕਹਾਣੀ ਦੱਸਦਾ ਹੈ ਕਿ ਕਿਸ ਤਰਾਂ ਆਪ ਨੇ ਮੈਨੂੰ ਆਪਣੇ ਆਸ਼ਰਮ ਵਿੱਚੋਂ ਬਾਹਰ ਕੱਢ ਦਿੱਤਾ ਸੀ। ਹੁਣ ਦਰੋਣਾਚਾਰੀਆ ਇਥੇ ਬੜੀ ਚਤੁਰਾਈ ਵਾਲਾ ਖੇਡ ਖੇਡਦਾ ਹੈ ਅਤੇ ਉਸ ਨੂੰ ਕਹਿੰਦਾ ਹੈ ਕਿ ਜੇਕਰ ਤੂੰ ਮੈਨੂੰ ਆਪਣੀ ਗੁਰੂ ਮੰਨਦਾ ਤਾਂ ਫਿਰ ਤੈਨੂੰ ਗੁਰੂ ਦੱਕਸ਼ਣਾ ਵੀ ਦੇਣੀ ਪਵੇਗੀ। ਇਕਲੱਵਿਆ ਇਕ ਭੋਲਾ ਭਾਲਾ ਭੀਲਾਂ ਦਾ ਲੜਕਾ ਜਿਸ ਨੂੰ ਆਪਣੇ ਗੁਰੂ ਦੇ ਛੱਲ ਕਪਟ ਬਾਰੇ ਰਤਾ ਵੀ ਸ਼ੱਕ ਨਹੀਂ ਸੀ। ਝਟ ਕਹਿੰਦਾ ਹੈ ਕਿ ਇਸ ਵੇਲੇ ਮੇਰੇ ਕੋਲ ਆਪ ਨੂੰ ਦੇਣ ਲਈ ਕੁਝ ਵੀ ਨਹੀਂ ਹੈ ਫਿਰ ਵੀ ਆਪ ਜੋ ਕਹੋਗੇ ਮੈਂ ਆਪਣੀ ਜਾਨ ਵੀ ਦੇਣ ਲਈ ਤਿਆਰ ਹਾਂ। ਤਾਂ ਦਰੋਣਾਚਾਰੀਆ ਨੇ ਕਿਹਾ, ਦੇਖ ਲੈ ਫਿਰ ਮੁਕਰ ਨਾ ਜਾਈ ਉਸ ਨੂੰ ਚੰਗੀ ਤਰਾਂ ਪੱਕਾ ਕਰਕੇ ਉਸ ਫਰੇਬੀ, ਚਾਲਬਾਜ ਜੋ ਕਿ ਗੁਰੂ ਕਹਾਉਣ ਦਾ ਹੱਕਦਾਰ ਨਹੀਂ ਸੀ ਉਸ ਨੇ ਕਿਹਾ ਕਿ ਆਪਣੇ ਸੱਜੇ ਹੱਥ ਦਾ ਅੰਗੂਠਾ ਮੈਨੂੰ ਦੇਦੇ। ਉਸ ਵੀਰ ਯੋਧੇ ਨੇ ਆਪਣੇ ਵਿਵੇਕ ਦਾ ਇਸਤੇਮਾਲ ਕੀਤੇ ਬਿਨਾਂ ਹੀ ਆਪਣੇ ਧੋਖੇਬਾਜ਼ ਗੁਰੂ ਦੀ ਗੱਲ ਮੰਨ ਕੇ ਆਪਣੇ ਸੱਜੇ ਹੱਥ ਦਾ ਅੰਗੂਠਾ ਕੱਟ ਦਿੱਤਾ ਉਹ ਇਸ ਗੱਲ ਨੂੰ ਵੀ ਭੁਲ ਗਿਆ ਕਿ ਇਸੇ ਅੰਗੂਠੇ ਨਾਲ ਤਾਂ ਤੀਰ ਚਲਾਇਆ ਜਾਂਦਾ ਹੈ। ਤਾਂ ਇਹ ਕਿਸ ਤਰਾਂ ਦਾ ਗੁਰੂ ਹੈ, ਉਸ ਨੇ ਇਹ ਵੀ ਨਹੀਂ ਸੋਚਿਆ ਕਿ ਇਨੇ ਸਮੇਂ ਤੋਂ ਜੋ ਮੇਹਨਤ ਕੀਤੀ ਹੈ ਉਸ ਦਾ ਕੀ ਬਣੇਗਾ। ਕੀ ਇਸ ਤਰਾਂ ਦੇ ਇਨਸਾਨ ਨੂੰ ਗੁਰੂ ਕਿਹਾ ਜਾ ਸਕਦਾ ਹੈ। ਕੀ ਇਸ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ ਸੀ ਪਰ ਕੀ ਅੱਜ ਅਛੂਤ ਲੋਕ ਅੱਜ ਦੇ ਦਰੋਣਾਚਾਰੀਆਂ ਦੀ ਪਛਾਣ ਨਹੀਂ ਕਰਨਗੇ ਕੀ ਇਸ ਤਰ੍ਹਾਂ ਦੇ ਧੋਖੇਬਾਜਾਂ ਦੇ ਪੁਤਲੇ ਨਹੀਂ ਫੂਕੇ ਜਾ ਸਕਦੇ। ਰਾਵਣ ਦਾ ਗੁਨਾਹ ਕੀ ਇਸ ਤੋਂ ਵੱਡਾ ਸੀ। ਰਾਵਣ ਬਾਰੇ ਤਾਂ ਕਿਹਾ ਜਾਂਦਾ ਹੈ ਕਿ ਜਦੋਂ ਹਨੂਮਾਨ ਲੰਕਾ ਗਿਆ ਤਾਂ ਦੇਖਦਾ ਹੈ ਕਿ ਇਹ ਉਹ ਬਹੁਤ ਸੁੰਦਰ ਸ਼ਹਿਰ ਹੈ ਇਸ ਤੋਂ ਪਤਾ ਲਗੱਦਾ ਹੈ ਕਿ ਰਾਵਣ ਦਾ ਰਾਜ ਬਹੁਤ ਵਧੀਆ ਸੀ ਉਹ ਇਹ ਬਹੁਤ ਹੀ ਇਮਾਨਦਾਰ ਬੋਧੀ ਰਾਜਾ ਸੀ ਇਸੇ ਕਰਕੇ ਉਸ ਦੇ ਪੁਤਲੇ ਫੂਕੇ ਜਾਂਦੇ ਹਨ। ਜੇਕਰ ਦਰੋਣਾਚਾਰੀਆ ਨੂੰ ਕਿਸੇ ਦਾ ਅੰਗ ਕੱਟਣ ਦੇ ਜ਼ੁਲਮ ਤੋਂ ਬਰੀ ਕੀਤਾ ਜਾ ਸਕਦਾ ਹੈ, ਇੰਦਰ ਨੂੰ ਬਲਾਤਕਾਰ, ਬ੍ਰਹਮਾ ਨੂੰ ਬਲਾਤਕਾਰ ਦੇ ਦੋਸ਼ ਤੋਂ ਮੁਕਤ ਕਰ ਦਿੱਤਾ ਗਿਆ, ਪਰ ਇਹਨਾਂ ਸਾਰਿਆਂ ਨੂੰ ਦੇਵਤੇ ਅਵਤਾਰ ਹੀ ਕਿਹਾ ਜਾਂਦਾ ਹੈ ਇਹਨਾਂ ਨੂੰ ਬਲਾਤਕਾਰੀ ਕਿਉਂ ਨਹੀਂ ਕਿਹਾ ਜਾਂਦਾ। ਇਹਨਾਂ ਦੇ ਪੁਤਲੇ ਕਿਉਂ ਨਹੀਂ ਫੂਕੇ ਜਾਂਦੇ। ਜੇਕਰ ਜ਼ੁਲਮ ਨੂੰ ਦੇਖਿਆ ਜਾਵੇ ਤਾਂ ਉਪਰੋਕਤ ਦੇਵਤਿਆਂ, ਅਵਤਾਰਾਂ ਦੇ ਅਪਰਾਧ ਨਾਲੋਂ ਰਾਵਣ ਦਾ ਅਪਰਾਧ ਤਾਂ ਬਹੁਤ ਛੋਟਾ ਸੀ ਪਰ ਉਸ ਦੇ ਪੁਤਲੇ ਫੂਕੇ ਜਾਂਦੇ ਹਨ ਕੀ ਉਸ ਸਮੇਂ ਜੋ ਵੱਧ ਅਪਰਾਧ ਕਰਦਾ ਸੀ ਉਸ ਨੂੰ ਦੇਵਤੇ ਦਾ ਰੁਤਬਾ ਦਿੱਤਾ ਜਾਂਦਾ ਸੀ ਜੇ ਇਸ ਦਾ ਉਤਰ ਹਾਂ ਵਿੱਚ ਹੈ ਤਾਂ ਫਿਰ ਠੀਕ ਹੈ ਜੇ ਕਰ ਇਸ ਦਾ ਉਤਰ ਨਾਂਹ ਵਿੱਚ ਹੈ ਤਾਂ ਫਿਰ ਰਾਵਣ ਨੂੰ ਛੱਡ ਕੇ ਉਪਰੋਕਤ ਦੇਵਤਿਆਂ ਅਵਤਾਰਾਂ ਦੇ ਹੀ ਪੁਤਲੇ ਫੂਕੇ ਜਾਣੇ ਚਾਹੀਦੇ ਹਨ।

# ਇਕ ਜਗਤਾਰ ਇਹ ਵੀ ਸੀ



ਪਰਬਿੰਦਰ ਸਿੰਘ
ਸੈਨ ਲੀਆਂਡਰੋ ਕੈਲੀਫੋਰਨੀਆ
1-209-328-3316

(ਤੀਜੀ ਅਤੇ ਆਖਰੀ ਕਿਸ਼ਤ)

ਅਖੀਰ ਉਪਰ ਮੈਂ ਜਗਤਾਰ ਦੇ ਕੁਝ ਚੋਣਵੇਂ ਸ਼ੇਅਰ ਦੇ ਰਿਹਾ ਹਾਂ, ਜਿਸ ਤੋਂ ਪਾਠਕ ਖੁਦ, ਜਗਤਾਰ ਦੀ ਸੋਚ ਦੀ ਅੰਦਾਜ਼ਾ ਲਗਾ ਸਕਦੇ ਹਨ।

ਰੋਜ਼ ਪੁੱਛਦੀ ਹੈ ਮੇਰੀ ਪਤਨੀ ਉਦਾਸੀ ਦਾ ਸਬੱਬ,
ਕੀ ਕਹਾਂ ਕਿ ਪਾਸ ਹੀ ਇਕ ਹੋਰ ਮੰਦਰ ਬਣ ਰਿਹੈ।
ਜ਼ਿੰਦਗੀ ਮੈਨੂੰ ਮਿਲੀ ਹੈ ਜਿਸ ਤਰ੍ਹਾਂ ਤੀਰਾਂ ਦੀ ਸੇਜ,
ਪਰ ਮੈਂ ਨਾ ਮਜਬੂਰ ਨਾ ਬੇਵੱਸ ਹਾਂ ਭੀਸ਼ਮ ਦੀ ਤਰ੍ਹਾਂ।
ਕਰਾਂਤੀ ਕੀ ਲਿਆਉਣੀ ਹੈ ਇਹਨਾਂ ਲੋਕਾਂ ਨੇ ਏਥੇ,
ਜਿਨ੍ਹਾਂ ਲੋਕਾਂ ਦਾ ਹਾਲੇ ਤੀਕ ਵੀ ਪਿੱਪਲ ਖੁਦਾ ਹੈ।

ਸੀ ਹਰ ਚਿਹਰਾ ਹੀ ਪਿਛਲੀ ਸਦੀ ਨੇ ਭਾਵੇਂ ਵਲੂੰਧਰਿਆ
ਬੜਾ ਚਾਅ ਫਿਰ ਵੀ ਹਰ ਇਕ ਨੂੰ ਨਵੀਂ ਸਦੀ ਦੇ ਆਗਮਨ ਦਾ ਸੀ

ਅੱਜਕਲ੍ਹ ਜ਼ਰਾ ਵੀ ਸਿਰ ਕਿਤੇ ਚੁਕਦੀ ਹੈ ਲਾਟ ਜੇ,
ਹੱਲਾ ਹਨੇਰ ਬੋਲਦੈ, ਝਟ ਉਸ ਮਕਾਨ 'ਤੇ।

ਹਥ ਦੁਆਵਾਂ 'ਚ ਉੱਠੇ ਹੀ ਪਥਰਾ ਗਏ
ਨਾ ਖੁਦਾ ਬਹੁੜਿਆ ਨਾ ਸ਼ਫਾ ਹੀ ਮਿਲੀ
ਹੋਰ ਕਿੰਨਾ ਕੁ ਚਿਰ ਸਰਦਲਾਂ 'ਤੇ ਭਲਾ
ਸਿਰ-ਵਿਹੂਣੇ ਧੜਾ ਦਾ ਬਸੇਰਾ ਰਹੂ।

ਰੋਸ਼ਨੀ ਦਾ ਕਿਵੇਂ ਦੌਰ ਹੋਇਆ ਭਲਾ?
ਸ਼ਹਿਰ ਦਰ ਸ਼ਹਿਰ ਜਦ ਗਹਿਰ ਹੈ ਦੋਸਤੋ।

ਕਤਲ ਕਰਵਾਏ ਸੀ ਮੇਰੇ ਯਾਰ ਜਿਹਨਾਂ ਨੇ ਕਦੇ,
ਉਹ ਬਦਲ ਕੇ ਭੇਸ ਅੱਜਕਲ੍ਹਦੇ ਰਹੇ ਨੇ ਦਿਲਬਰੀ।

ਤੋਤਾ, ਕਦੇ ਹੈ ਬਾਘ ਤੇ ਖਰਗੋਸ਼ ਹੈ ਕਦੇ
ਇਕ ਆਦਮੀ ਦੇ ਕੋਲ ਨੇ ਕਿੰਨੇ ਨਕਾਬ ਦੇਖ।

ਆਪਣਾ ਆਪਣਾ ਬੂਹਾ ਲਾ ਕੇ, ਲੋਕੀ ਅੰਦਰ ਬੈਠ ਰਹੇ,
ਇਸ ਮੌਸਮ ਦੇ ਸਰਦ ਵਤੀਰੇ ਦੀ ਗੱਲ ਕਿਸਦੇ ਨਾਲ ਕਰਾਂ।

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।
(ਇਹ ਸ਼ੇਅਰ ਜਗਤਾਰ ਨੇ ਦਰਸ਼ਨ ਖਟਕੜ ਨੂੰ ਨਵੇਂ ਵਰ੍ਹੇ ਦੇ ਕਾਰਡ ਉਪਰ ਲਿਖ ਭੇਜਿਆ ਸੀ, ਬਾਕੀ ਗਜ਼ਲ ਦੇ ਸ਼ੇਅਰ ਪਿੱਛੋਂ ਲਿਖੇ।)

ਜੁਦਾ ਹੋਇਆ ਤਾਂ ਹੋਵਾਂਗਾ ਜੁਦਾ ਖੁਸ਼ਬੂ ਤਰ੍ਹਾਂ ਤੈਥੋਂ,
ਨਿਭੀ ਤਾਂ ਰੰਗ ਵਾਂਗੂੰ ਆਖਰੀ ਦਮ ਤੱਕ ਨਿਭਾਵਾਂਗਾ।

ਰੱਖ ਕੇ ਹੱਥ ਲਾਟ 'ਤੇ ਖਾ ਕੇ ਅੱਗ ਦੀ ਕਸਮ,
ਸਾਥ ਜੀਆਂ ਮਰਾਂਗੇ ਕਿਹਾ ਸੀ ਜਿਨ੍ਹਾਂ
ਕੀ ਪਤਾ ਸੀ ਮੁਖਾਲਿਫ ਹਵਾ ਜਾ ਵਗੀ
ਇਸ ਤਰ੍ਹਾਂ ਬਰਫ ਦੇ ਵਾਂਗ ਠਰ ਜਾਣਗੇ।

ਮਕਬਰੇ ਢਾਹ ਕੇ ਵਸਾ ਦਿੱਤੀਆਂ ਨੇ ਭਾਵੇਂ ਬਸਤੀਆਂ,
ਰੂਹ ਸ਼ਾਹਾਂ ਦੀ ਅਜੇ ਪਰ ਜੀਉਂਦਿਆਂ ਨੂੰ ਖਾ ਰਹੀ।


ਉਹ ਬੜੇ ਸਾਹਿਬ ਲਈ ਫੜਦਾ ਹੈ ਅਕਸਰ ਮਛਲੀਆਂ,
ਉਸਦਾ ਕੀ ਹੈ ਉਹ ਜਦੋਂ ਚਾਹੇਗਾ ਦਫਤਰ ਆਏਗਾ।

ਜਿਸਨੂੰ ਤੇਰੇ ਜਿਸਮ ਦੀ ਜੰਜੀਰ ਨਾ ਅਟਕਾ ਸਕੀ
ਵਹਿਮ ਹੈ ਤੇਰਾ ਕਿ ਮੁੜਕੇ ਉਹ ਮੁਸਾਫਰ ਆਏਗਾ।

ਜ਼ਿੰਦਗੀ ਕੁਛ ਗ਼ਮ ਨਾ ਕਰ, ਇਹ ਕੁਝ ਵੀ ਕਰ ਜਾਵਾਂਗਾ ਮੈਂ,
ਤੂੰ ਜਦੋਂ ਚਾਹੇਂ ਤਿਰੇ ਕੋਲੋਂ ਗੁਜ਼ਰ ਜਾਵਾਂਗਾ ਮੈਂ।

ਚਿਪਕਿਆ ਹੋਵੇਗਾ ਪਿੱਠ 'ਤੇ ਨਿੰਦਿਆ ਦਾ ਇਸ਼ਤਿਹਾਰ,
ਉੱਠ ਕੇ ਜਿਗਰੀ ਦੋਸਤਾਂ 'ਚੋਂ ਜਦ ਵੀ ਘਰ ਜਾਵਾਂਗਾ ਮੈਂ।

ਔੜਾਂ ਦੇ ਮਾਰੇ ਬਿਰਛ ਦਾ
ਤਾਂ ਕੁਝ ਇਲਾਜ ਹੈ,
ਉਸਦਾ ਇਲਾਜ ਕੀ ਹੈ ਜੋ
ਵਰਖਾ 'ਚ ਸੜ ਗਿਆ।



ਆਇਆ ਸਮਾਂ ਤਾਂ ਯਾਰ
ਵੀ ਪੌੜੀ ਬਣਾ ਲਏ
ਪਹੁੰਚਾ ਹੈ ਕਿਸ ਮੁਕਾਮ
'ਤੇ ਉਹ ਹੇਰ ਫੇਰ ਨਾਲ।

ਸਾਹ ਨਾ ਭਾਵੇਂ ਲੈਣ ਦਿੱਤਾ
ਜਾਬਰਾਂ ਦੀ ਦਾਬ ਨੇ।
ਫੇਰ ਵੀ ਹਿੰਮਤ ਨਹੀਂ
ਹਾਰੀ ਕਦੇ ਪੰਜਾਬ ਨੇ।
ਮਰਦਿਆਂ ਦੇ ਮੂੰਹ ਕਦੀ
ਗੰਗਾ ਨੇ ਪਾਈ ਬੂੰਦ ਨਾ,
ਜ਼ਿੰਦਗੀ ਬਖਸ਼ੀ ਹੈ
ਖਦਰਾਣੇ ਦੀ ਐਪਰ ਢਾਬ
ਨੇ।

ਜ਼ਿੰਦਗੀ ਦੀ ਰਾਹ ਤੋਂ
ਮੁਸ਼ਕਿਲ ਨਹੀਂ ਹੈ ਪੁਲਸਰਾਤ,
ਹਰ ਕਦਮ ਇਕ ਹਾਦਸਾ ਹੈ ਹਰ ਕਦਮ ਇਕ ਮੌਤ ਹੈ।

ਕਿਸ ਤਰ੍ਹਾਂ ਆਪਣੇ ਗਰਾਂ ਅੱਜਕਲ੍ਹ ਉਤਰਦੀ ਸ਼ਾਮ ਲਿਖ
ਕੀ ਅਜੇ ਕੱਚੇ ਘਰਾਂ ਵਿਚ ਹੈ ਮੁਹੱਬਤ ਆਮ ਲਿਖ?

ਖੁਦਾ, ਮਜ਼ਹਬ, ਜ਼ਬਾਨਾਂ ਦੇ ਲਈ ਲੜਨਾ ਸਿਖਾਇਆ ਕਿਸ,
ਕੋਈ ਐਸਾ ਤਾਂ ਪੈਗੰਬਰ ਨਹੀਂ ਪੈਗੰਬਰਾਂ ਵਿਚ ਸੀ।

ਇਕ ਦਿਨ ਹਿਸਾਬ ਮੰਗਣਾ, ਲੋਕਾਂ ਨੇ ਇਸ ਲਹੂ ਦਾ,
ਤਾਕਤ 'ਚ ਮਸਤ ਦਿੱਲੀ ਹਾਲੇ ਤਾਂ ਬੇਖਬਰ ਹੈ।

ਹਨੇਰਾ ਹੀ ਹਨੇਰਾ ਸੀ ਕਿਤੇ ਚਾਨਣ ਜ਼ਰਾ ਨਾ ਸੀ।
ਖੁਦਾਵਾਂ ਦੇ ਨਗਰ ਵਿਚ ਸਭ ਖੁਦਾ ਸਨ ਪਰ ਖੁਦਾ ਨਾ ਸੀ।
ਸੜੇ ਤੀਲੇ, ਝੜੇ ਪੱਤੇ, ਡਰੇ ਮਾਲੀ, ਮਰੇ ਪੰਛੀ,
ਹਨੇਰੀ ਆਉਣਤੋਂਪਹਿਲਾਂ ਇਹ ਨਕਸ਼ਾ ਬਾਗ ਦਾ ਨਾ ਸੀ।

ਆਪਣੀ ਭਾਸ਼ਾ ਨੂੰ ਨਾ ਕਹੀਏ ਮਾਂ ਬੋਲੀ,
ਜੇ ਕੋਈ ਕਹੇ ਹਰਾਮੀ ਤਾਂ ਫਿਰ ਲੜਦੇ ਹਾਂ।

ਬੜੇ ਹੀ ਲੋਕ ਨੇ ਭੋਲੇ ਜੋ ਹਰ ਵਾਰੀ ਨੇ ਫਸ ਜਾਂਦੇ,
ਸਿਆਸਤ ਜਾਲ ਲਾ ਬੈਠੀ ਮਸੀਤਾਂ ਮੰਦਰਾਂ ਅੰਦਰ।

ਦੋਸਤਾਂ ਦੀ ਮੌਤ 'ਤੇ ਦੋ ਮਿੰਟ ਖਾਮੋਸ਼ੀ ਹੈ ਢੌਂਗ,
ਅੱਖ ਕਿਸੇ ਦੀ ਨਮ ਨਹੀਂ, ਹਿਰੇ ਕਿਸੇ 'ਤੇ ਗਮ ਨਹੀਂ।

ਫਿਕਰਾਂ ਦੇ ਕਿੱਲ ਜਿਸਮ 'ਚ ਥਾਂ-ਥਾਂ ਠੁਕੇ ਹੋਏ,
ਈਸਾ ਹਰੇਕ ਆਦਮੀ,
ਹਰ ਘਰ ਸਲੀਬ ਹੈ।

ਰੁਖਸਤੀ ਤੇਰੀ ਸੀ ਪਰ
ਹਰ ਇਕ ਨਜ਼ਰ ਮੇਰੇ 'ਤੇ
ਸੀ।
ਇਹ ਨਾ ਪੁੱਛ ਕਿ ਵਕਤ
ਭਾਰਾ, ਕਿਸ ਕਦਰ ਮੇਰੇ
'ਤੇ ਸੀ।

ਕਾਤਿਲਾਂ ਰਲਣਾ ਈ ਸੀ
ਸੋ ਰਲ ਗਏ ਸ਼ਾਹਾਂ ਦੇ
ਨਾਲ।
ਕਿਸ ਲਈ ਰਲੀਆਂ ਨੇ
ਦਰਗਾਹਾਂ ਕਤਲਗਾਹਾਂ ਦੇ
ਨਾਲ।
ਭਾਈ ਤਾਂ ਹੁੰਦੀਆਂ ਨੇ
ਬਾਹਾਂ, ਬੇਵਜ੍ਹਾ ਨਾ ਕਤਲ
ਕਰ,
ਜੇ ਪਿਆ ਮਿਲਨਾ ਮਿ-
ਲੇਂਗਾ ਕਿਹੜੀਆਂ ਬਾਹਾਂ
ਦੇ ਨਾਲ।
ਨਾ ਕਰਮ, ਨਾ ਧਰਮ ਦੀ ਇਹਨਾਂ ਤੋਂ ਕੋਈ ਆਸ ਰੱਖ,
ਬਦਸਲੂਕੀ ਕਰ ਰਹੇ ਜੋ ਲੋਕ ਦਰਗਾਹਾਂ ਦੇ ਨਾਲ।

ਪਰ ਤਾਂ ਲੈ ਆਇਐਂ ਸਜਾਵਟ ਦੇ ਲਈ, ਤਾਂ ਸੀ ਕਮਾਲ,
ਦਰਦ ਵੀ ਪੰਛੀ ਦਾ ਲੈ ਆਉਂਦਾ ਪਰਾਂ ਦੇ ਨਾਲ ਨਾਲ।

ਤੇਰੇ ਨਜ਼ਾਮ ਅੰਦਰ, ਜੇ ਰਾਮ ਰਾਜ ਹੈ ਤਾਂ
ਆਪਣੇ ਘਰਾਂ ਨੂੰ ਛੱਡ ਕੇ ਲੋਕੀ ਤੁਰੇ ਕਿਉਂ ਨੇ?

ਖੁਦਾ ਜਾਣੇ ਤੁਸੀਂ ਕਿਸ ਕੋਨ ਤੋਂ ਹੈ ਵੇਖਿਆ ਇਸਨੂੰ,
ਮੈਂ ਈਸਾ ਵਾਂਗ ਸੂਲੀ 'ਤੇ ਲਟਕਦੀ ਇਹ ਸਦੀ ਵੇਖੀ।

ਜੇ ਸਿਰ ਲੁਕਾਇਆ
ਤਾਂ ਪੈਰ ਨੰਗੇ, ਜੇ ਪੈਰ
ਕੱਜੇ ਤਾਂ ਸਿਰ
ਅਲਾਣਾ,
ਹੁਨਾਲ ਛਾਂ ਨਾ
ਸਿਆਲ ਬਾਲਣ, ਮੈਂ
ਐਸੇ ਐਸੇ ਵੀ
ਵਕਤ ਵੇਖੇ।

ਵਤਨ ਅਪਣਾ, ਨਾ
ਘਰ ਅਪਣਾ, ਇਹ
ਕੈਸਾ ਇਨਕਲਾਬ ਆਇਆ
ਜਦੋਂ ਵੀ ਬਦਲਿਆ ਮੌਸਮ, ਉਹ ਪਹਿਲੇ ਤੋਂ ਖਰਾਬ ਆਇਆ।

ਬੜਾ ਖੁਸ਼ ਏਂ ਤੂੰ ਮਸਜਿਦ ਢਾ ਕੇ ਆਪਣੇ 'ਰਾਮ ਰਾਜ' ਅੰਦਰ,
ਸਮਝ ਸਕਦਾ ਤੂੰ ਕਾਸ਼ ਅਪਣਾ ਤੇ ਉਸ ਬਾਬਰ ਦਾ ਅੰਤਰ ਵੀ।

ਹੋਇਆ ਲਹੂ ਲੁਹਾਣ ਮੈਂ ਦੇ ਦੇ ਕੇ ਦਸਤਕਾਂ
ਲੋਕੀ ਘਰਾਂ 'ਚ ਸਨ ਮਗਰ ਮੁਰਦਾਰ ਬਣ ਗਏ।

ਚਿੜੀਆਂ ਦੇ ਫੜਫੜਾਉਣ ਤੋਂ ਵੀ ਜੋ ਸੀ ਡਰ ਰਹੇ,
ਸ਼ਾਹਾਂ ਦੀ ਸ਼ਹਿ ਮਿਲੀ ਤਾਂ ਉਹ ਖੂੰਖਾਰ ਬਣ ਗਏ।

ਕੀ ਫਸਲਾਂ ਦਾ ਬਣੇਗਾ, ਹੈ ਖਬਰ ਚਿੜੀਆਂ ਨੂੰ ਹੋ ਚੁੱਕੀ,
ਇਹ ਰਖਵਾਲਾ ਨਹੀਂ ਫਸਲਾਂ ਦਾ, ਇਹ ਲੱਕੜ ਦਾ ਡਰਨਾ ਹੈ।

ਅਜੇ ਝੁੱਗੀਆਂ 'ਚ ਭੁੱਖਾਂ, ਬਸਤੀਆਂ ਵਿਚ ਲੋਕ ਨੰਗੇ ਨੇ
ਕਿਸੇ ਇਸ ਹਾਲ ਵਿਚ ਕੀ ਮੇਰੀਆਂ ਨਜ਼ਮਾਂ ਨੂੰ ਕਰਨਾ ਹੈ।

ਕਮਦਿਲਾਂ ਨੂੰ ਦਿਲ, ਨਪਰਿਆਂ ਪਰ ਦਈਂ।
ਯਾ ਖੁਦਾ ਸਭ ਬੇਘਰਾਂ ਨੂੰ ਘਰ ਦਈਂ।
ਹਰ ਸੁਹਾਗਣ ਦਾ ਰਹੇ ਜ਼ਿੰਦਾ ਸੁਹਾਗ,
ਉਮਰ ਲੰਘਦੀ ਜਾ ਰਹੀ ਨੂੰ ਵਰ ਦਈਂ।
ਤੋਤਲੇ ਬੋਲਾਂ ਦਾ ਰਾਖਾ ਖੁਦ ਬਣੀ,
ਖੌਫ਼ ਹਰ ਕਾਤਿਲ ਦੇ ਸੀਨੇ ਭਰ ਦਈਂ।
ਹਰ ਸਿਪਾਹੀ ਪਰਤ ਆਵੇ ਜੰਗ 'ਚੋਂ
ਖਾਕ ਚਿਹਰੇ ਫੇਰ ਰੋਸ਼ਨ ਕਰ ਦਈਂ।
ਸਾਰਿਆਂ ਦੇਸ਼ਾਂ ਨੂੰ ਬਖਸ਼ੀ ਤੂੰ ਅਮਨ,
ਸਭ ਗੁਲਾਮਾਂ ਨੂੰ ਸੁਤੰਤਰ ਕਰ ਦਈਂ।
ਸਭ ਮਰੀਜ਼ਾਂ ਨੂੰ ਮਿਲੇ ਸਬਰੋ-ਕਰਾਰ
ਮੁੱਦਤਾਂ ਦੇ ਜ਼ਖਮ ਸਾਰੇ ਭਰ ਦਈਂ।
ਬੇੜੀਆਂ ਤੇ ਝਾਂਜਰਾਂ ਤੋਂ ਇਸ ਵਰ੍ਹੇ,
ਮੁਕਤ ਕੈਦੀ, ਕਸਬੀਆਂ ਨੂੰ ਕਰ ਦਈਂ।
ਮੇਰੇ ਬੱਚਿਆਂ ਨੂੰ ਸਫ਼ਾ ਦੇ ਨਾਲ ਨਾ,
ਖੂਬਸੂਰਤ ਖਾਬ ਤੇ ਮੰਜ਼ਰ ਦਈਂ।
ਹੋ ਸਕੇ ਤਾਂ ਆਪਣੇ 'ਜਗਤਾਰ' ਦੇ,
ਦਰਦ, ਬਿਰਹਾ, ਤੁਹਮਤਾਂ ਸੰਬਰ ਦਈਂ।

# ਮਨੁੱਖ ਦੇ ਰਿਸ਼ਤਿਆਂ ਪ੍ਰਤੀ ਫਰਜ਼



ਮਾਸਟਰ
ਨਿਰਮਲ ਸਿੰਘ ਲਾਲੀ

ਫਰਜ਼ ਸ਼ਬਦ ਆਪ ਵਿਚ ਬਹੁਤ ਕੁਝ ਸਮਾਈ ਬੈਠਾ ਹੈ। ਜੇ ਕਿਤੇ ਮਨੁੱਖ ਸ਼ਬਦ ਫਰਜ਼ ਪ੍ਰਤੀ ਸੁਚੇਤ ਹੋ ਜਾਵੇ ਤਾਂ ਸਾਡੀਆਂ ਬਹੁਤ ਸਾਰੀਆਂ ਸਮੱਸਿਆਵਾਂ, ਬੇਚੈਨੀਆਂ ਅਤੇ ਪ੍ਰੇਸ਼ਾਨੀਆਂ ਹੱਲ ਹੋ ਸਕਦੀਆਂ ਹਨ। ਅਸੀਂ ਰਾਜਨੀਤੀ, ਧਰਮ ਅਤੇ ਵਿੱਦਿਆ ਆਦਿ ਦੇ ਖੇਤਰਾਂ ਪ੍ਰਤੀ ਫਰਜ਼ ਦੀ ਤਾਂ ਬਹੁਤ ਵਾਰੀ ਗੱਲਾਂ ਕਰਦੇ ਹਾਂ। ਪਰ ਮਨੁੱਖ ਆਪਣੇ ਪਰਿਵਾਰਕ ਮੁੱਢਲੇ ਫਰਜ਼ ਬਾਰੇ ਬਹੁਤ ਘੱਟ ਗੱਲ ਕਰਦਾ ਹੈ। ਫਰਜ਼ ਭਾਵੇਂ ਕਿਸੇ ਪ੍ਰਤੀ ਵੀ ਹੋਵੇ, ਅਸੀਂ ਆਪਣੇ ਫਰਜ਼ ਪ੍ਰਤੀ ਸੁਹਿਰਦ ਨਹੀਂ ਹੁੰਦੇ। ਫਰਜ਼ ਪ੍ਰਤੀ ਕੋਤਾਹੀ ਹੀ ਕਾਰਨ ਹੈ ਕਿ ਸਮਾਜ ਹੁਣ ਤੱਕ ਨਿਖਾਰ ਵੱਲ ਕਿਉਂ ਨਹੀਂ ਮੁੜਿਆ। ਜਦੋਂ ਕਿ ਸਮਾਜ ਨੂੰ ਸੁਧਾਰਨ ਲਈ ਇੰਨਾ ਕੁਝ ਹੋ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਬਹੁਤ ਥੋੜ੍ਹੇ ਬੰਦੇ ਹਨ, ਜਿਹੜੇ ਆਪਣੇ ਫਰਜ਼ ਪ੍ਰਤੀ ਸੁਹਿਰਦ ਹਨ।



ਅਸੀਂ ਗੱਲ ਕਰਨ ਜਾ ਰਹੇ ਹਾਂ ਕਿ ਮਨੁੱਖਤਾ ਦੇ ਘਰੇਗੀ ਰਿਸ਼ਤਿਆਂ ਦੀ। ਘਰੇਗੀ ਰਿਸ਼ਤਿਆਂ ਦਾ ਵੀ ਇਹੋ ਹਾਲ ਹੈ। ਜਿਵੇਂ ਸਿਆਣਿਆਂ ਦਾ ਕਥਨ ਹੈ ਕਿ ਸੌ ਦਾਰੂ ਇਕ ਘਿਓ ਅਤੇ ਸੌ ਚਾਚਾ ਦੇ ਇਕ ਪਿਓ। ਇਹ ਬਿਲਕੁਲ ਸੱਚ ਹੈ।

ਪਰ ਕਦੀ ਇਨ੍ਹਾਂ ਰਿਸ਼ਤਿਆਂ ਪ੍ਰਤੀ ਮਨੁੱਖ ਬਹੁਤ ਸੁਹਿਰਦ ਸੀ, ਜਿਹੜਾ ਕਿ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਹੁੰਦਾ ਸੀ। ਇਸੇ ਰਿਸ਼ਤਿਆਂ ਵਿਚ ਅਥਾਹ ਨਿੱਘ ਹੁੰਦਾ ਸੀ ਅਤੇ ਇਕ ਦੂਜੇ ਪ੍ਰਤੀ ਮਨੁੱਖ ਜਾਨ ਕੁਰਬਾਨ ਕਰਨ ਨੂੰ ਤਿਆਰ ਰਹਿੰਦਾ ਸੀ। ਪਰ ਅੱਜ ਇਨ੍ਹਾਂ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਅਤੇ ਇਹ ਪੁਰਾਣੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ। ਪਰ ਅਜੇ ਵੀ ਬੀਜ ਨਾਸ ਨਹੀਂ। ਕੁਝ ਪਰਿਵਾਰਾਂ ਅਤੇ ਮਨੁੱਖਾਂ ਨੇ ਇਸ ਪੁਰਾਣੇ ਸੱਭਿਆਚਾਰ ਨੂੰ ਸਾਂਭ ਕੇ ਰੱਖਿਆ ਹੋਇਆ ਹੈ ਅਤੇ ਰੱਖਣਾ ਵੀ ਚਾਹੀਦਾ ਹੈ।

ਸਾਨੂੰ ਜੜ੍ਹ ਨਾਲੋਂ ਟੁੱਟਣਾ ਨਹੀਂ ਚਾਹੀਦਾ। ਸਾਡੀਆਂ ਪੁਰਾਣੇ ਸੱਭਿਆਚਾਰ ਦੀਆਂ ਇਨ੍ਹਾਂ ਕਦਰਾਂ-ਕੀਮਤਾਂ ਵਿਚੋਂ ਮਨ ਨੂੰ ਜਿਹੜਾ ਸਕੂਨ, ਪ੍ਰਸੰਨਤਾ ਤੇ ਸ਼ਾਂਤੀ ਪ੍ਰਾਪਤ ਹੁੰਦੀ ਸੀ, ਉਸ ਦਾ ਆਨੰਦ ਵੀ ਅਪਣਾ ਹੀ ਹੁੰਦਾ ਸੀ। ਪੰਜਾਬੀਓ ਆਪਣਾ ਪੁਰਾਣਾ ਸੱਭਿਆਚਾਰ ਭੁਲਿਓ ਨਾ। ਜੇ ਭੁੱਲ ਜਾਓਗੇ ਤਾਂ ਮਿੱਟੀ ਵਿਚ ਰੁਲ ਜਾਓਗੇ।

ਸਭ ਤੋਂ ਪਹਿਲਾਂ ਅਸੀਂ ਦੇਖਦੇ ਹਾਂ ਕਿ ਇਕ ਮਨੁੱਖ ਦੇ ਜਾਂ ਇਹ ਕਹਿ ਲਵੋ ਕਿ ਪਤੀ-ਪਤਨੀ ਦੇ ਪਰਿਵਾਰਕ ਰਿਸ਼ਤੇ ਕੀ ਹਨ? ਕੀ ਅਸੀਂ ਇਨ੍ਹਾਂ ਰਿਸ਼ਤਿਆਂ ਨੂੰ ਨਿਭਾਉਣ ਵਿਚ ਕੋਈ ਯੋਗਦਾਨ ਪਾ ਰਹੇ ਹਾਂ? ਇਹ ਸਭ ਕੁਝ ਘਰ ਤੋਂ ਹੀ ਆਰੰਭ ਹੁੰਦਾ ਹੈ। ਭਾਵ ਮਾਤਾ-ਪਿਤਾ ਤੋਂ। ਇਹ ਰਿਸ਼ਤਾ ਸੌਖਾ ਨਹੀਂ, ਕਿਉਂਕਿ ਮਨੁੱਖ ਬਣ ਕੇ ਮਨੁੱਖਾਂ ਵਾਲਾ ਜੀਵਨ ਗੁਜ਼ਾਰਨਾ ਅਤਿ ਕਠਿਨ ਹੈ। ਪਹਾੜਾਂ ਉਤੇ ਚੜ੍ਹਨਾ ਔਖਾ ਹੈ, ਪਰ ਉਤਰਨਾ ਸੌਖਾ ਹੈ। ਇਸ ਦੇ ਲਈ ਸਭ ਕੁਝ ਮਨੁੱਖ ਨੂੰ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ। Where there is a will, There is a way

ਭਾਵ ਜਿੱਥੇ ਚਾਹ, ਉਥੇ ਰਾਹ। ਮਨੁੱਖ ਦਾ ਪਹਿਲਾ ਰਿਸ਼ਤਾ ਮਾਤਾ-ਪਿਤਾ ਦਾ ਹੁੰਦਾ ਹੈ, ਭਾਵ ਮਨੁੱਖ ਸਭ ਤੋਂ ਪਹਿਲਾਂ ਇਕ ਪੁੱਤਰ ਹੈ।

ਅੱਜ ਕੱਲ੍ਹ ਪੁੱਤਰ ਆਪਣੇ ਮਾਤਾ-ਪਿਤਾ ਪ੍ਰਤੀ ਕਿੰਨੇ ਕੁ ਸੁਹਿਰਦ ਹਨ ਅਤੇ ਮਾਤਾ-ਪਿਤਾ ਆਪਣੇ ਬੱਚਿਆਂ ਪ੍ਰਤੀ। ਅੱਜ ਮਾਤਾ-ਪਿਤਾ ਲਈ ਪੈਸਾ ਹੀ ਸਭ ਕੁਝ ਹੈ। ਦੋਨੋਂ ਧਿਰਾਂ ਹੀ ਸੁਹਿਰਦ ਨਹੀਂ। ਅੱਜ ਦੀਆ ਮਾਵਾਂ ਡਾਇਣਾਂ ਬਣ ਚੁੱਕੀਆਂ ਹਨ। ਬੱਚੇ ਕਾਲਜਾਂ ਅਤੇ ਯੂਨੀ-ਵਰਸਿਟੀਆਂ ਵਿਚ ਪੜ੍ਹਦੇ ਹਨ ਅਤੇ ਮਾਵਾਂ ਪਤੀਆਂ ਨੂੰ ਤਲਾਕ ਦੇ ਕੇ ਦੂਜਿਆਂ ਨਾਲ ਰੰਗਰਲੀਆਂ ਮਨਾ ਰਹੀਆਂ ਹਨ। ਪਰਚੇ ਵਿਚ ਖਬਰ ਛਪੀ ਹੈ ਕਿ ਮਾਂ ਨੇ ਪ੍ਰੇਮੀ ਨਾਲ ਮਿਲ ਕੇ ਪੁੱਤਰ ਨੂੰ ਮਰਵਾ ਦਿੱਤਾ ਹੈ। ਮਨੁੱਖ ਦੇ ਰਿਸ਼ਤਿਆਂ ਬਾਰੇ ਗੱਲ ਕਰ ਰਹੇ ਹਾਂ। ਮਨੁੱਖ ਦਾ ਦੂਜਾ ਰਿਸ਼ਤਾ ਭੈਣ-ਭਰਾ ਦਾ ਹੁੰਦਾ ਹੈ। ਇਸ ਰਿਸ਼ਤੇ ਤੋਂ ਬਾਅਦ ਮਨੁੱਖ ਦਾ ਰਿਸ਼ਤਾ ਪਤੀ-ਪਤਨੀ ਦਾ ਹੁੰਦਾ ਹੈ। ਇਸ ਤੋਂ ਬਾਅਦ ਰਿਸ਼ਤਾ ਪਿਤਾ ਦਾ ਹੁੰਦਾ ਹੈ। ਫਿਰ ਦਾਦੇ-ਪੜਦਾਦੇ ਦਾ ਰਿਸ਼ਤਾ ਹੁੰਦਾ ਹੈ। ਪਿਤਾ ਤੋਂ ਬਾਅਦ ਮਨੁੱਖ ਦਾ ਰਿਸ਼ਤਾ ਚਾਚੇ, ਤਾਏ ਅਤੇ ਮਾਮੇ ਦਾ ਹੁੰਦਾ ਹੈ। ਇਕ ਰਿਸ਼ਤਾ ਮਿੱਤਰ, ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ, ਗੁਰੂ ਚੇਲੇ ਦਾ ਅਤੇ ਇਕ ਪ੍ਰਮਾਤਮਾ ਤੇ ਭਗਤ ਦਾ ਰਿਸ਼ਤਾ ਹੁੰਦਾ ਹੈ। ਜਿਹੜਾ ਕਿ ਕਦੀ ਇਸ ਰਿਸ਼ਤੇ ਨੂੰ ਵੀ ਬਹੁਤ ਪਵਿੱਤਰ ਰਿਸ਼ਤਾ ਮੰਨਿਆ ਜਾਂਦਾ ਸੀ। ਇਸ ਤੋਂ ਬਾਅਦ ਮਨੁੱਖ ਦਾ ਰਿਸ਼ਤਾ ਸਹੁਰਿਆਂ ਵੱਲੋਂ ਜੁਆਈ, ਸਾਲਾ, ਭਣੋਈਆ ਅਤੇ ਫੁੱਫੜ ਦਾ ਹੁੰਦਾ ਹੈ। ਅੱਜ ਇਨ੍ਹਾਂ ਰਿਸ਼ਤਿਆਂ ਦੀ ਕੋਈ ਅਹਿ-ਮੀਅਤ ਨਹੀਂ ਰਹੀ। ਅਸੀਂ ਇਨ੍ਹਾਂ ਰਿਸ਼ਤਿਆਂ ਪ੍ਰਤੀ ਆਪਣਾ ਫਰਜ਼ ਨਿਭਾਉਣ ਵਿਚ ਕਿੰਨਾ ਕੁ ਸੁਹਿਰਦ ਹਾਂ। ਪਰ ਕਦੀ ਇਨ੍ਹਾਂ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ ਅਤੇ ਇਹਨਾਂ ਰਿਸ਼ਤਿਆਂ ਨੂੰ ਮਿਲ ਕੇ ਮਨੁੱਖ ਦੇ ਮਨ ਨੂੰ, ਕਿੰਨਾ ਸਕੂਨ, ਸ਼ਾਂਤੀ ਤੇ ਖੁਸ਼ੀ ਪ੍ਰਾਪਤ ਹੁੰਦੀ ਸੀ, ਜਿਹੜਾ ਕਿ ਅੱਜ ਇਹ ਸਭ ਕੁਝ ਅਲੋਪ ਹੋ ਰਿਹਾ ਹੈ। ਕਿਉਂਕਿ ਅੱਜ ਸਿਰਫ ਅੰਕਲ ਤੇ ਆਂਟੀ ਹੀ ਰਹਿ ਗਏ ਹਨ।

## ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਦੀ ਬਰਸੀ ਤੇ 09 ਅਕਤੂਬਰ, 2017 ਲਈ ਵਿਸ਼ੇਸ਼

# ਦਲਿਤਾਂ ਦੇ ਵਿਕਾਸ ਅਤੇ ਸਮਾਜਿਕ ਵਿਤਕਰੇ ਖਿਲਾਫ ਚਲਾਏ ਅਭਿਆਨ ਲਈ ਸਦਾ ਯਾਦ ਕੀਤਾ ਜਾਵੇਗਾ ਸਾਹਿਬ ਕਾਂਸ਼ੀ ਰਾਮ ਨੂੰ





ਕੁਲਦੀਪ ਚੰਦ
91-9417563054

ਸੰਸਾਰ ਦੇ ਕਈ ਦੇਸ਼ਾਂ ਵਿੱਚ ਨਸਲ, ਰੰਗ, ਧਰਮ, ਜਾਤ ਆਦਿ ਦੇ ਅਧਾਰ ਤੇ ਲੰਬਾ ਸਮਾਂ ਵਿਤਕਰਾ ਤੇ ਭੇਦਭਾਵ ਹੁੰਦਾ ਰਿਹਾ ਹੈ। ਭਾਰਤ ਵਿੱਚ ਵੀ ਸਦੀਆਂ ਤੱਕ ਜਾਤ ਅਧਾਰਤ ਭੇਦਭਾਵ ਕਾਇਮ ਰਿਹਾ ਹੈ ਅਤੇ ਦੇਸ਼ ਵਿੱਚ ਰਹਿਣ ਵਾਲੇ ਇੱਕ ਵਿਸ਼ੇਸ਼ ਵਰਣ ਦੇ ਲੋਕ ਅਪਣੇ ਹੀ ਦੇਸ਼ ਦੇ ਲੋਕਾਂ ਦੇ ਗੁਲਾਮ ਰਹੇ ਹਨ। ਇਸ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਅਤੇ ਇਸ ਸਮਾਜਿਕ ਢਾਂਚੇ ਨੂੰ ਬਦਲਣ ਲਈ ਮੁਹਿੰਮ ਚਲਾਈ ਹੈ। ਇਨ੍ਹਾਂ ਰਹਿਬਰਾਂ ਵਿੱਚ ਦਲਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਾਰ ਕਾਂਸ਼ੀ ਰਾਮ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰਸਟ ਦੇ ਚੇਅਰਮੈਨ ਅਤੇ ਬਾਬੂ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਅਤੇ ਭਾਣਜੇ ਰਵਿੰਦਰ ਸਿੰਘ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਬਾਬੂ ਕਾਂਸ਼ੀ ਰਾਮ ਦਾ ਜਨਮ 15 ਮਾਰਚ 1934 ਨੂੰ ਉਨ੍ਹਾਂ ਦੇ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਇਤਿਹਾਸਕ ਕਸਬਾ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਬਾਬੂ ਕਾਂਸ਼ੀ ਰਾਮ ਅਪਣੇ ਮਾਤਾ ਸਵਰਗੀ ਬਿਸ਼ਨ ਕੌਰ ਅਤੇ ਪਿਤਾ ਹਰੀ ਸਿੰਘ ਦੇ 7 ਬੱਚਿਆਂ ਵਿਚੋਂ ਸਭਤੋਂ ਵੱਡੇ ਸਨ। ਬਾਬੂ ਕਾਂਸ਼ੀ ਰਾਮ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ ਅਤੇ ਬਾਬੂ ਜੀ ਦੇ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਨਾਮ ਸਿੱਖ ਧਰਮ ਨਾਲ ਸਬੰਧਿਤ ਰੱਖਦੇ ਸਨ ਪ੍ਰੰਤੂ ਬਾਬੂ ਜੀ ਦਾ ਜਨਮ ਨਾਨਕੇ ਪਿੰਡ ਹੋਣ ਕਾਰਨ ਉਨ੍ਹਾਂ ਦਾ ਨਾਮ ਕਾਂਸ਼ੀ ਰਾਮ ਰੱਖਿਆ ਗਿਆ। ਉਨ੍ਹਾਂ ਦੇ ਨਾਨਾ ਜੀ ਦਾ ਨਾਮ ਸਾਹਿਬ ਦਿਤਾ ਸੀ ਅਤੇ ਉਨ੍ਹਾਂ ਦਾ ਬਾਬੂ ਜੀ ਦੇ ਜਨਮ ਤੋਂ ਪਹਿਲਾਂ ਹੀ ਸਵਰਗਵਾਸ ਹੋ ਚੁੱਕਾ ਸੀ। ਬਾਬੂ ਜੀ ਦੀ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ ਅਤੇ ਬਾਬੂ ਜੀ ਦੇ ਨਾਨਕੇ ਪਰਿਵਾਰ ਵਿੱਚ ਹੋਰ ਕੋਈ ਮਾਮਾ ਨਾਂ ਹੋਣ ਕਾਰਨ ਬਾਬੂ ਜੀ ਦਾ ਅਪਣੀ ਨਾਨੀ ਨਾਲ ਬਹੁਤ ਗੂੜ੍ਹਾ ਪਿਆਰ ਸੀ ਜਿਸ ਕਰਕੇ ਬਾਬੂ ਜੀ ਅਕਸਰ ਨਾਨਕੇ ਪਿੰਡ ਜਾਂਦੇ ਰਹਿੰਦੇ ਸਨ ਅਤੇ ਬਾਬੂ ਜੀ ਨੇ ਆਪਣਾ ਮਕਾਨ ਵੀ ਨਾਨਕੇ ਪਿੰਡ ਵਿੱਚ ਹੀ ਬਣਾਇਆ ਸੀ। ਬਾਬੂ ਕਾਂਸ਼ੀ ਰਾਮ ਨੇ ਲੱਖਾਂ ਅਛੂਤਾਂ ਵਾਂਗ ਅਛੂਤਾਂ ਨਾਂਲ ਹੋ ਰਹੇ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਬਾਬੂ ਕਾਂਸ਼ੀ ਰਾਮ ਨੇ ਮੁਢਲੀ ਪੜਾਈ ਪਿੰਡ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ ਵਿਗਿਆਨ ਵਿੱਚ ਗ੍ਰੈਜੂਏਸਨ ਕੀਤੀ। 1958 ਵਿੱਚ ਬਾਬੂ ਕਾਂਸ਼ੀ ਰਾਮ ਨੇ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਇਜ਼ੇਸ਼ਨ ਵਿੱਚ ਬਤੌਰ ਸਹਾਇਕ ਵਿਗਿਆਨੀ ਨੌਕਰੀ ਸ਼ੁਰੂ ਕੀਤੀ। 1965 ਵਿੱਚ ਉਨ੍ਹਾਂ ਨੇ ਅਪਣੇ ਅਦਾਰੇ ਵਿੱਚ ਹੋਰ ਸਟਾਫ ਮੈਂਬਰ ਦੀਨਾ ਭਾਨ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਦੇ ਜਨਮ ਦਿਵਸ ਸਬੰਧੀ ਛੁੱਟੀ ਨਾਂ ਹੋਣ ਕਾਰਨ ਰੋਸ ਪ੍ਰਦਰਸ਼ਨ ਕੀਤਾ। ਬਾਬੂ ਜੀ ਨੇ ਦੀਨਾ ਭਾਨ ਨਾਲ ਮਿਲਕੇ ਸੰਘਰਸ ਕਰਕੇ ਤੇ ਲੰਬੀ ਲੜਾਈ ਲੜਕੇ ਇਸ ਕੰਪਨੀ ਵਿੱਚ ਬਾਬਾ ਸਾਹਿਬ ਦੇ ਜਨਮ ਦਿਵਸ ਅਤੇ ਬੁੱਧ ਜਯੰਤੀ ਦੀ ਬੰਦ ਕੀਤੀ ਗਈ ਛੁੱਟੀ ਮੁੜ੍ਹ ਸ਼ੁਰੂ ਕਰਵਾਈ। ਬਾਬੂ ਜੀ ਨੇ ਇਸਤੋਂ ਬਾਦ 1971 ਵਿੱਚ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਅਪਣੇ ਸਾਥੀ ਦੀਨਾ ਭਾਨ ਨਾਲ ਮਿਲਕੇ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗਾਂ ਨਾਲ ਸਬੰਧਿਤ ਕਰਮਚਾਰੀਆਂ ਦੀ ਭਲਾਈ ਲਈ ਸੰਸਥਾ ਬਾਮਸੇਫ ਦੀ ਸਥਾਪਨਾ ਕੀਤੀ। ਆਦਿ ਧਰਮ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰ-ਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਦਲਿਤਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਬਾਬੂ ਜੀ ਨੇ ਅਪਣਾ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। ਬਾਬੂ ਜੀ ਨੇ ਦਲਿਤਾਂ ਨੂੰ ਇਸ ਦੇਸ਼ ਦੇ ਮੁਢਲੇ ਵਾਸੀ ਕਹਿਕੇ ਆਦਿ ਦਾ ਨਾਮ ਦਿਤਾ ਅਤੇ ਘੱਟ ਗਿਣਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਇਕੱਠੇ ਕਰਕੇ ਇੱਕ ਵੱਡੀ ਤਾਕਤ ਬਣਾਈ। ਉਨ੍ਹਾਂ ਨੇ ਮੌਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਜੋਕਿ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਮਹਾਤਮਾ ਗਾਂਧੀ ਵਿਚਕਾਰ ਇੱਕ ਸਮਝੋਤਾ ਸੀ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ। ਉਨ੍ਹਾਂ ਨੇ ਇਸ ਸਬੰਧੀ ਅਪਣੀ ਕਿਤਾਬ ਚਮਚਾ ਯੁੱਗ ਵਿੱਚ ਵਿਸਥਾਰ ਵਿੱਚ ਵਰਣਨ ਕੀਤਾ ਹੈ। ਬਾਬੂ ਜੀ ਨੇ ਦਲਿਤ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਕੁੱਝ ਸਾਥੀਆਂ ਨਾਲ ਸਾਇਕਲ ਯਾਤਰਾ ਕੀਤੀ ਅਤੇ ਜਾਗਰੂਕਤਾ ਅਭਿਆਨ ਚਲਾਇਆ। ਬਾਬੂ ਜੀ ਨੇ 06 ਦਸੰਬਰ, 1978 ਨੂੰ ਬੈਕਵਰਡ ਐਂਡ ਮਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ ਬਾਮਸੇਫ ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਨਾਮ ਦਾ ਸੰਗਠਨ ਤਿਆਰ ਕੀਤਾ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਮੌਕੇ 14 ਅਪ੍ਰੈਲ 1984 ਨੂੰ ਬਾਬੂ ਜੀ ਨੇ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਬਾਬੂ ਜੀ ਦੁਆਰਾ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜਨ ਸਮਝਣ ਦੇ ਤਜ਼ਰਬੇ ਨਾਲ ਬੀ ਐਸ ਪੀ ਰਾਸ਼ਟਰੀ




ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਤੀਜੇ ਨੰਬਰ ਤੇ ਪਹੁੰਚ ਗਈ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ 2.07 ਫਿਸਦੀ ਵੋਟਾਂ ਲਈਆਂ ਅਤੇ 3 ਲੋਕ ਸਭਾ ਮੈਂਬਰ ਬਣੇ। 1992 ਦੀਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਮੁੱਖ ਵਿਰੋਧੀ ਪਾਰਟੀ ਬਣੀ। 1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਬਾਬੂ ਜੀ ਆਪ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਪੰਜਾਬ ਦੇ ਲੱਖਾਂ ਦਲਿਤਾਂ ਲਈ ਇਹ ਮਾਣ ਵਾਲੀ ਗੱਲ ਸੀ ਕਿ ਜਿਸ ਹਲਕੇ ਵਿੱਚ 1926 ਵਿੱਚ ਆਦਿ ਧਰਮ ਮੁਹਿੰਮ ਦੀ ਸ਼ੁਰੂਆਤ ਬਾਬੂ ਮੰਗੂ ਰਾਮ ਮੂਗੋਵਾਲੀਆ ਨੇ ਕੀਤੀ ਸੀ ਅਤੇ ਉਸ ਵੇਲੇ ਦੇ ਪੰਜਾਬ ਦੀਆਂ ਲੱਗਭੱਗ 36 ਜਾਤਾਂ ਦੇ ਪ੍ਰਤੀਨਿਧੀਆਂ ਨੇ ਮਿਲਕੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਸੀ ਉਸ ਇਲਾਕੇ ਤੋਂ ਹੀ ਲੱਗਭੱਗ 50 ਸਾਲ ਬਾਦ 1996 ਵਿੱਚ ਦਲਿਤ ਆਗੂ ਬਾਬੂ ਕਾਂਸ਼ੀ ਰਾਮ ਲੋਕ ਸਭਾ ਚੋਣ ਲੜੇ ਤੇ ਲੋਕ ਸਭਾ ਮੈਂਬਰ ਬਣੇ। ਆਦਿ ਧਰਮ ਮੁਹਿੰਮ ਦੇ 75 ਸਾਲ ਪੂਰੇ ਹੋਣ ਤੇ 18 ਫਰਵਰੀ 2001 ਨੂੰ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਬਾਬੂ ਕਾਂਸ਼ੀ ਰਾਮ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। 1998 ਵਿੱਚ ਬਾਬੂ ਜੀ ਨੇ ਇਹ ਵਾਅਦਾ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਉਸਤੋਂ ਬਾਦ ਬਹੁਜਨ ਸਮਾਜ ਪਾਰਟੀ ਬੇਸੱਕ ਪੰਜਾਬ ਵਿੱਚ ਪੂਰੀ ਤਰਾਂ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ। ਬਾਬੂ ਕਾਂਸ਼ੀ ਰਾਮ ਜੋ ਕਿ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। 2003 ਵਿੱਚ ਬਾਬੂ ਜੀ ਦੀ ਹਾਲਤ ਹੋਰ ਜਿਆਦਾ ਖਰਾਬ ਹੋ ਗਈ ਅਤੇ 2004 ਤੋਂ ਬਾਦ ਬਾਬੂ ਜੀ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਅੰਤ ਬਾਬੂ ਜੀ ਲੰਬੀ ਬਿਮਾਰੀ ਬਾਦ ਮਿਤੀ ਅੱਜ ਦੇ ਦਿਨ 09 ਅਕਤੂਬਰ 2006 ਨੂੰ ਸਦੀਵੀ ਵਿਛੋੜਾ ਦੇ ਗਏ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਬਾਬੂ ਜੀ ਦੀ ਯਾਦ ਵਿੱਚ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਇੱਕ ਯਾਦਗਾਰ ਬਣਾਈ ਗਈ ਹੈ ਜਿਸ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ। ਵਰਣਨਯੋਗ ਹੈ ਕਿ ਇਸਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਬਾਬੂ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ। ਸਮੇਂ ਸਮੇਂ ਤੇ ਸਮਾਜਿਕ, ਧਾਰਮਿਕ ਅਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਹੋਰ ਆਗੂ ਬਾਬੂ ਜੀ ਦੇ ਨਾਮ ਤੇ ਬਣਾਏ ਗਏ ਟਰੱਸਟ ਵਿੱਚ ਜਾਂਦੇ ਹਨ ਅਤੇ ਬਾਬੂ ਜੀ ਦੇ ਸੰਘਰਸ਼ਮਈ ਜੀਵਨ ਤੋਂ ਸੇਧ ਲੈਂਦੇ ਹਨ।

# ਪੁਸਤਕਾਂ ਨਾਲ ਸਾਂਝ ਸੁਰਗਾਂ ਦਾ ਰਾਹ



ਸਤਨਾਮ ਸਿੰਘ ਕੈਂਥ
91-99880-47124

ਜਦੋਂ ਵੀ ਸਿੱਖਿਆ ਗ੍ਰਹਿਣ ਕਰਨ ਦੀ ਗੱਲ ਤੁਰਦੀ ਹੈ ਤਾਂ ਗਿਆਨ ਦਾ ਸਾਗਰ ਪੁਸਤਕਾਂ ਦਾ ਜ਼ਿਕਰ ਜ਼ਰੂਰ ਹੁੰਦਾ ਹੈ ਕਿਉਂਕਿ ਇਸੇ ਸਾਗਰ ਦੀਆਂ ਲਹਿਰਾਂ ਵਿੱਚ ਡੁਬਕੀਆਂ ਲਗਾਉਂਦਾ ਹੋਇਆ ਇੱਕ ਵਿਦਿਆਰਥੀ ਆਪਣੇ ਗਿਆਨ ਦੇ ਚੌਗਿਰਦੇ ਨੂੰ ਵਿਸ਼ਾਲ ਕਰਦਾ ਹੈ ਤੇ ਜ਼ਿੰਦਗੀ ਵਿੱਚ ਸਫ਼ਲਤਾ ਹਾਸਿਲ ਕਰਦਾ ਹੈ। ਅਸਲ ਵਿੱਚ ਪੁਸਤਕਾਂ ਵਿਦਿਆਰਥੀ ਦੀ ਪਹਿਚਾਣ ਹਨ ਤੇ ਇੱਕ ਵਿਦਿਆਰਥੀ ਪੁਸਤਕਾਂ ਤੋਂ ਬਿਨਾਂ ਅਧੂਰਾ ਹੈ।ਇੱਕ ਚੰਗੇ ਵਿਦਿਆਰਥੀ ਕੋਲ ਦੁਨੀਆਂ ਦੀ ਕੋਈ ਵੀ ਐਸ਼ੋ-ਆਰਾਮ ਦੀ ਵਸਤੂ ਹੋਵੇ ਜਾਂ ਨਾ ਹੋਵੇ ਪਰੰਤੂ ਉਸ ਕੋਲ ਚੰਗੀਆਂ ਪੁਸਤਕਾਂ ਦਾ ਅਨਮੋਲ ਖਜ਼ਾਨਾ ਜ਼ਰੂਰ ਹੋਵੇਗਾ।ਇਹ ਅਨਮੋਲ ਖਜ਼ਾਨਾ ਹੀ ਵਿਦਿਆਰਥੀ ਦੀ ਪ੍ਰਤਿਭਾ ਨੂੰ ਤਰਾਸ਼ਦਾ ਹੈ,ਪਰ ਅਜੋਕੇ ਸਮੇਂ ਦੇ ਹਾਲਾਤ ਇਸਤੋਂ ਉਲਟ ਬਣਦੇ ਜਾ ਰਹੇ ਹਨ।

ਅਜੋਕੇ ਸਮੇਂ ਵਿੱਚ ਜਦੋਂ ਵਿਦਿਆਰਥੀ ਸਕੂਲਾਂ ਵਿੱਚ ਪੜ੍ਹਨ ਲਈ ਜਾਂਦੇ ਹਨ ਤਾਂ ਉਹਨਾਂ ਦੇ ਬਸਤਿਆਂ ਵਿੱਚ ਮੋਬਾਈਲ ਫੋਨ ਜਾਂ ਹੋਰ ਕਈ ਤਰ੍ਹਾਂ ਦੇ ਇਲੈਕਟ੍ਰੋਨਿਕ ਉਪ-ਕਰਨ ਤਾਂ ਜ਼ਰੂਰ ਹੋਣਗੇ ਪਰੰਤੂ ਪੁਸਤਕਾਂ ਦਾ ਨਾਮੋ ਨਿਸ਼ਾਨ ਨਹੀਂ ਹੁੰਦਾ। ਜੇ ਕੁਝ ਪੁਸਤਕਾਂ ਹੁੰਦੀਆਂ ਵੀ ਹਨ ਤਾਂ ਉਹ ਸਿਰਫ ਖਾਨਾਪੂਰਤੀ ਲਈ ਹੀ ਹੁੰਦੀਆਂ ਹਨ, ਜਿਨ੍ਹਾਂ ਦਾ ਅਧਿਐਨ ਤੇ ਸੰਭਾਲ ਦੀ ਥੋੜੀ ਜਿਹੀ ਚਿੰਤਾ ਵੀ ਵਿਦਿਆਰਥੀਆਂ ਨੂੰ ਨਹੀਂ ਹੁੰਦੀ। ਜਿਵੇਂ - ਜਿਵੇਂ ਸਾਡਾ ਦੇਸ਼ ਤਰੱਕੀ ਕਰਦਾ ਜਾ ਰਿਹਾ ਹੈ, ਪੱਛਮੀ ਸੱਭਿਅਤਾ ਦਾ ਬੋਲਬਾਲਾ ਵੀ ਵਧਦਾ ਜਾ ਰਿਹਾ ਹੈ।ਪੱਛਮੀ ਸੱਭਿਅਤਾ ਦੀ ਬਹੁਤਾਤ ਕਾਰਨ ਹੀ ਅੱਜ ਵਿਦਿਆਰਥੀ ਫੇਸਬੁੱਕ, ਵਟਸਐਪ ਜਾਂ ਹੋਰ ਕਈ ਤਰ੍ਹਾਂ ਦੀਆਂ ਸੋਸ਼ਲ ਸਾਈਟਸ ਦੀ ਵਰਤੋ ਕਰਨ ਲੱਗ ਪਏ ਹਨ। ਬੱਚਿਆਂ ਦੀ ਪੁਸਤਕਾਂ ਨਾਲੋਂ ਟੁੱਟ ਰਹੀ ਸਾਂਝ ਤੇ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਵਧ ਰਹੀ ਫੈਸ਼ਨਪ੍ਰਸ਼ਤੀ ਲਈ ਆਖ਼ਿਰ ਜ਼ਿੰਮੇਵਾਰ ਕੌਣ ਹੈ? ਕੀ ਅਸੀਂ ਇੰਨੇ ਵਿਕਸਿਤ ਹੋ ਚੁੱਕੇ ਹਾਂ ਕਿ ਸਾਡੀ ਸਿੱਖਿਆ ਪ੍ਰਣਾਲੀ ਪੱਛਮੀ ਸਿੱਖਿਆ ਪ੍ਰਣਾਲੀ ਦਾ ਮੁਕਾਬਲਾ ਕਰਨ ਯੋਗ ਹੋ ਗਈ ਹੈ।ਇਸ ਗੱਲ ਤੇ ਵਿਚਾਰ ਕਰਨ ਦੀ ਜ਼ਰੂਰਤ ਹੈ।

ਮਹਾਨ ਲੇਖਕਾਂ ਦੁਆਰਾ ਲਿਖੀਆਂ ਪੁਸਤਕਾਂ ਸਦੀਵੀ ਮਹੱਤਤਾ ਰੱਖਦੀਆਂ ਹਨ ਅਤੇ ਇਹ ਸਦੀਆਂ ਤੋਂ ਮਨੁੱਖੀ ਬੁੱਧੀ ਤੇ ਬਲ ਦੇ ਵਿਕਾਸ ਵਿੱਚ ਹਿੱਸਾ ਪਾਉਂਦੀਆਂ ਆਈਆਂ ਹਨ। ਸਾਡੇ ਦੇਸ਼ ਵਿੱਚ ਵੇਦ, ਉਪਨਿਸ਼ਦ, ਗੀਤਾ, ਰਾਮ ਚਰਿਤ ਮਾਨਸ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੇ ਆਰਥਿਕ ਵਿਕਾਸ ਵਿੱਚ ਹਿੱਸਾ ਪਾਉਣ ਵਾਲੀਆਂ ਮਹੱਤਵਪੂਰਣ ਕਿਰਤਾਂ ਹਨ। ਕੁਰਾਨ ਸ਼ਰੀਫ ਵਰਗੇ ਪਵਿੱਤਰ ਗ੍ਰੰਥ ਵਿੱਚ ਦਰਜ਼ ਅਨਮੋਲ ਵਚਨ "ਯਾ ਖ਼ੁਦਾ, ਮੇਰੇ ਗਿਆਨ ਵਿੱਚ ਵਾਧਾ ਕਰ" ਸਾਡਾ ਮਾਰਗ ਦਰਸ਼ਨ ਕਰਦੇ ਹਨ। ਹਜ਼ਰਤ ਮੁਹੰਮਦ ਸਾਹਿਬ ਨੇ ਤਾਂ ਇੱਥੋਂ ਤੱਕ ਆਖ ਦਿੱਤਾ ਸੀ ਕਿ ਲੇਖਕਾਂ ਦੀ ਸ਼ਿਆਹੀ ਸ਼ਹੀਦਾਂ ਦੇ ਲਹੂ ਦੇ ਕਤਰਿਆਂ ਤੋਂ ਵਧੇਰੇ ਪਾਕ ਹੈ।


ਇਸ ਲਈ ਪੁਸਤਕਾਂ ਵਿਚਲਾ ਸਾਹਿਤ ਹਰ ਕੋਨੇ ਨੂੰ ਰੋਸ਼ਨ ਕਰਦਾ ਹੈ। ਇਸੀ ਤਰ੍ਹਾਂ ਕਾਲੀਦਾਸ, ਹੋਮਰ, ਸ਼ੈਕਸਪੀਅਰ, ਬੇਕਨ, ਵਾਰਸ਼ ਸ਼ਾਹ, ਟਾਲਸਟਾਏ, ਚਾਰਲਸ ਡਿਕਨਜ਼, ਭਾਈ ਵੀਰ ਸਿੰਘ, ਨਾਨਕ ਸਿੰਘ, ਮੁਨਸ਼ੀ ਪ੍ਰੇਮ ਚੰਦ ਤੇ ਰਵਿੰਦਰ ਨਾਥ ਟੈਗੋਰ ਦੀਆਂ ਕਿਰਤਾਂ ਮਨੁੱਖੀ ਜੀਵਨ ਖਾਸ ਤੌਰ ਤੇ ਵਿਦਿਆਰਥੀ ਜੀਵਨ ਲਈ ਅੰਮ੍ਰਿਤ ਦੇ ਸੋਮੇ ਸਮਾਨ ਹਨ। ਇਸ ਅੰਮ੍ਰਿਤ ਦੇ ਸੋਮੇ ਦੀਆਂ ਬੂੰਦਾਂ ਨਾਲ ਹੀ ਵਿਦਿਆਰਥੀਆਂ ਅੰਦਰ ਚੰਗੇ ਚਰਿੱਤਰ ਦਾ ਨਿਰਮਾਣ ਸੰਭਵ ਹੈ। ਪਰ ਦੁੱਖ ਇਸ ਗੱਲ ਦਾ ਹੈ ਕਿ ਇਨ੍ਹਾਂ ਕਿਰਤਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਹੀ ਨਹੀਂ ਕੀਤਾ ਜਾ ਰਿਹਾ। ਬਚਪਨ ਵਿੱਚ ਹੀ ਜਦੋਂ ਮਾਂ-ਬਾਪ ਆਪਣੇ ਬੱਚੇ ਦੇ ਹੱਥ ਵਿੱਚ ਪੁਸਤਕ ਦੀ ਥਾਂ ਵੀਡੀਓ ਗੇਮਸ, ਟੇਬਲਟ ਵਰਗੇ ਉਪਕਰਨ ਦੇ ਦੇਣ ਤਾਂ ਸੁਭਾਵਿਕ ਹੈ ਕਿ ਉਹਨਾਂ ਦੀ ਸਾਂਝ ਪੁਸਤਕਾਂ ਨਾਲ ਪੈਣੀ ਸੰਭਵ ਨਹੀਂ।

ਬਾਲ ਗੰਗਾਧਰ ਤਿਲਕ ਅਕਸਰ ਕਿਹਾ ਕਰਦੇ ਸਨ,"ਮੈਂ ਨਰਕ ਵਿੱਚ ਵੀ ਚੰਗੀਆਂ ਪੁਸਤਕਾਂ ਦਾ ਸਵਾਗਤ ਕਰਾਂਗਾ" ਕਿਉਂਕਿ ਉਹਨਾਂ ਵਿੱਚ ਇਹ ਸ਼ਕਤੀ ਹੈ ਕਿ ਜਿੱਥੇ ਵੀ ਇਹ ਹੋਣਗੀਆਂ, ਉੱਥੇ ਹੀ ਸਵਰਗ ਬਣ ਜਾਏਗਾ।ਪੁਸਤਕਾਂ ਸਾਡਾ ਅਮੀਰ ਤੇ ਮਾਣ-ਮੱਤਾ ਵਿਰਸਾ ਹਨ। ਚੰਗੀਆਂ ਪੁਸਤਕਾਂ ਅੰਦਰ ਕਿਸੇ ਨਾ ਕਿਸੇ ਕੌਮ ਦੀਆਂ ਅਮਰ ਯਾਦਾਂ ਸਾਂਭੀਆਂ ਹੁੰਦੀਆਂ ਹਨ।ਇਹ ਅਮਰ ਯਾਦਾਂ ਹੀ ਵਿਦਿਆਰਥੀਆਂ ਅੰਦਰ ਉਸਾਰੂ ਸ਼ਕਤੀ ਅਤੇ ਭਰਪੂਰ ਉਤਸ਼ਾਹ ਦੀ ਸ਼ਮਾਂ ਰੋਸ਼ਨ ਕਰੀ ਰੱਖਦੀਆਂ ਹਨ।

ਚੰਗੀਆਂ ਪੁਸਤਕਾਂ ਪੜ੍ਹਨਾ ਸਿਰਫ ਗਿਆਨ ਨੂੰ ਵਧਾਉਣਾ ਹੀ ਨਹੀਂ ਸਗੋਂ ਇਹ ਇੱਕ ਅਜਿਹੀ ਆਨੰਦਮਈ ਸਰਗਰਮੀ ਹੈ ਜਿਸ ਨਾਲ ਵਿਹਲੇ ਸਮੇਂ ਨੂੰ ਵਰਤੋ ਵਿੱਚ ਲਿਆਂਦਾ ਜਾ ਸਕਦਾ ਹੈ। ਚੰਗੀਆਂ ਪੁਸਤਕਾਂ ਤਾਂ ਰੂਹ ਦੀ ਖੁਰਾਕ ਹਨ ਜਿਸ ਨਾਲ ਰੂਹ ਖਿੜ ਉੱਠਦੀ ਹੈ।

ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਵੱਲ ਰੁਚਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿੱਚ ਵੀ ਪੁਸਤਕ ਘਰ ਖੋਲ੍ਹੇ ਜਾਣ ਤਾਂ ਜੋ ਵਿਦਿਆਰਥੀਆਂ ਦਾ ਰੁਝਾਨ ਪੁਸਤਕਾਂ ਵੱਲ ਵਧ ਸਕੇ।

ਉਂਜ, ਆਪਣੀ ਸਮਰੱਥਾ ਅਨੁਸਾਰ ਹਰ ਘਰ ਦੀ ਆਪਣੀ ਵੀ ਇੱਕ ਨਿੱਜੀ ਲਾਇਬਰੇਰੀ ਹੋਣੀ ਚਾਹੀਦੀ ਹੈ ਕਿਉਂਕਿ ਚੰਗੀਆਂ ਪੁਸਤਕਾਂ ਘਰ ਨੂੰ ਸਵਰਗ ਬਣਾ ਸਕਦੀਆਂ ਹਨ, ਜੀਵਨ ਵਿੱਚ ਇਨਕਲਾਬੀ ਤਬਦੀਲੀਆਂ ਲਿਆ ਸਕਦੀਆਂ ਹਨ। ਅਸਲ ਵਿੱਚ ਚੰਗੀਆਂ ਪੁਸਤਕਾਂ ਉਸ ਦੋਸਤ ਵਾਂਗ ਹਨ ਜੋ ਕਿਸੇ ਚੀਜ਼ ਦੀ ਮੰਗ ਨਾ ਕਰਦਾ ਹੋਇਆ ਨਿਰੰਤਰ ਗਿਆਨ ਵਿੱਚ ਵਾਧਾ ਕਰਨ ਵਿੱਚ ਸਹਾਈ ਹੋ ਸਕਦਾ ਹੈ। ਬੱਸ ਲੋੜ ਹੈ ਤਾਂ ਇਸ ਦੋਸਤ ਨਾਲ ਦਿਲੋਂ ਸਾਂਝ ਪਾਉਣ ਦੀ।


CHARDA PUNJAB CLUB
Sacramento, CA
in association with
TRANSPORT XPRESS
presents
Punjab Lokrang's
ਹੁਕਮੋਂ ਦੀ ਹਵੇਲੀ
Hukmo di Haveli
A Punjabi Drama
Written & Directed By Surinder Singh Dhanoa
A Story of Love and Revenge ...
Date: Saturday, October 7, 2017
Time: Doors Open 6:00 PM (Show Starts 7:00 PM)
Tickets: $25 (First Come First Serve)
Venue: Granite Bay High School, 1 Grizzzly Way, Granite Bay CA 95746
www.punjablokrang.org
For more information call Lucky Ghuman (916) 273-2392, Virsa Singh Gill (916) 949-6205, Baljinder Singh Johal (916) 217-9294




# ਬਾਲੀਵੁੱਡ ਦੀਆਂ ਖ਼ੂਬਸੂਰਤ ਜੋੜੀਆਂ, ਜਿਹਨਾਂ ਨੂੰ ਰੱਬ ਨੇ ਨਹੀਂ, ਦਰਸ਼ਕਾਂ ਨੇ ਬਣਾਇਆ

ਜਦੋਂ ਵਿਆਹ ਦੀ ਗੱਲ ਆਉਂਦੀ ਹੈ ਤਾਂ ਕਹਿੰਦੇ ਹਨ ਕਿ ਜੋੜੀਆਂ ਰੱਬ ਬਣਾਉਂਦਾਹੈ ਪਰ ਜਦੋਂ ਪਰਦੇ ਤੇ ਜੋੜੀ ਬਣਾਉਣ ਦੀ ਗੱਲ ਚਲਦੀ ਹੈ ਤਾਂ ਇਸਦਾ ਫੈਸਲਾ ਬਾਕਸ ਆਫਿਸ ਕਰਦਾ ਹੈ। ਹਰ ਸ਼ੁੱਕਰਵਾਰ ਇਹਨਾਂ ਜੋੜੀਆਂ ਦੀ ਕਿਸਮਤ ਤਹਿ ਹੁੰਦੀ ਹੈ, ਟੁੱਟੇਗੀ ਜਾਂ ਆਉਣ ਵਾਲੇ ਵਕਤ ਵਿਚ ਬਣੀ ਰਹੇਗੀ, ਫਿਲਮ ਦੀ ਕਾਮਯਾਬੀ ਇਹ ਤਹਿ ਕਰਦੀ ਹੈ। ਪਰ ਕੁਝ ਜੋੜੀਆਂ ਅਜਿਹੀਆਂ ਬਣਜਾਂਦੀਆਂ ਹਨ, ਜਿਹਨਾਂ ਦੀ ਕੋਸ਼ਿਸ਼ ਵਕਤ ਦੀ ਰਫਤਾਰ ਵੀ ਘੱਟ ਨਹੀਂ ਕਰ ਪਾਉਂਦੀ।

'ਸ਼ੁਭ ਮੰਗਲ ਸਾਵਧਾਨ' ਵਿਚ ਅਯੁਸ਼ਮਾਨ ਖੁਰਾਣਾ ਅਤੇ ਭੂਮੀ ਪੇਡਨੇਕਰ ਕਾਮਯਾਬ ਜੋੜੀਆਂ ਵਿਚ ਸ਼ਾਮਲ ਹੋ ਚੁੱਕੀਆਂ ਹਨ। ਦੋਵਾਂ ਨੇ 'ਦਮ ਲਗਾ ਕੇ ਹਾਈਸ਼ਾ' ਤੋਂ ਬਾਲੀਵੁੱਡ ਵਿਚ ਐਂਟਰੀ ਕੀਤੀ ਸੀ। ਫਿਲਮ ਹਿੱਟ ਰਹੀ ਅਤੇ ਜੋੜੀ ਵੀ ਹਿੱਟ ਹੋ ਗਈ। ਹਿਸ ਤੋਂ ਬਾਅਦ ਦੋਵੇਂ 'ਮਨਮਰਜੀਆਂ' ਵਿਚ ਇਕੱਲੇ ਆਉਣ ਵਾਲੇ ਸਨ, ਪਰ ਉਹ ਫਿਲਮ ਅਟਕ ਗਈ ਹੈ। ਦਿਲਚਸਪ ਗੱਲ ਇਹ ਹੈ ਕਿ ਦੋਵੇਂ ਫਿਲਮਾਂਵਿਚ ਭੂਮੀ ਅਤੇ ਅਯੁਸ਼ਮਾਨ ਦੇ ਕਿਰਦਾਰਾਂ ਦੀ ਮੈਰੀਟਲ ਲਾਈਫਦਿਖਾਈ ਗਈ ਹੈ, ਸਮੱਸਿਆਵਾਂ ਅਲੱਗ-ਅਲੱਗ ਹਨ।




**ਰਣਵੀਰ ਅਤੇ ਦੀਪਿਕਾ**

ਰਣਵੀਰ ਸਿੰਘ ਅਤੇ ਦੀਪਿਕਾ ਪਾਦੂਕੋਨ ਦੀ ਜੋੜੀ ਰੀਅਲ ਅਤੇ ਰੀਲ ਲਾਈਫ ਵਿਚ ਹਿੱਟ ਰਹੀ ਹੈ। ਦੋਵੇਂ ਪਹਿਲੀ ਵਾਰ 'ਗੋਲੀਆਂ ਕੀ ਰਾਸਲੀਲਾ-ਰਾਮਲੀਲਾ' ਵਿਚ ਇਕੱਠੇ ਆਏ ਸਨ। ਫਿਰ 'ਬਾਜੀਰਾਓ ਮਸਤਾਨੀ' ਕਾਮਯਾਬ ਰਹੀ ਅਤੇ ਹੁਣ 'ਪਦਮਾਵਤੀ' ਵਿਚ ਰਣਵੀਰ-ਦੀਪਿਕਾ ਨਾਲ ਆਉਣ ਵਾਲੇ ਹਨ।



**ਸ਼ਾਹਰੁਖ ਖਾਨ ਅਤੇ ਦੀਪਿਕਾ**

ਸ਼ਾਹਰੁਖ ਖਾਨ ਦੇ ਨਾਲ ਵੀ ਦੀਪਿਕਾ ਪਾਦੂਕੋਨ ਦਾ ਸਕੋਰ 100 ਫੀਸਦੀ ਹੈ। ਦੀਪਿਕਾ ਨੇ ਕਿੰਗ ਖਾਨ ਦੇ ਨਾਲ 'ਓਮ ਸ਼ਾਂਤੀ ਓਮ' ਤੋਂ ਬਾਲੀਵੁੱਡ ਵਿਚ ਕੈਰੀਅਰ ਆਰੰਭ ਕੀਤਾ ਸੀ। ਇਸ ਤੋਂ ਬਾਅਦ ਚੇਨਈ ਐਕਸਪ੍ਰੈਸ ਅਤੇ ਹੈਪੀ ਨਿਊ ਈਅਰ ਵਿਚ ਵੀ ਸ਼ਾਹਰੁਖ-ਦੀਪਿਕਾ ਦੀ ਜੋੜੀ ਹਿੱਟ ਰਹੀ।



**ਕਾਜੋਲ ਅਤੇ ਸ਼ਾਹਰੁਖ ਖਾਨ**

ਕਾਜੋਲ ਅਜਿਹੀ ਅਭਿਨੇਤਰੀ ਹੈ, ਜਿਹਨਾਂ ਦੇ ਨਾਲ ਸ਼ਾਹਰੁਖ ਦੀ ਜੋੜੀ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ। ਬਾਜੀਗਰ ਵਿਚ ਦੋਵਾਂ ਨੇ ਪਹਿਲੀ ਵਾਰ ਇਕੱਠਿਆਂ ਕੰਮ ਕੀਤਾ। ਬਾਅਦ ਵਿਚ 'ਦਿਲਵਾਲੇ ਦੁਲਹਨੀਆ ਲੇ ਜਾਏਂਗੇ' ਵਰਗੀ ਕਲਟ ਕਲਾਸਿਕ ਫਿਲਮ ਸ਼ਾਹਰੁਖ-ਕਾਜੋਲ ਨੇ ਦਿੱਤੀ। ਦੋਵੇਂ 'ਮਾਈ ਨੇਮ ਇਜ਼ ਖਾਨ' ਵਿਚ ਆਖਰੀ ਵਾਰ ਇਕੱਠੇ ਨਜ਼ਰ ਆਏ।



**ਕੈਟਰੀਨਾ ਅਤੇ ਅਕਸ਼ੈ ਕੁਮਾਰ**

ਕੈਟਰੀਨਾ ਕੈਫ ਨੇ ਆਪਣੇ ਦੌਰ ਦੇ ਲੱਗਭੱਗ ਸਾਰੇ ਵੱਡੇ ਕਲਾਕਾਰਾਂ ਦੇ ਨਾਲ ਜੋੜੀ ਬਣਾਈ ਹੈ। ਇਹਨਾਂ ਵਿਚੋਂ ਅਕਸ਼ੈ ਕੁਮਾਰ ਦੇ ਨਾਲ ਉਹਨਾਂ ਦੀ ਖ਼ੂਬ ਬਣੀ ਅਤੇ ਜਮੀ ਵੀ। ਦੋਵਾਂ ਨੇ 'ਨਮਸਤੇ ਲੰਡਨ, ਸਿੰਘ ਇਜ਼ ਕਿੰਗ ਅਤੇ ਵੈਲਕਮ' ਵਰਗੀਆਂ ਕਾਮਯਾਬ ਫਿਲਮਾਂ ਦਿੱਤੀਆਂ ਹਨ।



**ਰਿਤਿਕ ਰੌਸ਼ਨ ਅਤੇ ਕਰੀਨਾ**

ਰਿਤਿਕ ਰੌਸ਼ਨ ਦੇ ਨਾਲ ਵੀ ਕੈਟਰੀਨਾ ਦੀ ਕਾਮਯਾਬੀ ਦਾ ਅੰਕੜਾ ਦਮਦਾਰ ਹੈ। ਦੋਵਾਂ ਨੇ ਪਹਿਲੀ ਵਾਰ 'ਜ਼ਿੰਦਗੀ ਨਾ ਮਿਲੇਗੀ ਦੁਬਾਰਾ' ਵਿਚ ਕੰਮ ਕੀਤਾ, ਜੋ ਕਾਮਯਾਬ ਰਹੀ। ਇਸ ਤੋਂ ਬਾਅਦ ਐਕਸ਼ਨ ਫਿਲਮ 'ਬੈਂਗ ਬੈਂਗ' ਵਿਚ ਰਿਤਿਕ-ਕੈਟਰੀਨਾ ਦੇ ਨਾਲਆਏ, ਜੋ ਵਪਾਰ ਪੱਖੋਂ ਕਾਮਯਾਬ ਰਹੀ।



**ਅਨਿਲ ਕਪੂਰ ਅਤੇ ਮਾਧੁਰੀ ਦੀਕਸ਼ਿਤ**

ਅਨਿਲ ਕਪੂਰ ਅਤੇ ਮਾਧੁਰੀ ਦੀਕਸ਼ਿਤ ਨੇ 90 ਦੇ ਦਹਾਕੇ ਵਿਚ ਕਈ ਹਿੱਟ ਫਿਲਮਾਂ ਵਿਚ ਕੰਮ ਕੀਤਾ। ਦੋਵੇਂ ਪਹਿ-ਲੀਵਾਰ 1987 ਦੀ ਫਿਲਮ 'ਹਿਫਾਜ਼ਤ' ਵਿਚ ਇਕੱਠੇ ਆਏ, ਪਰ 1988 ਦੀ ਫਿਲਮ 'ਤੇਜਾਬ' ਦੀ ਜਬਰਦਸਤ ਕਾਮਯਾਬੀ ਨੇ ਇਹਨਾਂ ਦੀ ਜੋੜੀ ਨੂੰ ਮਜਬੂਤੀ ਦਿੱਤੀ। ਅਨਿਲ-ਮਾਧੁਰੀ ਨੇ ਬਾਅਦ ਵਿਚ 'ਰਾਮ ਲਖਨ, ਬੇਟਾ ਅਤੇ ਪਰਿੰਦਾ' ਵਰਗੀਆਂ ਫਿਲਮਾਂ ਦਿੱਤੀਆਂ।



**ਆਮਿਰ ਖਾਨ ਅਤੇ ਜੂਹੀ ਚਾਵਲਾ**

ਇਸੇ ਸਮੇਂ ਵਿਚ ਆਮਿਰ ਖਾਨ ਅਤੇ ਜੂਹੀ ਚਾਵਲਾ ਪਹਿਲੀ ਵਾਰ 'ਕਿਆਮਤ ਸੇ ਕਿਆਮਤ ਤੱਕ' ਫਿਲਮ ਵਿਚ ਆਏ। ਇਹ ਫਿਲਮ ਸੁਪਰ ਹਿੱਟ ਰਹੀ। ਦੋਵਾਂ ਨੇ ਬਾਅਦ ਵਿਚ ਕਈ ਕਾਮਯਾਬ ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ।



**ਜਤਿੰਦਰ ਅਤੇ ਸ਼੍ਰੀਦੇਵੀ**

80 ਦੇ ਦਹਾਕੇ ਵਿਚ ਜਤਿੰਦਰ ਅਤੇ ਸ਼੍ਰੀਦੇਵੀ ਦੀ ਜੋੜੀ ਵੀ ਕਾਫੀ ਹਿੱਟ ਰਹੀ ਸੀ। 'ਤੋਹਫਾ' ਅਤੇ 'ਹਿੰਮਤਵਾਲਾ' ਵਰਗੀਆਂ ਫਿਲਮਾਂ ਦੇ ਜ਼ਰੀਏ ਦਰਸ਼ਕਾਂ ਨੇ ਇਹਨਾਂ ਦੀ ਅਦਾਕਾਰੀ ਦਾ ਆਨੰਦ ਉਠਾਇਆ ਸੀ। ਇਹਨਾਂ ਦੀਆਂ ਕਈ ਫਿਲਮਾਂ ਕਾਮਯਾਬ ਰਹੀਆਂ।



**ਧਰਮਿੰਦਰ ਅਤੇ ਹੇਮਾ**

ਧਰਮਿੰਦਰ ਅਤੇ ਹੇਮਾ ਮਾਲਿਨੀ ਇਕ ਦੌਰ ਵਿਚ ਇਕ-ਦੂਜੇ ਲਈ ਬਣੇ ਜਾਪਦੇ ਸਨ। ਇਹਨਾਂ ਦੀ ਪ੍ਰੇਮ ਕਹਾਣੀ ਆਨ ਐਂਡ ਆਫ ਸਕ੍ਰੀਨ ਖ਼ੂਬ ਚੱਲੀ। ਧਰਮਿੰਦਰ ਅਤੇ ਹੇਮਾ ਹਿੰਦੀ ਸਿਨੇਮਾ ਦੇ ਸਭ ਦੀਆਂ ਸਭ ਤੋਂ ਖ਼ੂਬਸੂਰਤ ਜੋੜੀਆਂ ਵਿਚ ਸ਼ਾਮਲ ਹਨ। ਕਈ ਹਿੱਟ ਫਿਲਮਾਂ ਵਿਚ ਵੀਰੂ-ਬਸੰਤੀ ਦੀ ਜੋੜੀ ਨੇ ਆਪਣੀ ਅਦਾਕਾਰਾ ਨਾਲ ਲੋਕਾਂ ਦਾ ਮਨੋਰੰਜਨ ਕੀਤਾ ਅਤੇ ਫਿਰ ਵਿਆਹ ਬੰਧਨ ਵਿਚ ਵੀ ਬੱਝੇ।



**ਅਮਿਤਾਬ ਅਤੇ ਰੇਖਾ**

ਅਮਿਤਾਬ ਬਚਨ ਅਤੇ ਰੇਖਾ ਦੀ ਜੋੜੀ 70 ਅਤੇ 80 ਦੇ ਦਹਾਕੇ ਵਿਚ ਆਨ ਸਕ੍ਰੀਨ ਬਹੁਤ ਹਿੱਟ ਰਹੀ ਅਤੇ ਕਈ ਕਾਮਯਾਬ ਫਿਲਮਾਂ ਵਿਚ ਦੋਵੇਂ ਇਕੱਠੇ ਆਏ, ਪਰ ਨਿੱਜੀ ਜੀਵਨ ਵਿਚ ਵਿਗੜੇ ਸਮੀਕਰਨ ਨੇ ਅਮਿਤਾਰ-ਰੇਖਾ ਦੀ ਜੋੜੀ ਦਾ ਸਿਲਸਿਲਾ ਤੋੜ ਦਿੱਤਾ।



**ਰਾਜੇਸ਼ ਖੰਨਾ ਅਤੇ ਸ਼ਰਮੀਲਾ ਟੈਗੋਰ**

70 ਦੇ ਦਹਾਕੇ ਵਿਚ ਰਾਜੇਸ਼ ਖੰਨਾ ਬਾਰੇ ਕਿਹਾ ਜਾਂਦਾ ਸੀ- ਉਪਰ ਆਕਾ, ਨੀਚੇ ਕਾਕਾ। ਉਹਨਾਂ ਦੇ ਸਟਾਰਡਮ ਦੇ ਅੱਗੇ ਵੱਡੇ-ਵੱਡੇ ਸਟਾਰ ਫਿੱਕੇ ਹੋ ਗਏ ਸਨ। ਆਪਣੀਆਂ ਫਿਲਮਾਂ ਦੇ ਜ਼ਰੀਏ ਕਾਕਾ ਨੇ ਪਰਦੇ ਤੋਂ ਲੈ ਕੇ ਦਿਲਾਂ ਤੱਕ ਰਾਜ ਕੀਤਾ ਅਤੇ ਉਹਨਾਂ ਦੀ ਇਸ ਸ਼ੋਹਰਤ ਵਿਚ ਸ਼ਰਮੀਲਾ ਟੈਗੋਰ ਦਾ ਨਾਂ ਜ਼ਰੂਰ ਲਿਆ ਜਾਵੇਗਾ, ਜਿਹਨਾਂ ਦੇ ਨਾਲ ਰਾਜੇਸ਼ ਖੰਨਾ ਨੇ 'ਅਰਾਧਨਾ, ਅਮਰ ਪ੍ਰੇਮ, ਦਾਗ ਅਤੇ ਸਫਰ' ਵਰਗੀਆਂ ਫਿਲਮਾਂ ਵਿਚ ਕੰਮ ਕੀਤਾ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing


AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
## WASH, LUBE, BRAKES

Call:

650-642-0697

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

## ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਇੰਡੋ-ਅਮੈਰਿਕਨ ਕਲਚਰਲ ਅਰਗੇਨਾਈਜੇਸ਼ਨ ਕੈਲੀਫੋਰਨੀਆ ਯੂ.ਐਸ.ਏ.

ਸਾਰੀ ਖਲਕ ਖਦਾਇ ਬੇਦਾਰ ਬੈਠੀ, ਸੁੱਤਾ ਜਾਗਦਾ ਹਿੰਦੋਸਤਾਨ ਕਿਉਂ ਨੀ

## ਪਹਿਲੇ ਲਾਹੌਰ ਸਾਜਿਸ਼ ਕੇਸ ਸਪਲੀਮੈਂਟਰੀ 1917 ਈ ਦੇ ਸ਼ਹੀਦਾਂ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ


ਭਾਈ ਬਲਵੰਤ ਸਿੰਘ ਖੁਰਦਪੁਰ


ਹਾਫ਼ਜ਼ ਅਬਦੁਲਾ (ਜਗਰਾਵਾਂ)


ਜਵੰਦ ਸਿੰਘ ਨੰਗਲ


ਹਰਨਾਮ ਸਿੰਘ ਨਾਮਾ ਫਾਂਸੀਵਾਲਾ


ਡਾ. ਮਥਰਾ ਸਿੰਘ


ਅਰੂੜ ਸਿੰਘ ਸੰਘਵਾਲ

ਤੇ ਹੋਰ ਗਦਰੀ ਸ਼ਹੀਦ

## ਐਤਵਾਰ 8 ਅਕਤੂਬਰ 2017

*(ਦੁਪਹਿਰ 12 ਵਜੇ ਤੋਂ 8 ਵਜੇ ਤੱਕ)*

**ਸਥਾਨ: ਐਸ. ਈ. ਐਸ. ਹਾਲ**
10428 ਈਸਟ ਸਟਾਕਟਨ ਬੁਲੇਵਾਰਡ ਐਲਕ ਗਰੋਵ
ਸੈਕਰਾਮੈਂਟੋ, ਕੈਲੀਫੋਰਨੀਆ 95624

**ਜੁੜਦੇ ਹੋਏ ਲਹੂ ਦਾ ਕਿੱਸਾ ਸੁਣਾਉਂਦੇ ਰਹੀਦਾ। ਪੌਣ ਦੀ ਝੋਲੀ ਵਿਚ ਖੁਸ਼ਬੂ ਗੀਤ ਗਾਉਂਦੇ ਰਹੀਦਾ।**

ਸਤਿਕਾਰਯੋਗ ਭੈਣੋ ਤੇ ਭਰਾਓ, 2017 ਦਾ ਵਰ੍ਹਾ ਗਦਰ ਪਾਰਟੀ ਦੇ ਉਨ੍ਹਾਂ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਖਾਤਰ ਹੱਸ ਹੱਸ ਫਾਂਸੀ ਦੇ ਰੱਸੇ ਚੁੰਮੇ, ਤਸ਼ੱਦਦ ਸਹੇ, ਕੈਦਾਂ ਕੱਟੀਆਂ, ਕਾਲੇ ਪਾਣੀ ਦੇ ਦੁੱਖ ਭੋਗੇ ਅਤੇ ਜਾਇਦਾਦਾਂ ਜ਼ਬਤ ਕਰਵਾਈਆਂ। ਇਨ੍ਹਾਂ ਦੀਆਂ ਕੁਰਬਾਨੀਆਂ ਨੇ ਭਾਰਤੀ ਉਪ ਮਹਾਂਦੀਪ ਦੇ ਜਨ ਸਮੂਹਾਂ ਦੇ ਦਿਲਾਂ ਵਿਚ ਆਜ਼ਾਦੀ ਲਈ ਤੜਪ ਪੈਦਾ ਕੀਤੀ ਅਤੇ ਕੌਮੀ ਮੁਕਤੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਸਾਰੀਆਂ ਭਰਾਤਰੀ ਤੇ ਸਮਾਜਿਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਆਓ! ਸਾਰੇ ਰਲ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ।



### ਪਹੁੰਚ ਰਹੇ ਕਲਾਕਾਰ

ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ, ਪੰਮੀ ਮਾਨ, ਪੂਨਮ ਮਲਹੋਤਰਾ, ਜੀਵਨ ਰੱਤੂ ਤੇ ਹੋਰ ਕਲਾਕਾਰ।
ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜੱਥਾ ਵਾਰਾਂ ਪੇਸ਼ ਕਰੇਗਾ।

### ਪੁੱਜ ਰਹੀਆਂ ਸ਼ਖਸੀਅਤਾਂ

ਕਿਰਪਾਲ ਸਿੰਘ ਸੰਧੂ
ਦਲਵਿੰਦਰ ਸਿੰਘ ਧੂਤ
ਬੀਬੀ ਕਰਨੈਲ ਕੌਰ ਈਸੜੂ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ।*

*ਖਾਣਾ, ਪਾਰਕਿੰਗ ਤੇ ਦਾਖ਼ਲਾ ਮੁਫ਼ਤ ਹੋਵੇਗਾ।*

*ਭੰਗੜੇ ਤੇ ਗਿੱਧੇ ਦੀਆਂ ਟੀਮਾਂ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਹੋਣਗੀਆਂ।*


ਪ੍ਰਧਾਨ ਸੁਰਿੰਦਰ ਸਿੰਘ ਬਿੰਦਰਾ
ਫੋਨ: 916-420-2390

ਸਕੱਤਰ ਗਿਆਨ ਸਿੰਘ ਬਿਲਗਾ
ਫੋਨ: 661-397-7330

ਖਜ਼ਾਨਚੀ ਜਗਜੀਤ ਸਿੰਘ ਗਿੱਲ
ਫੋਨ: 209-985-1552

ਸਮਿੱਤਰ ਸਿੰਘ ਉਪਲ
ਫੋਨ: 530-695-1716

ਬਲਬਿੰਦਰ ਸਿੰਘ ਭੱਟੀ
ਫੋਨ: 209-480-2275

ਬਲਵੰਤ ਬਾਂਕਾ
ਫੋਨ: 916-271-4216


**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਕਸ਼ਮੀਰ ਸਿੰਘ ਕਾਂਗਣਾ, ਹਰਪਾਲ ਸੰਘਾ, ਮਲਕੀਅਤ ਬੈਂਸ, ਸੁਰਿੰਦਰ ਗਿੱਲ, ਅਮਰਜੀਤ ਰਾਏ, ਕਰਮਜੀਤ ਸਿੰਘ ਕੰਗ, ਸਵਰਨ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਭੋਗਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਅਵਤਾਰ ਸਿੰਘ ਡੇਡ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਟਾ, ਫਰੈਂਕ ਜੌਹਨਸਨ, ਜਸਵਿੰਦਰ ਸੰਧੂ, ਪਰਮਪ੍ਰੀਤ ਬਿੰਦਰਾ (ਅਟਾਰਨੀ ਐਟ ਲਾਅ), ਹਰਪ੍ਰੀਤ ਗਿੱਲ, ਕੇਵਲ ਬੋਲੀਨਾ, ਡਾ. ਹਰਪ੍ਰੀਤ ਕੰਦੋਲਾ, ਗੁਰਪ੍ਰੀਤ ਗਿੱਲ, ਅਭੀਜੀਤ ਖੁਲਰ, ਬਲਜੀਤ ਬਿੰਦਰਾ, ਗਗਨਦੀਪ ਬਿੰਦਰਾ, ਸਰਬਜੀਤ ਸੂਰ, ਸੁਖਦੀਪ ਸੋਹਲ, ਸੁਖਦੇਵ ਸਿੰਘ ਬਾਜਵਾ (ਫਰਿਜ਼ਨੋ)।

**ਸਪਾਂਸਰ:** ਗੁਰਚਰਨ ਸਿੰਘ ਰੋਕਤ, ਜਗਦੀਸ਼ ਖੰਗੁੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੇਪਾਰਾਏ, ਸਿਕੰਦਰ ਸਿੰਘ ਜੰਸਤ, ਗੁਰਚਰਨ ਸਿੰਘ ਬੈਂਸ, ਇੰਡਸ ਵੈਲੀ ਚੈਂਬਰ ਆਫ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਾਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬਤ, ਐਸ.ਪੀ. ਸਿੰਘ, ਗਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੌਰਕਾਲ ਸਿਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੇਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਕੰਗ, ਡਾ. ਸੁਖਦੀਪ ਸਿੰਘ ਸੰਧੂ ਅਤੇ ਪਰਿਵਾਰ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਟ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਦਿਲੋਂ, ਬਖ਼ਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੋਲਡਨ ਸਟੇਟ ਇੰਕ, ਪਾਲ ਲਿਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਬਿੰਦ, ਭਾਖੜੀ ਲਾਅ ਫਰਮ, ਸਾਬੀ ਸਿੰਘ ਟਰੱਕਿੰਗ, ਸੋਢੀ ਸਵਾਜਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ. ਜੇ. ਜੀ. ਐਸ. ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ, ਸਤਵੀਰ ਬੈਂਸ (ਰਾਇਲ ਟਰੱਕਿੰਗ), ਵੈਨਕੋ ਟਰੱਕ ਸਟਾਪ, ਸਿਟੀ ਮਾਰਕਿਟ ਬਲੈਰੋ ਸਟੇਸ਼ਨ, ਦਲਬੀਰ ਗਿੱਲ, ਗੋਲਡਨ ਪੈਸੇਫਿਕ ਟਰੱਕਿੰਗ, ਗੁਰਦਿਆਲ ਸਿੰਘ ਧਾਮੀ, ਔਜਲਾ ਟਰੱਕਿੰਗ, ਜਗਜੀਤ ਸਿੰਘ ਰੱਕੜ ਲੈਥਰੋਪ, ਮਲਾਗਰ ਸਿੰਘ ਖਹਿਰਾ, ਸੈਕਰਾਮੈਂਟੋ ਵੈਲੀ ਟਰੱਕ ਸਟਾਪ, ਇੰਦਰਜੀਤ ਸਿੰਘ ਬਾਂਦੀ, ਚੜ੍ਹਦਾ ਪੰਜਾਬ ਕਲੱਬ-ਸੈਕਰਾਮੈਂਟੋ, ਕੇਵਲ ਸਿੰਘ ਸਿੱਧੂ, ਜਸਮੇਲ ਸਿੰਘ ਚਿੱਟੀ (5 ਸਟਾਰ ਟੋਇੰਗ), ਹਰਨੇਕ ਸਿੰਘ, ਯੂ ਐਸ ਏ ਸਟਾਰ ਵਨ ਗੈਸੋਲੀਨ, ਧਾਮੀ ਬ੍ਰਦਰਜ਼।

Video & Photography: Shiara Singh Dhindsa, Omni Video 661-703-6664, www.omnivideousa.com